@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 30 August 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 30 ਅਗਸਤ 2024, 14 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 294, qpatrika@gmail.com ਫੋਨ : 9971359517 www.qaumipatrika.org

# 'ਸਾਨੂੰ ਲਾਲ ਅੱਖਾਂ ਨਾ ਦਿਖਾਓ', ਮਮਤਾ ਦੇ ਬਿਆਨ 'ਤੇ ਸਰਮਾ ਦਾ ਪਲਟਵਾਰ

**ਸਿੰਮੀ ਕੌਰ ਬੱਬਰ**

ਨੈਸਨਲ ਡੈਸਕ 29 ਅਗਸਤ। ਅਸਾਮ ਦੇ ਮੁੱਖ ਮੰਤਰੀ ਹਿੰਮਤ ਬਿਸਵਾ ਸਰਮਾ ਨੇ ਬੁੱਧਵਾਰ ਨੂੰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 'ਤੇ ਤਿੱਖਾ ਨਿਸਾਨਾ ਸਾਧਿਆ। ਸਰਮਾ ਨੇ ਮਮਤਾ ਬੈਨਰਜੀ ਦੀ ਉਸ ਟਿੱਪਣੀ 'ਤੇ ਪ੍ਰਤੀਕਿਰਿਆ ਦਿੱਤੀ, ਜਿਸ ਵਿਚ ਉਨ੍ਹਾਂ ਨੇ ਕੋਲਕਾਤਾ ਵਿਚ ਵਿਰੋਧ ਪ੍ਰਦਰਸ਼ਨਾਂ ਦੀ ਤੁਲਨਾ ਬੰਗਲਾਦੇਸ ਸੰਕਟ ਕਰਦੇ ਹੋਏ ਕਿਹਾ ਸੀ ਕਿ ਜੇ ਬੰਗਾਲ ਸੜੇਗਾ ਤਾਂ ਅਸਮ ਤੇ ਦਿੱਲੀ ਵੀ ਸੜਣਗੇ। ਮਮਤਾ ਦੇ ਬਿਆਨ 'ਤੇ ਪਲਟਵਾਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਦੀਦੀ, ਤੁਹਾਡੀ ਆਸਾਮ ਨੂੰ ਧਮਕੀ ਦੇਣ ਦੀ ਹਿੰਮਤ ਕਿਵੇਂ ਹੋਈ? ਅਸਾਮ ਦੇ ਮੁੱਖ ਮੰਤਰੀ ਨੇ ਟਵਿੱਟਰ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਦੀਦੀ, ਤੁਹਾਡੀ ਅਸਾਮ ਨੂੰ ਧਮਕੀ ਦੇਣ ਦੀ ਹਿੰਮਤ ਕਿਵੇਂ ਹੋਈ? ਸਾਨੂੰ ਲਾਲ ਅੱਖਾਂ ਨਾ ਦਿਓ। ਆਪਣੀ ਅਸਫਲਤਾ ਦੀ ਰਾਜਨੀਤੀ ਨਾਲ ਭਾਰਤ ਨੂੰ ਸਾੜਨ ਦੀ ਕੋਸ?ਿਸ ਵੀ ਨਾ ਕਰੋ। ਵੰਡਣ ਵਾਲੀ ਭਾਸਾ ਬੋਲਣਾ ਤੁਹਾਨੂੰ ਸ਼ੋਭਾ ਨਹੀਂ ਦਿੰਦਾ। ਇਸ ਤੋਂ ਪਹਿਲਾਂ ਅੱਜ ਕੋਲਕਾਤਾ ਵਿਚ ਇੱਕ ਜਨ ਸਭਾ ਵਿਚ ਬੋਲਦਿਆਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦਾਅਵਾ ਕੀਤਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲਕਾਤਾ ਵਿਚ ਇੱਕ ਮਹਿਲਾ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ ਦੀ ਘਟਨਾ ਨੂੰ ਲੈ ਕੇ ਬੰਗਾਲ ਨੂੰ ਸਾੜਨ ਲਈ ਆਪਣੀ ਪਾਰਟੀ ਦੀ ਵਰਤੋਂ ਕਰ ਰਹੇ ਹਨ ਜੇਕਰ



ਤੁਸੀਂ ਬੰਗਾਲ ਨੂੰ ਸਾੜਦੇ ਹੋ ਤਾਂ ਅਸਾਮ, ਉੱਤਰ-ਪੂਰਬ, ਉੱਤਰ ਪ੍ਰਦੇਸ, ਬਿਹਾਰ, ਝਾਰਖੰਡ, ਉੜੀਸਾ ਅਤੇ ਦਿੱਲੀ ਸਮੇਤ ਹੋਰ ਰਾਜ ਵੀ ਸੜ ਜਾਣਗੇ ਅਤੇ ਤੁਹਾਡੀ ਕੁਰਸੀ ਡਿੱਗ ਜਾਵੇਗੀ। ਮਮਤਾ ਬੈਨਰਜੀ ਨੇ ਕਿਹਾ ਕਿ ਕੁਝ ਲੋਕ ਸੋਚਦੇ ਹਨ ਕਿ ਇਹ ਬੰਗਲਾਦੇਸ ਹੈ। ਮੈਂ ਬੰਗਲਾਦੇਸ ਨੂੰ ਪਿਆਰ ਕਰਦੀ ਹਾਂ, ਉਹ ਸਾਡੇ ਵਾਂਗ ਬੋਲਦੇ ਹਨ ਅਤੇ ਸਾਡੇ ਸੱਭਿਆਚਾਰ ਨੂੰ ਸਾਂਝਾ ਕਰਦੇ ਹਨ। ਪਰ ਯਾਦ ਰੱਖੋ ਕਿ ਬੰਗਲਾਦੇਸ ਇੱਕ ਵੱਖਰਾ ਦੇਸ ਹੈ ਅਤੇ ਭਾਰਤ ਇੱਕ ਵੱਖਰਾ ਦੇਸ ਹੈ। ਮੋਦੀ ਬਾਬੂ ਇੱਥੇ ਅੱਗ ਲਗਾਉਣ ਲਈ ਆਪਣੀ ਪਾਰਟੀ ਦਾ ਇਸਤੇਮਾਲ ਕਰ ਰਹੇ ਹਨ। ਜੇ ਤੁਸੀਂ ਬੰਗਾਲ ਨੂੰ ਸਾੜਦੇ ਹੋ ਤਾਂ ਅਸਾਮ, ਉੱਤਰ-ਪੂਰਬ, ਬਿਹਾਰ, ਉੜੀਸਾ ਅਤੇ ਦਿੱਲੀ ਵੀ ਸੜ ਜਾਣਗੇ! ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਅਹਾਤੇ ਵਿਚ ਇੱਕ ਮਹਿਲਾ ਸਿਖਿਆਰਥੀ ਡਾਕਟਰ ਦੇ ਬੇਰਹਿਮੀ ਨਾਲ ਬਲਾਤਕਾਰ ਅਤੇ ਹੱਤਿਆ ਨੇ ਦੇਸ ਭਰ ਵਿਚ ਰੋਸ ਫੈਲਾ ਦਿੱਤਾ ਹੈ। ਇਸ ਘਟਨਾ ਨੇ ਪੂਰੇ ਦੇਸ ਨੂੰ ਝੰਜੋੜ ਕੇ ਰੱਖ ਦਿੱਤਾ ਸੀ ਅਤੇ ਉਦੋਂ ਤੋਂ ਪੀੜਤ ਲਈ ਇਨਸਾਫ ਦੀ ਮੰਗ ਨੂੰ ਲੈ ਕੇ ਕਈ ਪ੍ਰਦਰਸਨ ਕੀਤੇ ਗਏ ਹਨ। ਪੱਛਮੀ ਬੰਗਾਲ ਜੂਨੀਅਰ ਡਾਕਟਰਜ ਫੋਰਮ ਨੇ ਅੱਜ ਕੋਲਕਾਤਾ ਵਿਚ ਰੋਸ ਰੈਲੀ ਕੀਤੀ ਅਤੇ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਦੁਖਦਾਈ ਬਲਾਤਕਾਰ ਅਤੇ ਕਤਲ ਕਰਨ ਵਾਲੇ ਸਿਖਿਆਰਥੀ ਡਾਕਟਰ ਲਈ ਇਨਸਾਫ ਦੀ ਮੰਗ ਕੀਤੀ। ਇਹ ਰੈਲੀ ਬੁੱਧਵਾਰ ਨੂੰ ਪੱਛਮੀ ਬੰਗਾਲ ਵਿਚ ਭਾਜਪਾ ਦੁਆਰਾ ਬੁਲਾਏ ਗਏ 12 ਘੰਟੇ ਦੇ ਬੰਗਲਾ ਬੰਦ ਦੇ ਨਾਲ ਮੇਲ ਖਾਂਦੀ ਹੈ, ਜਿਸਦਾ ਉਦੇਸ ਬਿਹਤਰ ਸੁਰੱਖਿਆ ਉਪਾਵਾਂ ਤੇ ਤੇਜ ਨਿਆਂ ਦੀ ਜਰੂਰਤ ਨੂੰ ਲੈ ਕੇ ਡਾਕਟਰੀ ਭਾਈਚਾਰੇ ਵਿਚ ਵੱਧ ਰਹੀ ਨਿਰਾਸਾ ਨੂੰ ਉਜਾਗਰ ਕਰਨਾ ਹੈ।

# ਡਿੰਪੀ ਢਿੱਲੋਂ ਦੇ 'ਆਪ' 'ਚ ਸ਼ਾਮਲ ਹੋਣ 'ਤੇ ਮੁੱਖ ਮੰਤਰੀ ਮਾਨ ਦਾ ਵੱਡਾ ਬਿਆਨ

ਜਲੰਧਰ/ਗਿੱਦੜਬਾਹਾ 29 ਅਗਸਤ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਹਰਦੀਪ ਸਿੰਘ ਡਿੰਪੀ ਢਿੱਲੋਂ ਅੱਜ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਰਦੀਪ ਸਿੰਘ ਢਿੱਲੋਂ ਦਾ ਪਾਰਟੀ ਵਿਚ ਸੁਆਗਤ ਕਰਦੇ ਹੋਏ ਕਿਹਾ ਕਿ ਰੰਗਲੇ ਪੰਜਾਬ ਦੇ ਪਰਿਵਾਰ ਵਿਚ ਸਾਰਿਆਂ ਦਾ ਸੁਆਗਤ ਹੈ। ਉਨ੍ਹਾਂ ਕਿਹਾ ਕਿ ਡਿੰਪੀ ਢਿੱਲੋਂ ਨੂੰ ਪਾਰਟੀ ਵਿਚ ਦੁੱਗਣਾ-ਤਿਗੁਣਾ ਮਾਣ ਦਿੱਤਾ ਜਾਵੇਗਾ। ਚੰਗੀ ਨੀਅਤ ਵਾਲਾ ਲੀਡਰ ਵਰਕਰਾਂ ਵਿਚ ਜਾਨ ਵੇਖਦਾ ਹੈ। ਹਰਦੀਪ ਸਿੰਘ ਡਿੰਪੀ ਢਿੱਲੋਂ ਹੁਣ ਆਮ ਆਦਮੀ ਪਾਰਟੀ ਵਿਚ ਆ ਚੁੱਕੇ ਹਨ ਅਤੇ ਹੁਣ ਅਗਲੀ ਵੱਡੀ ਜ?ਿਮੇਵਾਰੀ ਨੂੰ ਨਿਭਾਉਣ ਲਈ ਤਿਆਰ ਰਹਿਣ। ਡਿੰਪੀ ਹੁਣ ਆਪਣਾ ਇਕ ਨਕਸ਼ਾ ਬਣਾ ਲੈਣ। ਵੱਡੀਆਂ-ਵੱਡੀਆਂ ਜ?ਿਮੇਵਾਰੀਆਂ ਉਨ੍ਹਾਂ ਦੀ ਉਡੀਕ ਕਰ ਰਹੀਆਂ ਹਨ। ਵਿਧਾਨ ਸਭਾ ਚੋਣਾਂ ਦੌਰਾਨ ਮਿਲੀ ਭਾਰੀ ਜਿੱਤ ਦਾ ਜ?ਿਕਰ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਸਾਡੇ ਨੌਜਵਾਨ ਉਮੀਦਵਾਰਾਂ ਦੀ ਜਿੱਤ ਹੋਈ। ਜੀਵਨਜੋਤ ਕੌਰ ਨੇ ਨਵਜੋਤ ਸਿੰਘ ਸਿੱਧੂ ਅਤੇ ਬਿਕਰਮ ਸਿੰਘ ਮਜੀਠੀਆ ਵਰਗੇ ਲੀਡਰਾਂ ਨੂੰ ਹਰਾਇਆ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਗਿੱਦੜਬਾਹਾ ਤੋਂ ਵਿਧਾਨ ਸਭਾ ਚੋਣ ਲੜਨ ਦੀ ਚੁਣੌਤੀ ਵੀ



ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ 10 ਪਿੰਡਾਂ ਦੇ ਨਾਂ ਗਿਣ ਕੇ ਵਿਖਾ ਦੇਣ ਤਾਂ ਉਹ ਸਿਰਫ ਇਹੀ ਕਹਿਣਗੇ ਕਿ ਗਿੱਦੜਬਾਹਾ ਅਤੇ 9 ਹੋਰ। ਅੱਗੇ ਬੋਲਦਿਆਂ ਭਗਵੰਤ ਮਾਨ ਨੇ ਕਿਹਾ ਕਿ ਮੈਂ ਇਸ ਇਲਾਕੇ ਦੇ ਪਿੰਡਾਂ ਦੀ ਫਿਰਨੀਆਂ ਵੀ ਜਾਣਦਾ ਹਾਂ। ਡਿੰਪੀ ਢਿੱਲੋਂ ਨਾਲ ਮੇਰੀ ਪਰਿਵਾਰਕ ਸਾਂਝ ਹੈ।

## ਭਰਤੀਆਂ ਰੁਕਣ ਤੋਂ ਨਾਰਾਜ ਨੌਜਵਾਨਾਂ ਨੇ ਹੁੱਡਾ ਦੇ ਘਰ ਦਾ ਕੀਤਾ ਘਿਰਾਓ

ਹਰਿਆਣਾ 29 ਅਗਸਤ। ਹਰਿਆਣਾ 'ਚ ਭਰਤੀਆਂ ਰੁਕਣ ਤੋਂ ਨਾਰਾਜ ਨੌਜਵਾਨਾਂ ਦਾ ਅੱਜ ਵਿਰੋਥ ਪ੍ਰਦਰਸ਼ਨ ਦੇਖਣ ਨੂੰ ਮਿਲਿਆ। ਨੌਜਵਾਨਾਂ ਵੱਲੋਂ ਵਿਰੋਧੀ ਧਿਰ ਦੇ ਖਿਲਾਫ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਵੱਡੀ ਗਿਣਤੀ 'ਚ ਨੌਜਵਾਨ ਹੋਸਟਰ ਨੇੜੇ ਇਕੱਠੇ ਹੋਏ ਸਨ। ਵਿਰੋਧੀ ਧਿਰ ਦੇ ਯੁਵਾ ਨੇਤਾ ਭੁਪਿੰਦਰ ਸਿੰਘ ਹੁੱਡਾ ਦੇ ਘਰ ਦਾ ਘਿਰਾਓ ਕਰਨ ਜਾ ਰਹੇ ਸਨ। ਉਥੇ ਹੀ ਮੌਕੇ 'ਤੇ ਮੌਜੂਦ ਪੁਲਸ ਨੇ ਵੀ ਉਨ੍ਹਾਂ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀਂ। ਦੱਸ ਦੇਈਏ ਕਿ ਜਦੋਂ ਪੁਲਸ ਨੇ ਨੌਜਵਾਨਾਂ ਨੂੰ ਰੋਕਣ ਦੀ ਕੋਸ?ਿਸ ਕੀਤੀ ਤਾਂ ਨੌਜਵਾਨਾਂ ਨੇ ਬੈਰੀਕੇਡ ਤੋੜਨ ਦੀ ਵੀ ਕੋਸ?ਿਸ ਕੀਤੀ। ਜਿਸ ਤੋਂ ਬਾਅਦ ਪੁਲਸ ਨੂੰ ਵਾਟਰ ਕੈਨਨ ਦੀ ਵਰਤੋਂ ਕਰੋਨੀ ਪਈ। ਚੰਡੀਗੜ੍ਹ ਪੁਲਸ ਨੇ ਕਈ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਹੈ। ਚੰਡੀਗੜ੍ਹ ਪੁਲਸ ਅਤੇ ਨੌਜਵਾਨਾਂ ਵਿਚਾਲੇ ਧੱਕਾ-ਮੁੱਕੀ ਦੇਖਣ ਨੂੰ ਮਿਲੀ।

## ਸ਼ਿਵਾਜੀ ਮਹਾਰਾਜ ਦੀ ਮੂਰਤੀ ਡਿੱਗਣ 'ਤੇ ਅਜੀਤ ਪਵਾਰ ਨੇ ਲੋਕਾਂ ਤੋਂ ਮੰਗੀ ਮੁਆਫੀ

ਲਾਤੂਰ 29 ਅਗਸਤ। ਮਹਾਰਾਸਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ਬੁੱਧਵਾਰ ਨੂੰ ਤੱਟਵਰਤੀ ਕੋਂਕਣ ਖੇਤਰ ਦੇ ਮਾਲਵਨ ਕਿਲੇ 'ਤੇ ਛਤਰਪਤੀ ਸ?ਿਵਾਜੀ ਮਹਾਰਾਜ ਦੀ ਮੂਰਤੀ ਡਿੱਗਣ ਦੀ ਘਟਨਾ ਲਈ ਮਹਾਰਾਸਟਰ ਦੇ ਲੋਕਾਂ ਤੋਂ ਮੁਆਫੀ ਮੰਗੀ ਹੈ। ਅਜੀਤ ਪਵਾਰ ਨੇ ਲਾਤੂਰ ਜ?ਿਲ੍ਹੇ ਵਿੱਚ ਜਨ ਸਨਮਾਨ ਯਾਤਰਾ ਦੌਰਾਨ ਇੱਕ ਜਨਤਕ ਮੀਟਿੰਗ ਵਿੱਚ ਕਿਹਾ, "ਭਾਵੇਂ ਉਹ ਅਧਿਕਾਰੀ ਹੋਣ ਜਾਂ ਠੇਕੇਦਾਰ, ਦੋਸੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।" ਪਵਾਰ ਨੇ ਕਿਹਾ, "ਸ?ਿਵਾਜੀ ਮਹਾਰਾਜ ਸਾਡੇ ਭਗਵਾਨ ਹਨ। ਮੈਂ ਉਨ੍ਹਾਂ ਦੀ ਮੂਰਤੀ ਦੇ ਡਿੱਗਣ ਲਈ



ਮਹਾਰਾਸਟਰ ਦੇ 13 ਕਰੋੜ ਲੋਕਾਂ ਤੋਂ ਮੁਆਫੀ ਮੰਗਦਾ ਹਾਂ।" ਉਨ੍ਹਾਂ ਕਿਹਾ ਕਿ ਇਕ ਸਾਲ ਦੇ ਅੰਦਰ ਮੂਰਤੀ ਦਾ ਢਹਿ ਜਾਣਾ ਹੈਰਾਨ ਕਰਨ ਵਾਲੀ ਗੱਲ ਹੈ। ਪਿਛਲੇ ਸਾਲ 4 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਇਸ ਮੂਰਤੀ ਦਾ ਉਦਘਾਟਨ ਕੀਤਾ ਗਿਆ ਸੀ।

## ਯੂ.ਪੀ. 'ਚ 8 ਰੇਲਵੇ ਸਟੇਸ਼ਨਾਂ ਦੇ ਨਾਂ ਬਦਲਣ 'ਤੇ ਅਖਿਲੇਸ਼ ਦਾ ਤੰਜ

ਲਖਨਊ 29 ਅਗਸਤ। ਉੱਤਰ ਪ੍ਰਦੇਸ਼ 'ਚ 8 ਰੇਲਵੇ ਸਟੇਸ਼ਨਾਂ ਦੇ ਨਾਂ ਬਦਲੇ ਜਾਣ 'ਤੇ ਸਮਾਜਵਾਦੀ ਪਾਰਟੀ (ਸਪਾ) ਦੇ ਕੌਮੀ ਪ੍ਰਧਾਨ ਅਖਿਲੇਸ਼ ਯਾਦਵ ਨੇ ਤੰਜ ਕੱਸਿਆ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਨਾਂ ਬਦਲਣ ਦੀ ਫੁਰਸਤ ਮਿਲ ਜਾਵੇ ਤਾਂ ਰਿਕਾਰਡ ਕਾਇਮ ਕਰਦੇ ਰੇਲ ਹਾਦਸਿਆਂ ਦੀ ਰੋਕਥਾਮ ਲਈ ਵੀ ਕੁਝ ਸਮਾਂ ਕੱਢ ਕੇ ਵਿਚਾਰ ਕਰੋ। ਅਖਿਲੇਸ਼ ਨੇ ਕਿਹਾ ਕਿ ਭਾਜਪਾ ਸਰਕਾਰ ਨੂੰ ਅਪੀਲ ਹੈ ਕਿ ਰੇਲਵੇ ਸਟੇਸ਼ਨਾਂ ਦੇ ਸਿਰਫ ਨਾਂ ਹੀ ਨਹੀਂ ਸਗੋਂ ਹਾਲਾਤ ਵੀ ਬਦਲੋ। ਦੱਸਣਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਜਿਨ੍ਹਾਂ ਸਟੇਸ਼ਨਾਂ ਦੇ ਨਾਂ ਬਦਲੇ ਗਏ ਹਨ, ਉਨ੍ਹਾਂ ਨੂੰ ਜ?ਿਲ੍ਹੇ ਦੀ ਧਾਰਮਿਕ ਪਛਾਣ ਅਤੇ ਮਹਾਪੁਰਸ਼ਾਂ ਦੇ ਨਾਂ 'ਤੇ ਰੱਖਿਆ ਗਿਆ ਹੈ। ਜਿਨ੍ਹਾਂ ਦੇ ਨਾਂ ਬਦਲੇ ਗਏ ਹਨ, ਉਨ੍ਹਾਂ ਵਿਚ ਜਾਇਸ ਸਟੇਸ਼ਨ, ਅਕਬਰਗੰਜ ਸਟੇਸ਼ਨ, ਫੁਰਸਤਗੰਜ ਰੇਲਵੇ ਸਟੇਸ਼ਨ, ਵਾਰਿਸਗੰਜ ਹਾਲਟ ਸਟੇਸ਼ਨ, ਨਿਹਾਲਗੜ੍ਹ ਸਟੇਸ਼ਨ, ਬਨੀ ਰੇਲਵੇ ਸਟੇਸ਼ਨ, ਮਿਸਰੌਲੀ ਸਟੇਸ਼ਨ ਅਤੇ ਕਾਸਿਮਪੁਰ ਹਾਲਟ ਸਟੇਸ਼ਨ ਸ਼ਾਮਲ ਹਨ।

# ਕੰਗਨਾ ਰਣੌਤ ਦਾ ਵੱਡਾ ਬਿਆਨ, ਰਾਹੁਲ ਸਿਰਫ ਕੁਰਸੀ ਪਿੱਛੇ, ਕੰਮ ਤੇ ਵਿਵਹਾਰ ਤੋਂ ਬੇਕਾਰ

**ਨਵਦੀਪ ਸਿੰਘ ਸਾਹਨੀ**

ਨੈਸਨਲ ਡੈਸਕ 29 ਅਗਸਤ। ਹਿਮਾਚਲ ਪ੍ਰਦੇਸ ਦੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਨੇ ਇੱਕ ਵਾਰ ਫਿਰ ਰਾਹੁਲ ਗਾਂਧੀ 'ਤੇ ਤਿੱਖਾ ਬਿਆਨ ਦਿੱਤਾ ਹੈ। ਇਕ ਇੰਟਰਵਿਊ 'ਚ ਕੰਗਨਾ ਨੇ ਰਾਹੁਲ ਗਾਂਧੀ ਦੇ ਕੰਮ ਕਰਨ ਦੀ ਸੈਲੀ ਅਤੇ ਵਿਵਹਾਰ 'ਤੇ ਸਵਾਲ ਖੜ੍ਹੇ ਕਰਦੇ ਹੋਏ ਕਿਹਾ ਕਿ ਰਾਹੁਲ ਗਾਂਧੀ ਸਿਰਫ ਕੁਰਸੀ ਲਈ ਕੰਮ ਕਰਦੇ ਹਨ ਅਤੇ ਉਨ੍ਹਾਂ ਕੋਲ ਕੋਈ ਸਪੱਸਟ ਨਜਰ ਨਹੀਂ ਹੈ। ਉਹ ਆਪਣੇ ਕੰਮ ਅਤੇ ਵਿਹਾਰ ਵਿੱਚ ਬਿਲਕੁਲ ਰੱਦੀ ਹਨ। ਉਹਨਾਂ ਨੇ ਉਸ ਦੀ "ਕੂੱਲ" ਕਹਿ ਕੇ ਆਲੋਚਨਾ ਕੀਤੀ। ਕੰਗਨਾ ਨੇ ਕਿਹਾ ਕਿ ਰਾਹੁਲ ਗਾਂਧੀ ਦੇ ਵਿਵਹਾਰ ਅਤੇ ਕੰਮ ਕਰਨ ਦਾ ਤਰੀਕਾ ਬੇਨਿਯਮੀਆਂ ਨਾਲ ਭਰਿਆ ਹੋਇਆ ਹੈ। ਉਸ ਕੋਲ ਆਪਣਾ ਕੋਈ ਰਸਤਾ ਨਹੀਂ ਹੈ ਅਤੇ ਉਸ ਦੇ ਭਾਸਣਾਂ ਵਿਚ ਵੀ ਸਪੱਸਟਤਾ ਦੀ ਘਾਟ ਹੈ। ਉਨ੍ਹਾਂ ਰਾਹੁਲ ਗਾਂਧੀ ਦੀ ਤੁਲਨਾ ਉਹਨਾਂ ਦੀ ਦਾਦੀ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਕੀਤੀ ਅਤੇ ਕਿਹਾ ਕਿ ਰਾਹੁਲ ਦਾ ਰਸਤਾ ਉਨ੍ਹਾਂ ਤੋਂ ਬਿਲਕੁਲ ਵੱਖਰਾ ਹੈ ਅਤੇ ਉਨ੍ਹਾਂ 'ਚ ਕਿਸੇ ਨੇਤਾ ਵਰਗੇ ਠੋਸ ਵਿਚਾਰ ਨਹੀਂ



ਹਨ। ਕੰਗਨਾ ਰਣੌਤ ਨੇ ਕੋਲਕਾਤਾ ਵਿੱਚ ਇੱਕ ਮਹਿਲਾ ਡਾਕਟਰ ਨਾਲ ਕੀਤੇ ਗਏ ਵਹਿਸੀ ਸਲੂਕ 'ਤੇ ਵੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਕਿਹਾ ਕਿ ਦੇਸ ਨੂੰ ਅਜਿਹੇ ਨੇਤਾਵਾਂ ਦੀ ਲੋੜ ਹੈ, ਜੋ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵਾਂਗ ਕੰਮ ਕਰ ਸਕਣ। ਉਨ੍ਹਾਂ ਕਿਹਾ, "ਕੋਲਕਾਤਾ ਵਿੱਚ ਜੋ ਕੁਝ ਹੋ ਰਿਹਾ ਹੈ, ਉਹ ਸਰਮਨਾਕ ਹੈ ਅਤੇ ਅੱਜ ਕੱਲ੍ਹ ਨੇਤਾ ਸਿਰਫ ਵੋਟ ਬੈਂਕ ਲਈ ਅਪਰਾਧੀਆਂ ਨਾਲ ਹੱਥ ਮਿਲਾਉਂਦੇ ਹਨ। ਮੈਨੂੰ ਯੋਗੀ ਆਦਿਤਿਆਨਾਥ 'ਤੇ ਮਾਣ ਹੈ ਅਤੇ ਸਾਨੂੰ ਅਜਿਹੇ ਰਾਸਟਰਵਾਦੀ ਨੇਤਾਵਾਂ ਦਾ ਸਨਮਾਨ ਕਰਨਾ ਚਾਹੀਦਾ ਹੈ।" ਹਾਲ ਹੀ 'ਚ ਕੰਗਨਾ ਨੇ ਕਿਸਾਨ ਅੰਦੋਲਨ ਦੀ ਤੁਲਨਾ ਬੰਗਲਾਦੇਸ 'ਚ ਹੋਈ ਹਿੰਸਾ ਨਾਲ ਕੀਤੀ ਸੀ, ਜਿਸ ਤੋਂ ਬਾਅਦ ਭਾਜਪਾ ਨੇ ਉਨ੍ਹਾਂ ਨਾਲ ਅਸਹਿਮਤੀ ਜਾਹਰ ਕਰਦੇ ਹੋਏ ਭਵਿੱਖ 'ਚ ਸਾਵਧਾਨ ਰਹਿਣ ਦੀ ਹਦਾਇਤ ਕੀਤੀ ਸੀ। ਕੰਗਨਾ ਨੇ ਮੰਨਿਆ ਕਿ ਪਾਰਟੀ ਲੀਡਰਸ?ਿਪ ਨੇ ਉਸ ਨੂੰ ਝਿੜਕਿਆ ਸੀ ਅਤੇ ਵਾਅਦਾ ਕੀਤਾ ਸੀ ਕਿ ਉਹ ਹੁਣ ਤੋਂ ਆਪਣੇ ਸਬਦਾਂ ਨੂੰ ਧਿਆਨ ਨਾਲ ਚੁਣੇਗੀ। ਕੰਗਨਾ ਨੇ ਕਿਹਾ, "ਪਾਰਟੀ ਵੱਲੋਂ ਮੈਨੂੰ ਤਾੜਨਾ ਕੀਤੀ ਗਈ ਸੀ ਅਤੇ ਹੁਣ ਮੈਂ ਆਪਣੇ ਬਿਆਨਾਂ ਨੂੰ ਲੈ ਕੇ ਹੋਰ ਵੀ ਸਾਵਧਾਨ ਰਹਾਂਗੀ।" ਕੰਗਨਾ ਦੇ ਇਸ ਬਿਆਨ ਨਾਲ ਇਕ ਵਾਰ ਫਿਰ ਸਿਆਸੀ ਹਲਚਲ ਮਚ ਗਈ ਹੈ ਅਤੇ ਉਸ ਦੇ ਬਿਆਨਾਂ ਨੂੰ ਲੈ ਕੇ ਚਰਚਾ ਹੋ ਰਹੀ ਹੈ।

## ਰਾਹੁਲ ਗਾਂਧੀ ਦੀ ਕਾਂਗਰਸ ਨੇਤਾ ਮਨੀਸ਼ ਤਿਵਾੜੀ ਨੇ ਕੀਤੀ ਸ਼ਲਾਘਾ

ਨਵੀਂ ਦਿੱਲੀ 29 ਅਗਸਤ। ਕਾਂਗਰਸ ਦੇ ਸੀਨੀਅਰ ਨੇਤਾ ਮਨੀਸ਼ ਤਿਵਾੜੀ ਨੇ ਜਨਤਾ ਦੇ ਮੁੱਦੇ ਚੁੱਕਣ ਅਤੇ ਮਣੀਪੁਰ ਵਰਗੇ ਮਾਮਲਿਆਂ 'ਚ 'ਮਰਹਮ' ਲਗਾਉਣ ਲਈ ਰਾਹੁਲ ਗਾਂਧੀ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਹਰ ਵਿਰੋਧੀ ਧਿਰ ਦਾ ਨੇਤਾ 'ਪੀਐੱਮ ਇਨ ਵੇਟਿੰਗ' ਹੁੰਦਾ ਹੈ। ਰਾਹੁਲ ਹਾਲ ਹੀ 'ਚ ਸੰਪੰਨ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਸੰਸਦ ਦੇ ਹੇਠਲੇ ਸਦਨ 'ਚ ਵਿਰੋਧੀ ਧਿਰ ਦੇ ਨੇਤਾ ਬਣੇ ਹਨ। ਤਿਵਾੜੀ ਨੇ ਇਕ ਵਿਸ਼ੇਸ਼ ਪ੍ਰੋਗਰਾਮ 'ਚ ਸਮਾਚਾਰ ਏਜੰਸੀ ਦੇ ਸੰਪਾਦਕਾਂ ਨਾਲ ਗੱਲਬਾਤ ਦੌਰਾਨ ਰਾਹੁਲ ਗਾਂਧੀ ਦੀ ਸ਼ਲਾਘਾ ਕੀਤੀ। ਇਹ ਪੁੱਛੇ ਜਾਣ 'ਤੇ ਕਿ ਰਾਹੁਲ ਗਾਂਧੀ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦੀ ਜ?ਿਮੇਵਾਰੀ ਸੰਭਾਲ ਰਹੇ ਹਨ, ਅਜਿਹੇ 'ਚ ਕੀ ਹੁਣ ਉਨ੍ਹਾਂ ਨੂੰ ਭਾਵੀ ਪ੍ਰਧਾਨ ਮੰਤਰੀ ਵਜੋਂ ਦੇਖਿਆ ਜਾ ਰਿਹਾ ਹੈ, ਤਿਵਾੜੀ ਨੇ ਕਿਹਾ,"ਹਰ ਵਿਰੋਧੀ ਧਿਰ ਨੇਤਾ, 'ਪੀਐੱਮ ਇਨ ਵੇਟਿੰਗ' ਹੁੰਦਾ ਹੈ...। ਜਿੱਥੇ ਤੱਕ ਰਾਹੁਲ ਗਾਂਧੀ ਦਾ ਸਵਾਲ ਹੈ, ਉਨ੍ਹਾਂ ਦੇ ਭਾਸ਼ਣਾਂ ਨੂੰ ਪੂਰੇ ਦੇਸ਼ 'ਚ ਬਹੁਤ ਪਸੰਦ ਕੀਤਾ ਗਿਆ ਹੈ, ਉਨ੍ਹਾਂ ਨੇ ਅਜਿਹੇ ਮੁੱਦੇ ਚੁੱਕੇ ਹਨ, ਜੋ ਲੋਕਾਂ ਦੇ ਦਿਲ ਅਤੇ ਦਿਮਾਗ ਦੇ ਕਰੀਬ ਹਨ।" ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਵਜੋਂ ਰਾਹੁਲ ਗਾਂਧੀ ਨੇ ਜੋ ਯਾਤਰਾਵਾਂ ਕੀਤੀਆਂ, ਇੱਥੇ ਤੱਕ ਕਿ ਮਣੀਪੁਰ ਵਰਗੀਆਂ ਥਾਵਾਂ ਦੀ, ਜਿੱਥੇ 'ਮਰਹਮ' ਲਗਾਉਣ ਦੀ ਲੋੜ ਸੀ, ਉੱਥੇ ਮਰਹਮ ਵੀ ਲਗਾਇਆ। ਤਿਵਾੜੀ ਨੇ ਕਿਹਾ ਕਿ ਇਹ ਅਸਲ 'ਚ ਰਾਹੁਲ ਗਾਂਧਈ ਦੀ 'ਪਰਿਪੱਕਤਾ' ਦਾ ਵੀ ਪ੍ਰਮਾਣ ਹੈ। ਲੋਕ ਸਭਾ 'ਚ 10 ਸਾਲ ਦੇ ਅੰਤਰਾਲ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਇਕ ਵਿਰੋਧੀ ਧਿਰ ਦਾ ਨੇਤਾ ਹੈ, ਕਿਉਂਕਿ ਸਭ ਤੋਂ ਵੱਡੇ ਵਿਰੋਧੀ ਦਲ ਕਾਂਗਰਸ ਕੋਲ 16ਵੀਂ ਅਤੇ 17ਵੀਂ ਲੋਕ ਸਭਾ 'ਚ ਇਸ ਅਹੁਦੇ ਲਈ ਦਾਅਵਾ ਕਰਨ ਨੂੰ ਲੈ ਕੇ ਜਰੂਰੀ 10 ਫੀਸਦੀ ਮੈਂਬਰ ਨਹੀਂ ਸਨ।

## ਇੰਜੀਨੀਅਰ ਰਾਸ਼ਿਦ ਦੀ ਜਮਾਨਤ 'ਤੇ ਕੋਰਟ ਨੇ ਫੈਸਲਾ ਰੱਖਿਆ ਸੁਰੱਖਿਅਤ

ਨਵੀਂ ਦਿੱਲੀ 29 ਅਗਸਤ। ਦਿੱਲੀ ਦੀ ਇਕ ਅਦਾਲਤ ਨੇ ਅੱਤਵਾਦੀ ਫੰਡਿੰਗ ਮਾਮਲੇ 'ਚ ਜੇਲ੍ਹ 'ਚ ਬੰਦ ਲੋਕ ਸਭਾ ਸੰਸਦ ਮੈਂਬਰ ਰਾਸ਼ਿਦ ਇੰਜੀਨੀਅਰ ਦੀ ਜਮਾਨਤ ਪਟੀਸ਼ਨ 'ਤੇ ਬੁੱਧਵਾਰ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਅਤੇ 4 ਸਤੰਬਰ ਨੂੰ ਆਪਣਾ ਫੈਸਲਾ ਸੁਣਾ ਸਕਦੀ ਹੈ। ਇੰਜੀਨੀਅਰ ਰਾਸ਼ਿਦ ਦੇ ਨਾਂ ਨਾਲ ਮਸ਼ਹੂਰ ਸ਼ੇਖ ਅਬਦੁੱਲ ਰਾਸ਼ਿਦ ਨੇ ਮਾਮਲੇ 'ਚ ਨਿਯਮਿਤ ਜਮਾਨਤ ਲਈ ਅਦਾਲਤ 'ਚ ਅਰਜੀ ਦਾਖਲ ਕੀਤੀ ਹੈ। ਐਡੀਸ਼ਨਲ ਸੈਸ਼ਨ ਜੱਜ (ਏ.ਐੱਸ.ਜੇ.) ਚੰਦਰ ਜੀਤ ਸਿੰਘ ਨੇ ਬੰਦ ਕਮਰੇ 'ਚ (ਜਨਤਾ ਲਈ ਨਹੀਂ) ਸੁਣਵਾਈ ਦੌਰਾਨ ਅਰਜੀ 'ਤੇ ਦਲੀਲਾਂ ਸੁਣੀਆਂ ਅਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ। ਜੱਜ ਨੇ 20 ਅਗਸਤ ਨੂੰ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੂੰ ਨੋਟਿਸ ਜਾਰੀ ਕੀਤਾ ਸੀ ਅਤੇ ਉਸ ਨੂੰ ਆਪਣੀ ਪਟੀਸ਼ਨ 'ਤੇ 29 ਅਗਸਤ ਤੱਕ ਜਵਾਬ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਅਦਾਲਤ ਨੇ 5 ਜੁਲਾਈ ਨੂੰ ਰਾਸ਼ਿਦ ਨੂੰ ਜੰਮੂ ਕਸ਼ਮੀਰ ਦੇ ਬਾਰਾਮੂਲਾ ਚੋਣ ਖੇਤਰ ਤੋਂ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਸਹੁੰ ਚੁੱਕਣ ਲਈ ਹਿਰਾਸਤ 'ਚ ਪੈਰੋਲ ਦਿੱਤੀ ਸੀ। ਰਾਸ਼ਿਦ 2017 ਦੇ ਅੱਤਵਾਦੀ ਫੰਡਿੰਗ ਮਾਮਲੇ 'ਚ ਗੈਰ-ਕਾਨੂੰਨੀ ਗਤੀਵਿਧੀ (ਰੋਕਥਾਮ) ਐਕਟ ਦੇ ਅਧੀਨ ਐੱਨ.ਆਈ.ਏ. ਵਲੋਂ ਗ੍ਰਿਫਤਾਰ ਕੀਤੇ ਜਾਣ ਦੇ ਬਾਅਦ ਤੋਂ 2019 ਤੋਂ ਜੇਲ੍ਹ ਹੈ। ਉਹ ਤਿਹਾੜ ਜੇਲ੍ਹ 'ਚ ਬੰਦ ਹੈ। ਕਸ਼ਮੀਰੀ ਵਪਾਰੀ ਜਹੂਰ ਪਟਾਲੀ ਦੀ ਜਾਂਚ ਦੌਰਾਨ ਉਸ ਦਾ ਨਾਂ ਸਾਹਮਣੇ ਆਇਆ ਸੀ, ਜਿਸ ਨੂੰ ਐੱਨ.ਆਈ.ਏ. ਨੇ ਕਸ਼ਮੀਰ ਘਾਟੀ 'ਚ ਅੱਤਵਾਦੀ ਸਮੂਹਾਂ ਅਤੇ ਵੱਖਵਾਦੀਆਂ ਨੂੰ ਫੰਡਿੰਗ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ। ਐੱਨ.ਆਈ.ਏ. ਨੇ ਇਸ ਮਾਮਲੇ 'ਚ ਕਸ਼ਮੀਰੀ ਵੱਖਵਾਦੀ ਨੇਤਾ ਯਾਸਿਨ ਮਲਿਕ, ਲਸ਼ਕਰ-ਏ-ਤੋਇਬਾ ਦੇ ਸੰਸਥਾਪਕ ਹਾਫਿਜ ਸਈਅਦ ਅਤੇ ਹਿਜਬੁਲ ਮੁਜਾਹੀਦੀਨ ਦੇ ਮੁਖੀ ਸਈਅਦ ਸਲਾਹੁਦੀਨ ਸਮੇਤ ਕਈ ਲੋਕਾਂ ਖ?ਿਲਾਫ ਦੋਸ਼ ਪੱਤਰ ਦਾਖਲ ਕੀਤਾ ਸੀ। ਮਲਿਕ ਨੂੰ ਦੋਸ਼ਾਂ 'ਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 2022 'ਚ ਇਕ ਟ੍ਰਾਇਲ ਕੋਰਟ ਨੇ ਉਮਰ ਕੈਦ ਦੀ ਸਜਾ ਸੁਣਾਈ ਸੀ।

"ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥"



(1957-2024)

With profound grief and sorrow, we regret to inform you that our beloved

Sdn. Joginder Kaur Ji

(W/O Late Sd Inderjit Singh)

left for her heavenly abode on 27th August 2024

For the peace of departed soul

Bhog and Antim Ardas

will be held at

Gurdwara Shri Guru Singh Sabha, Bhai Parmanand Colony, Delhi 110009

on Saturday, 31 August 2024 from 12 pm to 1:30 pm

Uprant Guru ka Langar

Grief Stricken

Barinderjit Singh (Sonu) - 9711999521

Parminder Singh - 93557 53657

# 'ਤੁਮ ਦਿਨ ਕੋ ਕਹੋ ਰਾਤ ਤੋ ਰਾਤ, ਵਰਨਾ ਹਵਾਲਾਤ', ਉੱਤਰ ਪ੍ਰਦੇਸ਼ ਸਰਕਾਰ ਦੀ ਡਿਜੀਟਲ ਪਾਲਿਸੀ 'ਤੇ ਪ੍ਰਿਯੰਕਾ ਦਾ ਵਿਅੰਗ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 29 ਅਗਸਤ। ਤੁਮ ਦਿਨ ਕੋ ਕਹੋ ਰਾਤ ਤੋ ਰਾਤ, ਵਰਨਾ ਹਵਾਲਾਤ। ਇਨ੍ਹਾਂ ਸਬਦਾਂ ਨਾਲ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਭਾਜਪਾ 'ਤੇ ਹਮਲਾ ਬੋਲਿਆ ਹੈ। ਉਨ੍ਹਾਂ ਨੇ ਡਿਜੀਟਲ ਮੀਡੀਆ ਪਾਲਿਸੀ ਅਤੇ ਅਧਿਆਪਕ ਭਰਤੀ ਵਰਗੇ ਮੁੱਦੇ 'ਤੇ ਉੱਤਰ ਪ੍ਰਦੇਸ ਦੀ ਯੋਗੀ ਸਰਕਾਰ ਦੀ ਆਲੋਚਨਾ ਕੀਤੀ ਹੈ। ਪ੍ਰਿਯੰਕਾ ਗਾਂਧੀ ਨੇ ਆਪਣੇ ਸੋਸਲ ਮੀਡੀਆ ਪਲੇਟਫਾਰਮ 'ਤੇ ਲਿਖਿਆ ਕਿ ਜੋ ਤੁਮਕੋ ਹੋ ਪਸੰਦ, ਵਹੀ ਬਾਤ ਕਹੇਂਗੇ, ਤੁਮ ਦਿਨ ਨੂੰ ਅਗਰ ਰਾਤ ਕਹੋ, ਰਾਤ ਕਹੇਂਗੇ। ਉੱਤਰ ਪ੍ਰਦੇਸ਼ ਸਰਕਾਰ ਦੀ ਸੋਸ਼ਲ ਮੀਡੀਆ ਪਾਲਿਸੀ ਵਿਚ ਇਨਸਾਫ ਦੀ ਮੰਗ ਕਰ ਰਹੀਆਂ ਔਰਤਾਂ ਦੀਆਂ ਆਵਾਜਾਂ ਕਿਸ ਸ਼੍ਰੇਣੀ ਵਿਚ ਆਉਗੀਆਂ? 69,000 ਅਧਿਆਪਕ ਭਰਤੀ ਰਾਖਵਾਂਕਰਨ ਘਪਲੇ ਵਿਚ ਉੱਠੇ ਸਵਾਲ ਕਿਸ ਸ੍ਰੇਣੀ ਵਿਚ ਆਉਣਗੇ? ਭਾਰਤੀ ਜਨਤਾ ਪਾਰਟੀ ਦੇ



ਅੰਦਰੂਨੀ ਮਤਭੇਦਾਂ 'ਤੇ ਵੀ ਪ੍ਰਿਯੰਕਾ ਗਾਂਧੀ ਨੇ ਵਿਅੰਗ ਕੱਸਿਆ। ਉਨ੍ਹਾਂ ਨੇ ਐਕਸ 'ਤੇ ਲਿਖਿਆ ਕਿ ਭਾਜਪਾ ਨੇਤਾਵਾਂ ਅਤੇ ਵਿਧਾਇਕਾਂ ਵੱਲੋਂ ਭਾਜਪਾ ਸਰਕਾਰ ਦਾ ਪਰਦਾਫਾਸ ਕਰਨਾ ਕਿਸ ਸ੍ਰੇਣੀ 'ਚ ਆਵੇਗਾ? ਤੁਮ ਦਿਨ ਕੋ ਕਹੋ ਰਾਤ ਤੋ ਰਾਤ, ਵਰਨਾ ਹਵਾਲਾਤ ਨੀਤੀ ਸੱਚ ਨੂੰ ਦਬਾਉਣ ਦਾ ਇਕ ਨਵਾਂ ਤਰੀਕਾ ਹੈ। ਕੀ ਭਾਜਪਾ ਲੋਕਤੰਤਰ ਅਤੇ ਸੰਵਿਧਾਨ ਨੂੰ ਕੁਚਲਣ ਤੋਂ ਜ?ਿਆਦਾ ਕੁਝ ਸੋਚ ਹੀ ਨਹੀਂ ਸਕਦੀ? ਦੱਸ ਦਈਏ ਕਿ ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨਵੀਂ ਡਿਜੀਟਲ ਮੀਡੀਆ ਨੀਤੀ ਲੈ ਕੇ ਆਈ ਹੈ। ਇਸ ਦੇ ਤਹਿਤ ਸੂਬਾ ਸਰਕਾਰ ਦੀਆਂ ਯੋਜਨਾਵਾਂ ਅਤੇ ਪ੍ਰਾਪਤੀਆਂ 'ਤੇ ਆਧਾਰਿਤ ਕੰਟੈਂਟ ਵੀਡੀਓ, ਟਵੀਟਸ, ਪੋਸਟਾਂ, ਰੀਲਾਂ ਨੂੰ ਪ੍ਰਦਰਸ?ਿਤ ਕਰਨ ਲਈ ਉਤਸਾਹਿਤ ਕੀਤਾ ਜਾਵੇਗਾ। ਜੇਕਰ ਤੁਹਾਨੂੰ ਇਨ੍ਹਾਂ ਸੋਸਲ ਮੀਡੀਆ ਪਲੇਟਫਾਰਮਾਂ 'ਤੇ ਚੰਗੇ ਫਾਲੋਅਰਸ ਅਤੇ ਵਿਊਜ ਮਿਲਦੇ ਹਨ, ਤਾਂ ਇਸ ਰਾਹੀਂ ਘਰ ਬੈਠੇ 2 ਤੋਂ 8 ਲੱਖ ਰੁਪਏ ਕਮਾਏ ਜਾ ਸਕਦੇ ਹਨ।

# ਮੈਟਰੀਮੋਨੀਅਲ ਸਾਈਟ 'ਤੇ ਜੀਵਨ ਸਾਥੀ ਲੱਭਣ ਵਾਲੇ ਸਾਵਧਾਨ ! ਕਿਤੇ ਤੁਸੀਂ ਵੀ ਨਾ ਬਣ ਜਾਇਓ ਸ਼ਿਕਾਰ

ਖਰੜ 29 ਅਗਸਤ। ਵਿਆਹ ਦਾ ਝਾਂਸਾ ਦੇ ਕੇ ਕਾਰੋਬਾਰ 'ਚ ਮਦਦ ਕਰਨ ਦੇ ਨਾਂ 'ਤੇ ਔਰਤ ਨਾਲ



71.50 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸਿਟੀ ਪੁਲਸ ਨੇ ਸ਼ਿਕਾਇਤ 'ਤੇ ਅਣਪਛਾਤੇ ਮੁਲਜਮ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਧੋਖਾਧੜੀ ਦਾ ਸ਼ਿਕਾਰ ਹੋਈ ਔਰਤ ਨੇ ਦੱਸਿਆ ਕਿ ਮੈਟਰੀਮੋਨੀਅਲ ਸਾਈਟ 'ਤੇ ਉਸ ਦੀ ਪ੍ਰੋਫਾਈਲ ਬਣੀ ਹੋਈ ਹੈ। ਉਸ ਰਾਹੀਂ ਪਿਛਲੇ ਸਾਲ ਨਵੰਬਰ ਤੋਂ ਉਸ ਨੇ ਅਮਿਤ ਐੱਸ ਕੁਮਾਰ ਨਾਂ ਦੇ ਵਿਅਕਤੀ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ ਸੀ। ਕੁੱਝ ਸਮੇਂ ਬਾਅਦ ਸਬੰਧਿਤ ਵਿਅਕਤੀ ਅੰਤਰਰਾਸ਼ਟਰੀ ਨੰਬਰ ਤੋਂ ਫੋਨ ਕਰਨ ਲੱਗ ਪਿਆ। ਜਾਣ-ਪਛਾਣ ਕਾਰਨ ਕਰੀਬ 6 ਮਹੀਨਿਆਂ 'ਚ ਇਕ-ਦੂਜੇ ਦੇ ਬਹੁਤ ਨੇੜੇ ਆ ਗਏ। ਜਦੋਂ ਉਸ ਨੂੰ ਵਿਆਹ ਦਾ ਪ੍ਰਸਤਾਵ ਦਿੱਤਾ ਤਾਂ ਉਹ ਮੰਨ ਗਿਆ। ਇਸ ਦੌਰਾਨ ਮੁਲਜ਼ਮ ਨੇ ਦੱਸਿਆ ਕਿ ਉਸ ਦਾ ਤੁਰਕੀ 'ਚ ਕਾਰੋਬਾਰ ਹੈ। ਇਸ ਲਈ ਸਮਾਨ ਦੀ ਲੋੜ ਹੈ। ਉਸ ਦੀ ਈਮੇਲ ਆਈ. ਡੀ. ਅਚਾਨਕ ਬੰਦ ਹੋ ਗਈ ਹੈ, ਜਿਸ ਕਾਰਨ ਉਹ ਬੈਂਕ ਖਾਤਾ ਨਹੀਂ ਚਲਾ ਪਾ ਰਿਹਾ। ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਆਪਣੀ ਈਮੇਲ ਆਈ. ਡੀ. ਤੋਂ ਇਲਾਵਾ ਬੈਂਕ ਖਾਤੇ ਨਾਲ ਸਬੰਧਿਤ ਪਾਸਵਰਡ ਵੀ ਦੇ ਦਿੱਤਾ। ਉਸ ਨੇ ਔਰਤ ਰਾਹੀਂ ਆਪਣੇ ਖਾਤੇ ਆਪਰੇਟ ਕਰਵਾਉਣੇ ਸ਼ੁਰੂ ਕਰ ਦਿੱਤੇ। ਉਸ ਨੇ ਕਈ ਲੋਕਾਂ ਨਾਲ ਪੈਸਿਆਂ ਦਾ ਲੈਣ-ਦੇਣ ਕੀਤਾ, ਦੋ ਵਾਰ ਪੈਸੇ ਟਰਾਂਸਫਰ ਕਰਨ ਤੋਂ ਬਾਅਦ ਜਦੋਂ ਤੀਜੀ ਵਾਰ ਲੈਣ ਦੇਣ ਕੀਤਾ ਤਾਂ ਖਾਤਾ ਬਲਾਕ ਹੋ ਗਿਆ। ਇਸ ਤੋਂ ਬਾਅਦ ਅਮਿਤ ਨੇ ਪੀੜਤਾ ਨੂੰ ਬੈਂਕ 'ਚ ਸ਼ਿਕਾਇਤ ਦਰਜ ਕਰਵਾਉਣ ਲਈ ਕਿਹਾ। ਜਦੋਂ ਸ਼ਿਕਾਇਤਕਰਤਾ ਨੇ ਈਮੇਲ ਕੀਤੀ ਤਾਂ ਬੈਂਕ ਨੇ ਕਿਹਾ ਕਿ ਖਾਤਾ ਧਾਰਕ ਨੂੰ ਖੁਦ ਬੈਂਕ 'ਚ ਆਉਣਾ ਪਵੇਗਾ ਤਾਂ ਹੀ ਸਮੱਸਿਆ ਦਾ ਹੱਲ ਹੋ ਸਕਦਾ ਹੈ। ਇਸ ਕਾਰਨ ਮੁਲਜ਼ਮ ਦਾ ਖਾਤਾ ਬਲਾਕ ਹੋ ਗਿਆ। ਉਸ ਨੇ ਕਾਰੋਬਾਰ ਜਾਰੀ ਰੱਖਣ ਦਾ ਹਵਾਲਾ ਦੇ ਕੇ ਸ਼ਿਕਾਇਤਕਰਤਾ ਤੋਂ ਪੈਸਿਆਂ ਦੀ ਮੰਗ ਕੀਤੀ। ਸਭ ਤੋਂ ਪਹਿਲਾਂ 18.55 ਲੱਖ, ਕਿਸੇ ਮਾਧਵੀ ਦੇ ਖਾਤੇ 'ਚ ਕਰੀਬ 36 ਲੱਖ, ਮੁਹੰਮਦ ਆਸਿਫ਼ ਦੇ ਖਾਤੇ 'ਚ 2 ਲੱਖ, ਵਿਨੀਤ ਕੁਮਾਰ ਗੁਪਤਾ ਦੇ ਖਾਤੇ 'ਚ 3.30 ਲੱਖ ਤੇ ਹੋਰਾਂ ਦੇ ਖਾਤਿਆਂ 'ਚ 11.45 ਟਰਾਂਸਫਰ ਕਰਵਾਏ ਗਏ। ਇਸ ਤਰ੍ਹਾਂ ਮੁਲਜ਼ਮ ਨੇ ਕਰੀਬ 71.50 ਲੱਖ ਰੁਪਏ ਹੜੱਪ ਲਏ। ਠੱਗੀ ਤੋਂ ਬਾਅਦ ਮੁਲਜਮ ਨੇ ਫੋਨ ਬੰਦ ਕਰ ਦਿੱਤਾ ਤੇ ਔਰਤ ਨਾਲ ਸਾਰੇ ਸਬੰਧ ਖਤਮ ਕਰ ਲਏ। ਇਸ ਤਰ੍ਹਾਂ ਮੁਲਜ਼ਮ ਨੇ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਲੱਖਾਂ ਰੁਪਏ ਦੀ ਠੱਗੀ ਮਾਰ ਲਈ, ਜਿਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਗਈ ਤਾਂ ਸਟੇਟ ਸਾਈਬਰ ਸੈੱਲ ਦੀ ਸਿਫ਼ਾਰਸ਼ 'ਤੇ ਧਾਰਾ 420, 120ਬੀ ਅਤੇ ਆਈ.ਟੀ.ਐਕਟ ਦੀ ਧਾਰਾ 66 ਤਹਿਤ ਮਾਮਲਾ ਦਰਜ ਕੀਤਾ ਗਿਆ।

### ਨੂੰਹ ਅਤੇ ਉਸ ਦੇ ਸਾਥੀਆਂ ਤੋਂ ਤੰਗ ਸਹੁਰੇ ਨੇ ਤੇਲ ਪਾ ਕੇ ਆਪਣੇ ਆਪ ਨੂੰ ਲਾ ਲਈ ਅੱਗ

ਪਾਤੜਾਂ 29 ਅਗਸਤ। ਸਥਾਨਕ ਸ਼ਹਿਰ ਦੇ ਰਹਿਣ ਵਾਲੇ ਇਕ ਵਿਅਕਤੀ ਵੱਲੋਂ ਆਪਣੀ ਨੂੰਹ ਅਤੇ ਉਸ ਦੇ ਸਾਥੀਆਂ ਤੋਂ ਤੰਗ ਆ ਕੇ ਆਪਣੇ ਆਪ 'ਤੇ ਪੈਟਰੋਲ ਛਿੜਕ ਕੇ ਅੱਗ ਲਗਾ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਨੇ ਉਸ ਦੀ ਨੂੰਹ ਸਮੇਤ 7 ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਹਸਪਤਾਲ 'ਚ ਇਲਾਜ ਅਧੀਨ ਧਰਮਪਾਲ ਪੁੱਤਰ ਭਗਤ ਰਾਮ ਵਾਸੀ ਅਨੰਦ ਬਸਤੀ ਪਾਤੜਾਂ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਮੇਰੀ ਨੂੰਹ ਲੱਬੀ ਨਾਮ ਦੇ ਵਿਅਕਤੀ ਨਾਲ ਗਲਤ ਸੀ, ਜਿਸ ਦੀ ਬੇਸ਼ਰਮੀ ਕਾਰਨ ਹੀ ਮੇਰਾ ਲੜਕਾ ਮਰ ਗਿਆ ਸੀ। 15 ਜੂਨ ਸ਼ਾਮ ਕਰੀਬ 9 ਵਜੇ ਮੇਰੀ ਨੂੰਹ ਅਤੇ ਇਸ ਦੇ ਹੋਰ ਸਾਥ ਦੇਣ ਵਾਲੇ ਮੈਨੂੰ ਤੰਗ ਪ੍ਰੇਸ਼ਾਨ ਕਰਨ ਲੱਗੇ ਅਤੇ ਇਹ ਕਹਿਣ ਲੱਗ ਪਏ ਕਿ ਤੁਸੀਂ ਸਾਡਾ ਕੀ ਕਰ ਲਿਆ। ਇਸ ਤੋਂ ਤੰਗ ਪ੍ਰੇਸ਼ਾਨ ਹੋ ਕੇ ਮੈਂ ਆਪਣੇ ਉਪਰ ਪੈਟਰੋਲ ਪਾ ਕੇ ਆਪਣੇ ਆਪ ਨੂੰ ਅੱਗ ਲਾ ਲਈ ਅਤੇ ਮੌਕੇ 'ਤੇ ਮੇਰੇ ਘਰ ਵਾਲਿਆਂ ਨੇ ਅੱਗ ਬੁਝਾ ਦਿੱਤੀ ਅਤੇ ਇਲਾਜ ਲਈ ਮੈਨੂੰ ਸਿਵਲ ਹਸਪਤਾਲ ਪਾਤੜਾਂ ਵਿਖੇ ਦਾਖਲ ਕਰਵਾਇਆ।

## ਰਮਦਾਸ ਪੁਲਸ ਵਲੋਂ ਵੱਖ-ਵੱਖ ਜਗ੍ਹਾ ਛਾਪੇਮਾਰੀ, 400 ਕਿਲੋ ਲਾਹਣ ਤੇ ਨਾਜਾਇਜ਼ ਸ਼ਰਾਬ ਫੜੀ

ਰਮਦਾਸ 29 ਅਗਸਤ। ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਚਲਦਿਆਂ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਸ਼ੁਰੂ ਕੀਤੇ ਗਏ ਕੈਸੋ ਆਪ੍ਰੇਸ਼ਨ ਦੌਰਾਨ ਥਾਣਾ ਰਮਦਾਸ ਦੀ ਪੁਲਸ ਵਲੋਂ ਭਾਰੀ ਮਾਤਰਾ ਵਿਚ ਲਾਹਣ ਅਤੇ ਨਾਜਾਇਜ਼ ਸ਼ਰਾਬ ਬਰਾਮਦ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਥਾਣਾ ਰਮਦਾਸ ਦੇ ਐੱਸ.ਐੱਚ.ਓ ਮਨਜੀਤ ਸਿੰਘ ਨੇ ਦੱਸਿਆ ਕਿ ਐੱਸ.ਐੱਸ.ਪੀ ਅੰਮ੍ਰਿਤਸਰ ਦਿਹਾਤੀ ਸਤਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ 'ਤੇ ਚਲਦਿਆਂ ਡੀ.ਐੱਸ.ਪੀ ਅਜਨਾਲਾ ਦੀ ਅਗਵਾਈ ਹੇਠ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਆਰੰਭ ਕੈਸੋ ਆਪ੍ਰੇਸ਼ਨ ਤਹਿਤ ਗੋਲਡੀ ਮਸੀਹ ਪੁੱਤਰ ਗਿਆਨ ਮਸੀਹ ਵਾਸੀ ਪਿੰਡ ਮਹਿਮਦ ਮੰਦਰਾਂ ਕੋਲੋਂ ਛਾਪੇਮਾਰੀ ਕਰਦਿਆਂ 400 ਕਿਲੋ ਲਾਹਣ ਅਤੇ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਥਾਣਾ ਮੁਖੀ ਨੇ ਦੱਸਿਆ ਕਿ ਇਸਦੇ ਬਾਅਦ ਪੁਲਸ ਮੁਲਾਜ਼ਮਾਂ ਨੇ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਥਾਣਾ ਰਮਦਾਸ ਵਿਖੇ ਲੈ ਆਂਦਾ, ਜਿਥੇ ਇਸ ਖ਼ਿਲਾਫ ਐਕਸਾਈਜ਼ ਐਕਟ




ਤਹਿਤ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ। ਐੱਸ.ਐੱਚ.ਓ ਮਨਜੀਤ ਸਿੰਘ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗੁਪਤ ਸੂਚਨਾ ਦੇ ਆਧਾਰ 'ਤੇ ਸਰਵਣ ਸਿੰਘ ਉਰਫ ਸ਼ਰਮਾ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਦਰਿਆ ਮੂਸਾ ਦੇ ਘਰੋਂ ਛਾਪੇਮਾਰੀ ਦੌਰਾਨ 35 ਬੋਤਲਾਂ ਜੋ ਕਿ 26250 ਮਿ.ਲੀ. ਨਾਜਾਇਜ਼ ਸ਼ਰਾਬ ਬਣਦੀ ਹੈ, ਬਰਾਮਦ ਕਰਕੇ ਇਸ ਵਿਅਕਤੀ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਖਿਲਾਫ ਥਾਣਾ ਰਮਦਾਸ ਵਿਖੇ ਇਕ ਵੱਖਰਾ ਮੁਕੱਦਮਾ ਐਕਸਾਈਜ਼ ਐਕਟ ਤਹਿਤ ਦਰਜ ਕੀਤਾ ਗਿਆ ਹੈ।

## ਸ਼ਿਵਾਜੀ ਨਗਰ ਦੇ ਲੋਕਾਂ ਦੇ ਸਬਰ ਦਾ ਬੰਨ੍ਹ ਟੁੱਟਿਆ ! ਨਗਰ ਨਿਗਮ ਦੇ ਬਾਹਰ ਕੀਤਾ ਰੋਸ ਪ੍ਰਦਰਸ਼ਨ

ਜਲੰਧਰ 22 ਜੂਨ। ਬਸਤੀ ਦਾਨਿਸ਼ਮੰਦਾ ਦੇ ਸ਼ਿਵਾਜੀ ਨਗਰ ਦੇ ਲੋਕ ਬੀਤੇ ਲੰਮੇ ਸਮੇਂ ਤੋਂ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਤੋਂ ਪਰੇਸ਼ਾਨ ਹਨ। ਇਲਾਕਾ ਨਿਵਾਸੀਆਂ ਵੱਲੋਂ ਲਗਾਤਾਰ ਸਿਆਸਤਦਾਨਾਂ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਮੱਸਿਆ ਹੱਲ ਕਰਨ ਦੀ ਅਪੀਲ ਕੀਤੀ ਜਾ ਰਹੀ ਸੀ, ਪਰ ਕੋਈ ਹੱਲ ਨਾ ਨਿਕਲਣ 'ਤੇ ਅੱਜ ਉਨ੍ਹਾਂ ਵੱਲੋਂ ਨਗਰ ਨਿਗਮ ਦੇ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਰੋਸ ਪ੍ਰਦਰਸ਼ਨ ਦੌਰਾਨ ਜਦੋਂ ਨਗਰ ਨਿਗਮ ਦਾ ਕੋਈ ਅਫਸਰ ਉਨ੍ਹਾਂ ਦੀ



ਗੱਲ ਸੁਣਨ ਨਹੀਂ ਆਇਆ ਤਾਂ ਉਨ੍ਹਾਂ ਵੱਲੋਂ ਸ਼੍ਰੀ ਰਾਮ ਚੌਕ ਵਿਖੇ ਸੜਕ ਜਾਮ ਕਰ ਦਿੱਤੀ ਗਈ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਿਛਲੇ ਤਕਰੀਬਨ 3 ਮਹੀਨਿਆਂ ਤੋਂ ਸੀਵਰੇਜ ਅਤੇ ਪੀਣ ਲਈ ਗੰਦੇ ਪਾਣੀ ਦੀ ਸਪਲਾਈ ਦੀ ਸਮੱਸਿਆ ਆ ਰਹੀ ਹੈ। ਉਨ੍ਹਾਂ ਨੇ ਇਸ ਸਮੱਸਿਆ ਲਈ ਨਗਰ ਨਿਗਮ ਦੇ ਕਮਿਸ਼ਨਰ ਸਮੇਤ ਹੋਰ ਅਫਸਰਾਂ ਨਾਲ ਵੀ ਗੱਲਬਾਤ ਕੀਤੀ, ਪਰ ਉਨ੍ਹਾਂ ਵੱਲੋਂ ਲਾਅਰੇ ਹੀ ਲਗਾਏ ਜਾ ਰਹੇ ਹਨ। ਇਲਾਕੇ ਵਿਚ ਇਸ ਕਾਰਨ ਬਿਮਾਰੀਆਂ ਫੈਲ ਰਹੀਆਂ ਹਨ। ਕਈ ਲੋਕ ਕੈਂਸਰ ਦੀ ਲਪੇਟ ਵਿਚ ਆ ਗਏ ਹਨ ਤਾਂ ਕਈਆਂ ਨੂੰ ਪੀਲੀਆ ਹੋ ਗਿਆ ਹੈ। ਨਗਰ ਨਿਗਮ ਵਿਚ ਸੁਣਵਾਈ ਨਾ ਹੋਣ 'ਤੇ ਰੋਸ ਵਜੋਂ ਇਲਾਕਾ ਨਿਵਾਸੀਆਂ ਨੇ ਸ਼੍ਰੀ ਰਾਮ ਚੌਕ ਵਿਖੇ ਜਾਮ ਲਗਾ ਦਿੱਤਾ ਗਿਆ। ਇਸ ਦੌਰਾਨ ਇੱਥੋਂ ਲੰਘਣ ਵਾਲੇ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਕਈ ਲੋਕਾਂ ਨੇ ਪ੍ਰਦਰਸ਼ਨਕਾਰੀਆਂ ਨਾਲ ਬਹਿਸ ਵੀ ਕੀਤੀ ਤਾਂ ਉੱਥੇ ਹੀ ਕੁਝ ਲੋਕਾਂ ਨਾਲ ਹੱਥੋਪਾਈ ਤਕ ਦੀ ਨੌਬਤ ਵੀ ਆ ਗਈ।

## ਪਹਿਲਾਂ ਬਾਜ਼ਾਰ ਤੇ ਫਿਰ ਘਰ 'ਚ ਦਾਖਲ ਹੋ ਕੇ ਪਿਓ-ਪੁੱਤ ਦੀ ਕੀਤੀ ਕੁੱਟਮਾਰ

ਬਟਾਲਾ 22 ਜੂਨ। ਪਹਿਲਾਂ ਬਾਜ਼ਾਰ ਅਤੇ ਫਿਰ ਘਰ ਅੰਦਰ ਦਾਖਲ ਹੋ ਕੇ ਪਿਉ-ਪੁੱਤ ਦੀ ਕੁੱਟਮਾਰ ਕਰਨ ਦੇ ਨਾਲ-ਨਾਲ ਗਾਲੀ ਗਲੋਚ ਕਰਦਿਆਂ ਸਕੂਟਰੀ ਅਤੇ ਪੱਖੇ ਦੀ ਤੋੜ-ਭੰਨ ਕਰਨ ਵਾਲਿਆਂ ਵਿਰੁੱਧ ਥਾਣਾ ਫਤਿਹਗੜ੍ਹ ਚੂੜੀਆਂ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਪੁਲਸ ਨੂੰ ਦਿੱਤੇ ਬਿਆਨ ਵਿਚ ਪ੍ਰਦੀਪ ਕੁਮਾਰ ਪੁੱਤਰ ਚਮਨ ਲਾਲ ਵਾਸੀ ਵਾਰਡ ਨੰ.12 ਫਤਿਹਗੜ੍ਹ ਚੂੜੀਆਂ ਨੇ ਲਿਖਵਾਇਆ ਕਿ ਬੀਤੀ 8 ਜੂਨ ਨੂੰ ਰਾਤ ਸਾਢੇ 9 ਵਜੇ ਦੇ ਕਰੀਬ ਉਹ ਤੇ ਉਸ ਦਾ ਲੜਕਾ ਅੰਸ਼ੁਮਨ ਆਪਣੇ ਘਰ ਤੋਂ ਘਰੇਲੂ ਸਾਮਾਨ ਲੈਣ ਲਈ ਪੈਦਲ ਮੇਨ ਬਾਜ਼ਾਰ ਜਾ ਰਹੇ ਸੀ ਅਤੇ ਜਦੋਂ ਅਸੀਂ ਆਰੀਆ ਸਮਾਜ ਮੰਦਰ ਨੇੜੇ ਪਹੁੰਚੇ ਤਾਂ ਨੌਜਵਾਨ ਸ਼ਿਵਾ ਅਤੇ ਇਸ ਨਾਲ ਪ੍ਰਿੰਸ ਵਾਸੀਆਨ ਵਾਰਡ ਨੰ.11 ਫਤਿਹਗੜ੍ਹ ਚੂੜੀਆਂ ਪਹਿਲਾਂ ਤੋਂ ਹਥਿਆਰਾਂ ਨਾਲ ਖੜ੍ਹੇ ਸੀ। ਇਸ ਦੌਰਾਨ ਇਨ੍ਹਾਂ ਨੇ ਮੇਰੇ ਲੜਕੇ ਅੰਸ਼ੂਮਨ ਨੂੰ ਰੋਕ ਕੇ ਚਪੇੜਾਂ ਮਾਰੀਆਂ ਅਤੇ ਗਲੇ ਤੋਂ ਫੜ ਕੇ ਘੜੀਸਿਆ, ਜਿਸ 'ਤੇ ਮੈਂ ਆਪਣੇ



ਲੜਕੇ ਨੂੰ ਛੁਡਵਾਉਣ ਲਈ ਅੱਗੇ ਆਇਆ ਤਾਂ ਉਕਤ ਨੌਜਵਾਨਾਂ ਨੇ ਮੇਰੀ ਵੀ ਕੁੱਟਮਾਰ ਕਰਦਿਆਂ ਗਾਲੀ-ਗਲੋਚ ਕੀਤਾ ਅਤੇ ਇਸ ਦੇ ਬਾਅਦ ਅਸੀਂ ਦੋਵੇਂ ਆਪਣੇ ਘਰ ਆ ਗਏ ਤਾਂ ਕੁਝ ਮਿੰਟਾਂ ਬਾਅਦ ਉਕਤ ਨੌਜਵਾਨ ਫਿਰ ਆਪਣੇ ਨਾਲ 3/4 ਅਣਪਛਾਤੇ ਨੌਜਵਾਨਾਂ ਨੂੰ ਲੈ ਕੇ ਹਥਿਆਰਾਂ ਸਮੇਤ ਗਾਲੀ-ਗਲੋਚ ਕਰਦੇ ਜ਼ਬਰਦਸਤੀ ਘਰ ਅੰਦਰ ਦਾਖਲ ਹੋ ਕੇ ਅੰਦਰ ਖੜ੍ਹੀ ਐਕਟਿਵਾ ਸਮੇਤ ਸਟੈਂਡ ਵਾਲੇ ਪੱਖੇ ਦੀ ਭੰਨਤੋੜ ਕੀਤੀ ਅਤੇ ਸਾਡੀ ਕੁੱਟਮਾਰ ਵੀ ਕੀਤੀ। ਉਪਰੰਤ ਸਾਨੂੰ ਸਿਵਲ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਇਲਾਜ ਲਈ ਭਰਤੀ ਕਰਵਾਇਆ ਗਿਆ। ਹੋਰ ਜਾਣਕਾਰੀ ਦੇ ਮੁਤਾਬਕ ਉਕਤ ਮਾਮਲੇ ਸਬੰਧੀ ਐੱਸ. ਆਈ. ਸੁਖਵਿੰਦਰਜੀਤ ਸਿੰਘ ਨੇ ਕਾਰਵਾਈ ਕਰਦਿਆਂ ਉਕਤ ਦੋਵਾਂ ਨੌਜਵਾਨਾਂ ਸਮੇਤ ਅਣਪਛਾਤਿਆਂ ਖ਼ਿਲਾਫ ਬਣਦੀਆਂ ਧਾਰਾਵਾਂ ਹੇਠ ਥਾਣਾ ਫਤਿਹਗੜ੍ਹ ਚੂੜੀਆਂ ਵਿਚ ਕੇਸ ਦਰਜ ਕਰ ਦਿੱਤਾ ਹੈ।

### ਘਰ 'ਚ ਦਾਖਲ ਹੋ ਹਵਾਈ ਫਾਇਰ ਅਤੇ ਨੌਜਵਾਨ ਦੀ ਖਿੱਚਧੂਹ ਕਰਨ ਵਾਲੇ 1 ਪਛਾਤੇ ਤੇ 10 ਅਣਪਛਾਤਿਆਂ 'ਤੇ ਕੇਸ ਦਰਜ

ਬਟਾਲਾ 29 ਅਗਸਤ। ਘਰ ਵਿਚ ਦਾਖਲ ਹੋ ਕੇ ਹਵਾਈ ਫਾਇਰ ਅਤੇ ਨੌਜਵਾਨ ਦੀ ਖਿੱਚਧੂਹ ਕਰਨ ਵਾਲੇ ਇਕ ਪਛਾਤੇ ਅਤੇ ਕਰੀਬ 10 ਅਣਪਛਾਤਿਆਂ ਖ਼ਿਲਾਫ ਥਾਣਾ ਕਾਦੀਆਂ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਸਵਿੰਦਰ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਪਿੰਡ ਬਸਰਾਏਂ ਨੇ ਲਿਖਵਾਇਆ ਹੈ ਕਿ ਉਹ ਤੇ ਉਸ ਦਾ ਸਾਰਾ ਪਰਿਵਾਰ ਬੀਤੀ 15 ਜੂਨ ਨੂੰ ਦੁਪਹਿਰ ਤਿੰਨ ਵਜੇ ਘਰ




ਵਿਚ ਮੌਜੂਦ ਸੀ ਕਿ ਸੁਖਮਨਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਸੋਹੀਆਂ ਕਲਾਂ, ਥਾਣਾ ਮਜੀਠਾ ਆਪਣੇ ਨਾਲ 8/10 ਅਣਪਛਾਤੇ ਵਿਅਕਤੀਆਂ ਨੂੰ ਲੈ ਕੇ ਆ ਗਿਆ, ਜਿਨ੍ਹਾਂ ਕੋਲੋਂ ਡੰਡੇ ਤੇ ਦਾਤਰ ਸਨ, ਜਦਕਿ ਖੁਦ ਸੁਖਮਨਪ੍ਰੀਤ ਸਿੰਘ ਕੋਲ ਪਿਸਟਲ ਸੀ, ਜਿਨ੍ਹਾਂ ਨੇ ਘਰ ਵਿਚ ਦਾਖਲ ਹੋ ਕੇ ਉਸਦੇ ਲੜਕੇ ਗੁਰਸਿਮਰਨਪ੍ਰੀਤ ਸਿੰਘ ਦੀ ਧੂਹ-ਘਸੀਟ ਕੀਤੀ ਅਤੇ ਕਿਹਾ ਕਿ ਇਹ ਮੇਰੀ ਚਚੇਰੀ ਭੈਣ ਨਾਲ ਫੋਨ 'ਤੇ ਗੱਲਾਂ ਕਰਦਾ ਹੈ ਅਤੇ ਉਕਤ ਨੌਜਵਾਨ ਨੇ ਹਵਾਈ ਫਾਇਰ ਕੀਤਾ। ਇਸ ਤੋਂ ਬਾਅਦ ਰੌਲਾ ਸੁਣ ਕੇ ਆਂਢ ਗੁਆਂਢ ਇਕੱਠੇ ਹੋਣੇ ਸ਼ੁਰੂ ਹੋ ਗਏ, ਜਿਸ 'ਤੇ ਉਕਤ ਨੌਜਵਾਨ ਤੇ ਉਸ ਨਾਲ ਅਣਪਛਾਤੇ ਆਪਣੇ-ਆਪਣੇ ਹਥਿਆਰਾਂ ਸਮੇਤ ਚਲੇ ਗਏ ਅਤੇ ਰਸਤੇ ਵਿਚ ਪੱਕੀ ਸੜਕ 'ਤੇ ਖੜ੍ਹੇ ਕੀਤੇ ਆਪਣੇ ਮੋਟਰਸਾਈਕਲਾਂ ਕੋਲ ਵੀ ਇਕ ਫਾਇਰ ਕੀਤਾ ਅਤੇ ਬਾਅਦ ਵਿਚ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਫਰਾਰ ਹੋ ਗਏ।

### ਚੋਰਾਂ ਦੇ ਹੌਸਲੇ ਇੰਨੇ ਬੁਲੰਦ ! ਇਕੋ ਰਾਤ 4 ਕਿਸਾਨਾਂ ਦੀਆਂ ਮੋਟਰਾਂ ਤੇ ਇੰਜਣਾਂ ਤੋਂ ਚੈੱਕਵਾਲ ਕਰ ਲਏ ਚੋਰੀ

ਦੀਨਾਨਗਰ 22 ਜੂਨ। ਪੁਲਸ ਸਟੇਸਨ ਬਹਿਰਾਮਪੁਰ ਦੇ ਅਧੀਨ ਆਉਂਦੇ ਇਲਾਕੇ 'ਚ ਆਏ ਦਿਨ ਚੋਰੀ ਦੀਆਂ ਵਾਰਦਾਤਾਂ ਦੀ ਗਿਣਤੀ 'ਚ ਵਾਧਾ ਹੁੰਦਾ ਜਾ ਰਿਹਾ ਹੈ। ਇਸ ਕਾਰਨ ਲੋਕਾਂ ਵਿੱਚ ਦਹਿਸਤ ਦਾ ਮਾਹੌਲ ਵੇਖਿਆ ਜਾ ਰਿਹਾ ਹੈ। ਇਸ ਦੀ ਮਿਸਾਲ ਨੇੜਲੇ ਪਿੰਡ ਭਰਥ ਵਿੱਚ ਚੋਰਾਂ ਵੱਲੋਂ ਇੱਕੋ ਰਾਤ ਚਾਰ ਕਿਸਾਨਾਂ ਦੀਆਂ ਮੋਟਰਾਂ ਅਤੇ ਇੰਜਣਾ ਤੋਂ ਚੈੱਕਵਾਲ ਚੋਰੀ ਕਰਨ ਤੋਂ ਮਿਲਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਸੁਨੀਲ ਕੁਮਾਰ ਨੇ ਦੱਸਿਆ ਕਿ ਹਰ ਰੋਜ ਦੀ ਤਰ੍ਹਾਂ ਜਦੋਂ ਉਹ ਆਪਣੇ ਖੇਤਾਂ 'ਚ ਗੇੜਾ ਮਾਰਨ ਗਿਆ ਤਾਂ ਦੇਖਿਆ ਕਿ ਚੋਰਾਂ ਨੇ ਉਸ ਦੀ ਮੋਟਰ 'ਚੋਂ ਚੈੱਕਵਾਲ ਚੋਰੀ ਕਰ ਲਿਆ ਹੋਇਆ ਹੈ। ਇਸੇ ਤਰ੍ਹਾਂ ਪਿੰਡ ਦੇ ਕਿਸਾਨ ਸੰਜੀਵ ਸਰਮਾ, ਸੰਨੀ ਸਰਮਾ ਅਤੇ ਬੂਟੀ ਦੀ ਮੋਟਰ ਤੋ ਚੋਰਾਂ ਨੇ ਚੈੱਕਵਾਲ ਚੋਰੀ ਕਰ ਲਏ ਹਨ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਲਾਕੇ ਵਿਚ ਚੋਰੀ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ, ਜਿਸ ਕਾਰਨ ਕਿਸਾਨਾਂ ਨੂੰ ਦੋਹਰੀ ਮਾਰ ਹੇਠਾਂ ਆਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਉਹਨਾਂ ਪੁਲਿਸ ਪ੍ਰਸਾਸਨ ਕੋਲੋਂ ਮੰਗ ਕੀਤੀ ਹੈ ਕਿ ਇਲਾਕੇ ਅੰਦਰ ਰਾਤ ਦੀ ਗਸਤ ਤੇਜ ਕੀਤੀ ਜਾਵੇ ਤਾਂ ਕਿ ਕਿਸਾਨਾਂ ਚੋਰੀਆ ਦੀਆਂ ਘਟਨਾਵਾਂ ਨੂੰ ਨੱਥ ਪਾਈ ਜਾ ਸਕੇ।

## ਪੰਜਾਬ ਮਗਰੋਂ ਹੁਣ ਚੰਡੀਗੜ੍ਹ 'ਚ ਵੀ ਐਡਵਾਇਜਰੀ ਜਾਰੀ, ਸਵੇਰੇ-ਸ਼ਾਮ ਸੈਰ ਨਾ ਕਰਨ ਲੋਕ

ਚੰਡੀਗੜ੍ਹ 29 ਅਗਸਤ। ਸਿਟੀ ਬਿਊਟੀਫੁੱਲ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ 'ਚ ਵੱਧ ਰਹੇ ਪ੍ਰਦੂਸ਼ਣ ਕਾਰਨ ਸਿਹਤ ਸਬੰਧੀ ਸਮੱਸਿਆਵਾਂ ਨਾ ਵਧਣ ਨੂੰ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਵਲੋਂ ਐਤਵਾਰ ਇਕ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ। ਵਿਭਾਗ ਨੇ ਲੋਕਾਂ ਨੂੰ ਉਨ੍ਹਾਂ ਖੇਤਰਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ, ਜਿੱਥੇ ਜ਼ਿਆਦਾ ਪ੍ਰਦੂਸ਼ਣ ਹੁੰਦਾ ਹੈ, ਜਿਸ 'ਚ ਹੌਲੀ ਅਤੇ ਭਾਰੀ ਆਵਾਜਾਈ ਵਾਲੀਆਂ ਸੜਕਾਂ, ਉਦਯੋਗ ਅਤੇ ਉਸਾਰੀ ਵਾਲੀਆਂ ਥਾਵਾਂ ਸ਼ਾਮਲ ਹਨ। ਨਾਲ ਹੀ ਲੋਕਾਂ ਨੂੰ ਸਵੇਰੇ ਅਤੇ ਦੇਰ ਸ਼ਾਮ ਬਾਹਰ ਨਾ ਨਿਕਲਣ ਦੀ ਵੀ ਸਲਾਹ ਦਿੱਤੀ ਗਈ ਹੈ। ਲੋਕਾਂ ਨੂੰ ਆਪਣੇ ਘਰਾਂ ਦੇ ਵਾਧੂ ਦਰਵਾਜੇ ਅਤੇ ਖਿੜਕੀਆਂ ਨਾ ਖੋਲ੍ਹਣ ਦੀ ਵੀ ਅਪੀਲ ਕੀਤੀ ਗਈ ਹੈ। ਦੁਪਹਿਰ 12 ਤੋਂ ਸ਼ਾਮ 4 ਵਜੇ ਤੱਕ ਹਵਾਦਾਰੀ ਲਈ ਜਰੂਰੀ ਹੋਣ 'ਤੇ ਹੀ ਇੰਝ ਕਰਨ ਲਈ ਕਿਹਾ ਗਿਆ ਹੈ। ਹੁਕਮਾਂ ਅਨੁਸਾਰ ਲੋਕ ਬਾਇਓਮਾਸ ਜਿਵੇਂ ਕਿ ਲੱਕੜ, ਕੋਲਾ, ਪਸ਼ੂਆਂ ਦਾ ਗੋਹਾ ਤੇ ਮਿੱਟੀ ਦਾ ਤੇਲ ਆਦਿ ਬਾਲਣ ਤੋਂ ਗੁਰੇਜ ਕਰਨ। ਖਾਣਾ ਪਕਾਉਣ ਅਤੇ ਗਰਮ ਕਰਨ ਦੇ



ਮਕਸਦ ਲਈ ਸਾਫ਼ ਧੂੰਆਂ ਰਹਿਤ ਬਾਲਣ (ਗੈਸ ਜਾਂ ਬਿਜਲੀ) ਦੀ ਵਰਤੋਂ ਕਰੋ। ਜੇ ਬਾਇਓਮਾਸ ਦੀ ਵਰਤੋਂ ਕਰ ਰਹੇ ਹੋ, ਤਾਂ ਸਿਰਫ਼ ਇਕ ਸਾਫ਼ ਸਟੋਵ ਦੀ ਵਰਤੋਂ ਕਰਨੀ ਚਾਹੀਦੀ ਹੈ। ਸਰਦੀਆਂ 'ਚ ਬੰਦ ਕਮਰਿਆਂ 'ਚ ਅੰਗੀਠੀ 'ਚ ਲੱਕੜ ਅਤੇ ਕੋਲਾ ਬਾਲਣ ਤੋਂ ਬਚੋ, ਜੋ ਘਾਤਕ ਹੋ ਸਕਦਾ ਹੈ। ਲੋਕਾਂ ਨੂੰ ਪਟਾਕੇ ਨਾ ਚਲਾਉਣ ਦੀ ਵੀ ਸਲਾਹ ਦਿੱਤੀ ਗਈ ਹੈ, ਜਦਕਿ ਯੂ. ਟੀ. ਪ੍ਰਸ਼ਾਸਨ ਨੇ ਇਸ ਵਾਰ ਤਿਉਹਾਰਾਂ ਦੇ ਸੀਜ਼ਨ ਦੌਰਾਨ ਸੀਮਤ ਸਮੇਂ ਲਈ ਗ੍ਰੀਨ ਪਟਾਕੇ ਚਲਾਉਣ ਦੀ ਇਜਾਜਤ ਦਿੱਤੀ ਸੀ। ਇਸ ਤੋਂ ਇਲਾਵਾ ਕਿਸੇ ਵੀ ਕਿਸਮ ਦੀ ਲੱਕੜ, ਪੱਤੇ, ਫਸਲਾਂ ਦੀ ਰਹਿੰਦ-ਖੂੰਹਦ ਅਤੇ ਕੂੜਾ ਨਾ ਸਾੜਨ ਦੀ ਅਪੀਲ ਕੀਤੀ ਗਈ ਹੈ। ਸਿਗਰੇਟਾਂ, ਬੀੜੀਆਂ ਅਤੇ ਤੰਬਾਕੂ ਪਦਾਰਥਾਂ ਦਾ ਸੇਵਨ ਨਾ ਕਰਨ ਤੋਂ ਇਲਾਵਾ ਬੰਦ ਥਾਵਾਂ 'ਤੇ ਮੱਛਰ ਭਜਾਉਣ ਵਾਲੀਆਂ ਅਗਰਬੱਤੀਆਂ ਨਾ ਧੁਖਾਉਣ ਦੀ ਵੀ ਅਪੀਲ ਕੀਤੀ ਗਈ ਹੈ। ਪ੍ਰਸ਼ਾਸਨ ਮੁਤਾਬਕ ਏ. ਕਿਊ. ਆਈ. ਨੂੰ ਧਿਆਨ 'ਚ ਰੱਖ ਕੇ ਕਿਸੇ ਵੀ ਤਰ੍ਹਾਂ ਦੀ ਯੋਜਨਾਬੰਦੀ ਬਣਾਓ ਅਤੇ ਖਰਾਬ ਜਾਂ ਗੰਭੀਰ ਏ. ਕਿਊ. ਆਈ. ਵਾਲੇ ਦਿਨਾਂ 'ਚ ਘਰ ਦੇ ਅੰਦਰ ਹੀ ਰਹੋ। ਅੱਖਾਂ ਨੂੰ ਨਿਯਮਿਤ ਤੌਰ 'ਤੇ ਸਾਫ਼ ਪਾਣੀ ਨਾਲ ਧੋਵੋ ਅਤੇ ਕੋਸੇ ਪਾਣੀ ਨਾਲ ਨਿਯਮਿਤ ਤੌਰ 'ਤੇ ਗਰਾਰੇ ਕਰੋ। ਸਾਹ ਲੈਣ 'ਚ ਤਕਲੀਫ਼, ਚੱਕਰ ਆਉਣੇ, ਖੰਘ, ਛਾਤੀ 'ਚ ਤਕਲੀਫ਼ ਜਾਂ ਅੱਖਾਂ ਵਿਚ ਦਰਦ ਅਤੇ ਜਲਣ ਦੀ ਹਾਲਤ ਵਿਚ ਆਪਣੇ ਨਜ਼ਦੀਕੀ ਡਾਕਟਰ ਨਾਲ ਸੰਪਰਕ ਕਰੋ। ਨਾਲ ਹੀ ਮਾਸਕ ਦੇ ਰੂਪ ਵਿਚ ਸਿਰਫ਼ ਐੱਨ.- 95 ਅਤੇ ਐੱਨ.-99 ਮਾਸਕ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ।

## ਅੰਮ੍ਰਿਤਸਰ 'ਚ ਲੁਟੇਰਿਆਂ ਦਾ ਆਤੰਕ ਜਾਰੀ, ਦੋ ਵਾਰਦਾਤਾਂ ਨੂੰ ਦਿੱਤਾ ਅੰਜਾਮ

ਅੰਮ੍ਰਿਤਸਰ 29 ਅਗਸਤ। ਪੁਲਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕਰਨ ਦੇ ਦਾਅਵਿਆਂ ਦੇ ਬਾਵਜੂਦ ਅੰਮ੍ਰਿਤਸਰ 'ਚ ਲੁਟੇਰਿਆਂ ਦਾ ਆਤੰਕ ਜਾਰੀ ਹੈ। ਹਰ ਰੋਜ ਲੁਟੇਰੇ ਦਿਨ-ਦਿਹਾੜੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ ਪਰ ਪੁਲਸ ਇਨ੍ਹਾਂ 'ਤੇ ਸ਼ਿਕੰਜਾ ਕੱਸਣ ਵਿਚ ਨਾਕਾਮ ਸਾਬਿਤ ਹੋ ਰਹੀ ਹੈ। ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਦਾ ਕਾਰਨ ਸਹਿਰ 'ਚ ਸਰੇਆਮ ਵਿਕ ਰਿਹਾ ਨਸਾ ਹੈ, ਜਿਸ ਨੂੰ ਪੂਰਾ ਕਰਨ ਲਈ ਲੁਟੇਰੇ ਲੋਕਾਂ ਨੂੰ ਡਰਾ ਧਮਕਾ ਕੇ ਜਖਮੀ ਕਰਦੇ ਹਨ ਅਤੇ ਸਾਮਾਨ ਖੋਹ ਲੈਂਦੇ ਹਨ। ਕਈ ਵਾਰ ਇਹ ਵੀ ਦੇਖਿਆ ਗਿਆ ਹੈ ਕਿ ਬੇਖੌਫ ਲੁਟੇਰੇ ਕੀਮਤੀ ਸਾਮਾਨ ਅਤੇ ਨਕਦੀ ਖੋਹਣ ਦੇ ਨਾਲ-ਨਾਲ ਗੋਲੀਆਂ ਵੀ ਚਲਾ ਦਿੰਦੇ ਹਨ। ਹਾਲ ਹੀ ਵਿਚ ਸਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਵਿਚ ਇਕ ਨੌਜਵਾਨ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ, ਜਦਕਿ ਦੂਜਾ ਗੰਭੀਰ ਜਖਮੀ ਹੋ ਗਿਆ ਸੀ। ਇਸੇ ਤਰ੍ਹਾਂ ਥਾਣਾ ਇਸਲਾਮਾਬਾਦ ਅਤੇ




ਮੋਹਕਮਪੁਰਾ ਇਲਾਕੇ ਵਿਚ ਲੁਟੇਰਿਆਂ ਨੇ ਦੋ ਵਾਰਦਾਤਾਂ ਨੂੰ ਅੰਜਾਮ ਦਿੱਤਾ, ਜਿਸ ਵਿਚ ਥਾਣਾ ਇਸਲਾਮਾਬਾਦ ਦੀ ਪੁਲਸ ਨੂੰ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਐਕਟਿਵਾ ਸਕੂਟਰ 'ਤੇ ਥਾਂਦੇ ਰੋਡ ਤੋਂ ਗੰਦੇ ਨਾਲੇ ਵੱਲ ਜਾ ਰਿਹਾ ਸੀ। ਸਵੇਰੇ 7 ਵਜੇ ਦੇ ਕਰੀਬ ਇਕ ਇਨੋਵਾ ਕਾਰ ਵਿਚ ਸਵਾਰ ਚਾਰ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਰੋਕ ਲਿਆ ਅਤੇ ਹਥਿਆਰਾਂ ਦੀ ਨੋਕ 'ਤੇ ਉਸ ਦੇ ਹੱਥ ਵਿਚ ਪਾਇਆ ਚਾਂਦੀ ਦਾ ਕੜਾ ਅਤੇ ਜੇਬ ਵਿਚੋਂ 10 ਹਜਾਰ ਰੁਪਏ ਦੀ ਨਕਦੀ ਖੋਹ ਲਈ। ਦੂਜੇ ਪਾਸੇ ਥਾਣਾ ਮੋਹਕਮਪੁਰਾ ਦੀ ਪੁਲਸ ਨੂੰ ਰਾਜੇਸ ਕੁਮਾਰ ਨੇ ਦੱਸਿਆ ਕਿ ਉਹ ਗਲਿਆਰਾ ਖੇਤਰ 'ਚ ਸਥਿਤ ਟੀਟੂ ਪੰਜਾਬੀ ਜੁੱਤੀ ਦੀ ਦੁਕਾਨ 'ਤੇ ਕੰਮ ਕਰਦਾ ਹੈ।

## ਜਲੰਧਰ 'ਚ ਸ਼ਰਮਨਾਕ ਕਾਰਾ, ਫਾਰਮ ਹਾਊਸ ਦੇ ਅੰਦਰ ਗਊ ਦੀ ਕੀਤੀ ਹੱਤਿਆ

ਜਲੰਧਰ 29 ਅਗਸਤ। ਇਥੋਂ ਦੇ ਖੁਰਲਾ ਕਿੰਗਰਾ ਇਲਾਕੇ 'ਚ ਸਥਿਤ ਇਕ ਫਾਰਮ ਹਾਊਸ ਦੇ ਅੰਦਰ ਜ਼ਿੰਦਾ ਗਊ ਨੂੰ ਲਿਆ ਕੇ 2 ਮੁਲਜਮਾਂ ਨੇ ਉਸ ਨੂੰ ਕੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਜਿਵੇਂ ਹੀ ਸਥਾਨਕ ਲੋਕਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਥਾਣਾ 7 ਦੀ ਪੁਲਸ ਨੂੰ ਸੂਚਨਾ ਦਿੱਤੀ ਪਰ ਜਦੋਂ ਤੱਕ ਪੁਲਸ ਪਹੁੰਚੀ ਉਦੋਂ ਤੱਕ ਮੁਲਜਮ ਗਊ ਨੂੰ ਪੂਰੀ ਤਰ੍ਹਾਂ ਕੱਟ ਚੁੱਕੇ ਸਨ। ਪੁਲਸ ਨੇ ਦੋਵਾਂ ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਗਊ ਮਾਸ ਨੂੰ ਆਪਣੇ ਕਬਜੇ 'ਚ ਲੈ ਲਿਆ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਫਾਰਮ ਹਾਊਸ ਦੇ ਮਾਲਕ ਨੇ ਆਪਣੀ ਪ੍ਰਾਪਰਟੀ ਕਿਰਾਏ 'ਤੇ ਦਿੱਤੀ ਹੋਈ ਹੈ। ਇਥੇ ਪ੍ਰਵਾਸੀ ਲੋਕ ਰਹਿੰਦੇ ਹਨ ਪਰ ਕੁਝ ਸਮੇਂ ਤੋਂ ਅਣਪਛਾਤੇ ਲੋਕਾਂ ਦਾ ਆਉਣਾ-ਜਾਣਾ ਸੀ। ਉਨ੍ਹਾਂ ਨੂੰ ਐਤਵਾਰ ਲਗਭਗ ਸਾਢੇ 4 ਵਜੇ ਦੇ ਆਸ-ਪਾਸ ਪਤਾ ਲੱਗਾ ਕਿ ਫਾਰਮ ਹਾਊਸ ਦੇ ਅੰਦਰ ਗਊ ਕੱਟੀ ਜਾ ਰਹੀ ਹੈ। ਉਨ੍ਹਾਂ ਆਪਣੇ ਘਰਾਂ ਦੀ ਛੱਤ 'ਤੇ ਜਾ ਕੇ ਵੇਖਿਆ ਤਾਂ ਕੁਝ ਖਦਸ਼ਾ ਪ੍ਰਗਟ ਹੋਇਆ। ਇਸ ਦੀ ਸੂਚਨਾ ਜਦੋਂ ਪੁਲਸ ਨੂੰ ਦਿੱਤੀ ਤਾਂ ਥਾਣਾ-7 ਦੇ ਇੰਚਾਰਜ ਮੁਕੇਸ਼ ਕੁਮਾਰ ਆਪਣੀ ਟੀਮ ਨਾਲ ਪਹੁੰਚ ਗਏ। ਉਨ੍ਹਾਂ ਫਾਰਮ ਹਾਊਸ ਦੇ ਅੰਦਰ ਜਾ ਕੇ ਵੇਖਿਆ ਤਾਂ 2 ਵਿਅਕਤੀ ਗਊ ਦੇ ਮਾਸ ਨੂੰ ਪੂਰੀ ਤਰ੍ਹਾਂ ਕੱਟ ਚੁੱਕੇ ਸਨ ਅਤੇ ਉਸ ਮਾਸ ਦੀ ਪੈਕਿੰਗ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ। ਤਿਉਹਾਰਾਂ ਦੇ ਦਰਮਿਆਨ ਗਊ ਦੀ ਹੱਤਿਆ ਕਰਨ ਦੀ ਸੂਚਨਾ ਮਿਲਦੇ ਹੀ ਹਿੰਦੂ ਨੇਤਾ ਵੀ ਮੌਕੇ 'ਤੇ ਪਹੁੰਚ ਗਏ। ਪੁਲਸ ਦੋਵੇਂ ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਥਾਣਾ-7 ਲੈ ਗਈ ਅਤੇ ਗਊ ਮਾਸ ਨੂੰ ਕਬਜੇ 'ਚ ਲੈ ਲਿਆ। ਥਾਣਾ 7 ਦੇ ਇੰਚਾਰਜ ਮੁਕੇਸ਼ ਕੁਮਾਰ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਮੁਲਜਮ ਹੀ ਗਊ ਲਿਆ ਸਨ ਅਤੇ ਇਨ੍ਹਾਂ ਨੇ ਹੀ ਗਊ ਦੀ ਹੱਤਿਆ ਕਰਕੇ ਕੱਟੀ ਸੀ। ਪੁਲਸ ਦੇਰ ਰਾਤ ਦੋਵਾਂ ਖ਼ਿਲਾਫ ਕੇਸ ਦਰਜ ਕਰ ਰਹੀ ਸੀ। ਇਸ ਦਾ ਖੁਲਾਸਾ ਪੁਲਸ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ 'ਚ ਵੀ ਕਰ ਸਕਦੀ ਹੈ।

## ਭਾਰਤੀਆਂ ਨੂੰ ਸਵੇਰੇ ਉੱਠਣ ਸਾਰ ਲੱਗੇਗਾ ਝਟਕਾ, ਚਾਹ ਦੀ ਚੁਸਕੀ ਪੈ ਸਕਦੀ ਮਹਿੰਗੀ

ਕੋਲਕਾਤਾ 29 ਅਗਸਤ। ਭਾਰਤ 'ਚ ਕਰੋੜਾਂ ਲੋਕ ਸਵੇਰੇ-ਸਵੇਰੇ ਚਾਹ ਦੀ ਚੁਸਕੀ ਲੈਣਾ ਪਸੰਦ ਕਰਦੇ ਹਨ। ਇਹ ਗਿਣਤੀ ਸਮੇਂ ਦੇ ਨਾਲ ਵਧਦੀ ਹੀ ਜਾ ਰਹੀ ਹੈ। ਇਸ ਕਾਰਨ ਭਾਰਤ 'ਚ ਚਾਹ ਦੀ ਖਪਤ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਦੌਰਾਨ ਚਾਹ ਪੀਣ ਦੇ ਸ਼ੌਕੀਨਾਂ ਲਈ ਇਕ ਬੁਰੀ ਖਬਰ ਹੈ। ਦਰਅਸਲ, ਚਾਹ ਉਤਪਾਦਕਾਂ ਦੀ ਬਾਡੀਜ ਟੀ-ਐਸੋਸੀਏਸਨ ਆਫ ਇੰਡੀਆ (ਟੀ. ਏ. ਆਈ.) ਨੇ ਕਿਹਾ ਹੈ ਕਿ ਉੱਤਰੀ ਬੰਗਾਲ ਦਾ ਚਾਹ ਉਦਯੋਗ ਗੰਭੀਰ ਸੰਕਟ 'ਚੋਂ ਲੰਘ ਰਿਹਾ ਹੈ ਅਤੇ ਖੇਤਰ ਦੇ ਕਈ ਬਾਗ ਬੰਦ ਹੋ ਗਏ ਹਨ। ਇਸ ਮਾਮਲੇ ਦੇ ਸਬੰਧ ਵਿੱਚ ਟੀ. ਏ. ਆਈ. ਦੇ ਜਨਰਲ ਸਕੱਤਰ ਪੀ. ਕੇ. ਭੱਟਾਚਾਰੀਆ ਨੇ ਕਿਹਾ ਕਿ ਅਕਤੂਬਰ 2023 'ਚ ਉੱਤਰੀ ਬੰਗਾਲ 'ਚ 13-14 ਚਾਹ ਦੇ ਬਾਗ ਬੰਦ ਹੋ ਗਏ, ਜਿਸ ਨਾਲ 11,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ। ਜਾਣਕਾਰਾਂ ਦਾ ਕਹਿਣਾ ਹੈ ਕਿ ਚਾਹ ਦੇ ਬਾਗ ਦੇ ਬੰਦ ਹੋਣ ਨਾਲ ਚਾਹ ਦਾ ਉਤਪਾਦਨ ਪ੍ਰਭਾਵਿਤ ਹੋਵੇਗਾ, ਜਿਸ ਕਾਰਨ ਆਉਣ ਵਾਲੇ ਦਿਨਾਂ 'ਚ ਚਾਹ ਪੱਤੀ ਦੀਆਂ ਕੀਮਤਾਂ 'ਚ ਵਾਧਾ ਹੋਵੇਗਾ। ਠੰਡ 'ਚ ਵੈਸੇ ਵੀ ਚਾਹ ਪੱਤੀ ਦੀ ਜ਼ਿਆਦਾ ਖਪਤ ਹੁੰਦੀ ਹੈ, ਜਿਸ ਕਾਰਨ ਕੀਮਤ ਵਧ ਜਾਂਦੀ ਹੈ। ਟੀ. ਏ. ਆਈ. ਨੇ ਕਿਹਾ ਕਿ ਇਸ ਸਾਲ ਅਪ੍ਰੈਲ 'ਚ ਪੱਛਮੀ ਬੰਗਾਲ ਸਰਕਾਰ ਵੱਲੋਂ ਐਲਾਨੇ ਅੰਤ੍ਰਿਮ ਮਜਦੂਰੀ 'ਚ ਵਾਧੇ ਕਾਰਨ ਸੰਗਠਿਤ ਅਤੇ ਛੋਟੀਆਂ ਚਾਹ ਫੈਕਟਰੀਆਂ (ਬੀ. ਐੱਲ. ਐੱਫ.) ਸਮੇਤ ਲਗਭਗ 300 ਬਾਗਾਂ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਖੇਤਰਾਂ 'ਚ ਸਾਲਾਨਾ ਲਗਭਗ 40 ਕਰੋੜ ਕਿਲੋ ਚਾਹ ਦਾ ਉਤਪਾਦਨ ਹੁੰਦਾ ਹੈ। ਭੱਟਾਚਾਰੀਆ ਮੁਤਾਬਕ



ਉੱਤਰੀ ਬੰਗਾਲ 'ਚ ਕਰੀਬ 300 ਚਾਹ ਦੇ ਬਾਗ ਹਨ, ਜਿਨ੍ਹਾਂ 'ਚੋਂ 15 ਬੰਦ ਹਨ। ਟੀ. ਏ. ਆਈ. ਨੇ ਕਿਹਾ ਕਿ ਉਦਯੋਗ ਨੂੰ ਖਾਦਾਂ, ਕੋਲੇ ਅਤੇ ਰਸਾਇਣਾਂ ਤੋਂ ਲੈ ਕੇ ਉਤਪਾਦਨ ਲਾਗਤਾਂ 'ਚ ਅਚਾਨਕ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦੋਂਕਿ ਨੀਲਾਮੀ 'ਚ ਕੀਮਤਾਂ ਬਹੁਤ ਘੱਟ ਮਿਲ ਰਹੀਆਂ ਹਨ। ਐਸੋਸੀਏਸਨ ਨੇ ਇਹ ਵੀ ਕਿਹਾ ਕਿ ਵਿੱਤੀ ਸੰਕਟ ਨੂੰ ਘੱਟ ਕਰਨ 'ਚ ਮਦਦ ਲਈ ਉਦਯੋਗ ਨੇ ਪਹਿਲਾਂ ਹੀ ਪੱਛਮੀ ਬੰਗਾਲ ਸਰਕਾਰ ਨਾਲ ਗੱਲਬਾਤ ਕੀਤੀ ਹੈ। ਚਾਹ ਬੋਰਡ ਨੇ ਅਗਲੇ ਸਾਲ ਦੀ ਪਹਿਲੀ ਛਿਮਾਹੀ 'ਚ ਵਧੀਆ ਫਸਲ ਲਈ ਉੱਤਰ ਭਾਰਤ 'ਚ ਸਰਦੀਆਂ 'ਚ ਚਾਹ ਉਤਪਾਦਕ ਖੇਤਰਾਂ 'ਚ ਵਿਨਿਰਮਾਣ ਯੂਨਿਟਾਂ ਨੂੰ ਬੰਦ ਕਰਨ ਦਾ ਆਦੇਸ਼ ਦੇ ਰੱਖਿਆ ਹੈ। ਬੋਰਡ ਦੇ ਹੁਕਮਾਂ ਅਨੁਸਾਰ ਦਾਰਜੀਲਿੰਗ, ਸਿੱਕਮ, ਹਿਮਾਚਲ ਪ੍ਰਦੇਸ ਅਤੇ ਉੱਤਰਾਖੰਡ ਦੀਆਂ ਸਾਰੀਆਂ ਚਾਹ ਫੈਕਟਰੀਆਂ ਲਈ ਹਰੇ ਪੱਤੇ ਤੋੜਨ ਜਾਂ ਲੈਣ ਦੀ ਆਖਰੀ ਮਿਤੀ 11 ਦਸੰਬਰ ਤੈਅ ਕੀਤੀ ਗਈ ਹੈ। ਉਥੇ ਪੱਛਮੀ ਬੰਗਾਲ ਦੇ ਦੁਆਰ ਅਤੇ ਤਰਾਈ ਖੇਤਰ ਤੇ ਬਿਹਾਰ ਲਈ ਮਿਤੀ 23 ਦਸੰਬਰ ਹੈ। ਦਾਰਜੀਲਿੰਗ, ਸਿੱਕਮ, ਹਿਮਾਚਲ ਪ੍ਰਦੇਸ ਅਤੇ ਉੱਤਰਾਖੰਡ 'ਚ ਫੈਕਟਰੀਆਂ 'ਚ ਹਰੇ ਪੱਤਿਆਂ ਦੀ ਪ੍ਰਾਸੈਸਿੰਗ ਦੀ ਆਖਰੀ ਮਿਤੀ 13 ਦਸੰਬਰ, ਜਦੋਂਕਿ ਤਰਾਈ, ਦੁਆਰ ਅਤੇ ਬਿਹਾਰ 'ਚ 26 ਦਸੰਬਰ ਹੈ। ਆਦੇਸ਼ 'ਚ ਕਿਹਾ ਗਿਆ ਕਿ ਦਾਰਜਲਿੰਗ, ਸਿੱਕਮ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਲਈ ਛਾਂਟੀ, ਪੈਕਿੰਗ ਅਤੇ ਪੈਕ ਕੀਤੀ ਗਈ ਚਾਹ ਨੂੰ ਨੋਟੀਫਾਈਡ ਸਟੋਰੇਜ ਖੇਤਰਾਂ 'ਚ ਬਿੱਲ ਮਾਰਕਿੰਗ ਦੇ ਨਾਲ ਲਿਜਾਣ ਦੀ ਆਖਰੀ ਮਿਤੀ 26 ਦਸੰਬਰ ਹੋਵੇਗੀ। ਪੱਛਮੀ ਬੰਗਾਲ ਦੇ ਦੁਆਰ ਅਤੇ ਤਰਾਈ ਖੇਤਰ ਤੇ ਬਿਹਾਰ 'ਚ ਸੀ. ਟੀ. ਸੀ. ਸਿੱਕਮ ਲਈ 6 ਜਨਵਰੀ 2024 ਅਤੇ ਹਰੀ ਚਾਹ ਕਿਸਮਾਂ ਲਈ 11 ਜਨਵਰੀ 2024 ਦੀ ਮਿਤੀ ਤੈਅ ਕੀਤੀ ਗਈ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਭਾਰਤੀ ਕੋਸਟ ਗਾਰਡ ਨੇ ਤਾਲਮੇਲ ਮੁਹਿੰਮ ਦੌਰਾਨ 11 ਲੋਕਾਂ ਦੀ ਬਚਾਈ ਜਾਨ: ਰੱਖਿਆ ਮੰਤਰਾਲਾ

ਜੈਤੋ 29 ਅਗਸਤ। ਭਾਰਤੀ ਤੱਟ ਰੱਖਿਅਕ () ਨੇ 26 ਅਗਸਤ, 2024 ਨੂੰ ਰਾਤ ਦੇ ਸਮੇਂ ਇੱਕ ਚੁਣੌਤੀਪੂਰਨ ਖੋਜ ਅਤੇ ਬਚਾਅ ਮੁਹਿੰਮ ਦੌਰਾਨ ਸੰਕਟ ਵਿੱਚ ਫਸੇ ਐਮ.ਵੀ. ਆਈਟੀਟੀ ਪੂਮਾ ਦੇ 11 ਚਾਲਕ ਦਲ ਦੇ ਮੈਂਬਰਾਂ ਨੂੰ ਬਚਾਇਆ। ਰੱਖਿਆ ਮੰਤਰਾਲੇ ਨੇ ਸੋਮਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਮੁੰਬਈ-ਰਜਿਸਟਰਡ ਜਨਰਲ ਕਾਰਗੋ ਜਹਾਜ ਕੋਲਕਾਤਾ ਤੋਂ ਪੋਰਟ ਬਲੇਅਰ ਜਾ ਰਿਹਾ ਸੀ ਜਦੋਂ ਇਹ ਕਥਿਤ ਤੌਰ ‘ਤੇ ਸਾਗਰ ਟਾਪੂ (ਪੱਛਮੀ ਬੰਗਾਲ) ਦੇ ਦੱਖਣ ਵਿਚ ਲਗਭਗ 90 ਸਮੁੰਦਰੀ ਮੀਲ ਦੂਰ ਡੁੱਬ ਗਿਆ। ਸੁਰੂ ਵਿੱਚ ਮੈਰੀਟਾਈਮ ਖੋਜ ਅਤੇ ਬਚਾਅ ਤਾਲਮੇਲ ਕੇਂਦਰ () ਚੇਨਈ ਨੂੰ 25 ਅਗਸਤ, 2024 ਨੂੰ ਦੇਰ ਸਾਮ ਨੂੰ ਇੱਕ ਸੰਕਟ ਸਬੰਧੀ ਸੰਕੇਤ ਮਿਲਿਆ। ਆਈ.ਸੀ.ਜੀ. ਦੇ ਖੇਤਰੀ ਹੈੱਡਕੁਆਰਟਰ (ਉੱਤਰ ਪੂਰਬ), ਕੋਲਕਾਤਾ ਨੇ ਤੁਰੰਤ ਦੋ ਆਈ.ਸੀ.ਜੀ. ਜਹਾਜ ਅਤੇ ਇੱਕ ਡੋਰਨੀਅਰ ਜਹਾਜ ਨੂੰ ਉਕਤ ਸਥਾਨ ਲਈ ਰਵਾਨਾ ਕੀਤਾ। ਡੋਰਨੀਅਰ ਏਅਰਕ੍ਰਾਫਟ ਰਾਤ ਦੇ ਸਮੇਂ ਦੇ ਅਡਵਾਂਸਡ ਸੈਂਸਰਾਂ ਨਾਲ ਲੈਸ, ਨੇ ਅਡਰਿਫਟ ਲਾਈਫਬੋਟਸ ਨੂੰ ਲੱਭਿਆ ਅਤੇ ਸੰਕਟ ਵਿੱਚ ਫਸੇ ਚਾਲਕ ਦਲ ਤੋਂ ਬਚਾਅ ਦੇ ਲਾਲ ਸੰਕੇਤ ਦੇਖੇ। ਏਅਰਕ੍ਰਾਫਟ ਦੁਆਰਾ ਨਿਰਦੇਸ਼ਿਤ ਜਹਾਜ ਕੋਆਰਡੀਨੇਟਸ ‘ਤੇ ਪਹੁੰਚੇ ਜਿੱਥੇ ਬਚੇ ਹੋਏ ਲੋਕਾਂ ਦੇ ਨਾਲ ਦੋ ਲਾਈਫਬੋਟ ਇਕੱਠੇ ਬੰਨ੍ਹੇ ਹੋਏ ਸਨ। ਚੁਣੌਤੀਪੂਰਨ ਮੌਸਮ ਦੇ ਬਾਵਜੂਦ, ਜਹਾਜਾਂ ਸਾਰੰਗ ਅਤੇ ਅਮੋਘ ਨੇ, ਡੌਰਨੀਅਰ ਜਹਾਜਾਂ ਦੇ ਨਾਲ, 25 ਅਗਸਤ ਦੀ ਦੇਰ ਰਾਤ ਅਤੇ 26 ਅਗਸਤ ਦੀ ਸਵੇਰ ਨੂੰ, ਚਾਲਕ ਦਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ, ਇੱਕ ਤਾਲਮੇਲ ਵਾਲੇ ਸਮੁੰਦਰੀ-ਹਵਾਈ ਬਚਾਅ ਕਾਰਜ ਨੂੰ ਅੰਜਾਮ ਦਿੱਤਾ।

# 2 ਸਾਲ ਤਕ ਭਤੀਜੀ ਨਾਲ ਰਹੇ ਸਬੰਧ, ਦੂਜੀ ਥਾਂ ਵਿਆਹ ਤੋਂ ਨਾਰਾਜ ਸੀ ਮਾਸੜ, ਗਲਾ ਘੁੱਟ ਕੇ ਕੀਤਾ ਕਤਲ

ਲਖਨਊ 29 ਅਗਸਤ। ਰਿਸਤਿਆਂ ਨੂੰ ਸਰਮਸਾਰ ਕਰਨ ਵਾਲਾ ਇੱਕ ਮਾਮਲਾ ਉੱਤਰ ਪ੍ਰਦੇਸ ਦੇ ਹਰਦੋਈ ਜ਼ਿਲ੍ਹੇ ਤੋਂ ਸਾਹਮਣੇ ਆਇਆ ਹੈ। ਇੱਥੇ ਇੱਕ ਮਾਸੜ ਦਾ ਆਪਣੀ ਭਤੀਜੀ ਨਾਲ ਰਿਸਤਾ ਸੀ। ਦੋਵਾਂ ਵਿਚਾਲੇ ਕਾਫੀ ਸਮੇਂ ਤੱਕ ਅਫੇਅਰ ਚੱਲਦਾ ਰਿਹਾ। ਇਸ ਤੋਂ ਬਾਅਦ 22 ਸਾਲਾ ਭਤੀਜੀ ਦਾ ਵਿਆਹ ਤੈਅ ਹੋ ਗਿਆ। ਇਸ ਨਾਲ ਮਾਸੜ ਗੁੱਸੇ ‘ਚ ਆ ਗਿਆ ਅਤੇ ਜਦੋਂ ਭਤੀਜੀ ਰੱਖੜੀ ਵਾਲੇ ਦਿਨ ਘਰ ਆਈ ਤਾਂ ਉਸ ਨੇ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਦੋਸੀ ਮਾਸੜ ਨੇ ਲੜਕੀ ਦੀ ਲਾਸ ਨੂੰ ਘਰ ‘ਚ ਹੀ ਇੱਕ ਟੋਏ ਵਿਚ ਦੱਬ ਦਿੱਤਾ। ਪੁਲਸ ਨੇ ਮੁਲਜਮ ਨੂੰ ਗ੍ਰਿਫਤਾਰ ਕਰਕੇ ਮਾਮਲੇ ਵਿਚ ਕਈ ਵੱਡੇ ਖੁਲਾਸੇ ਕੀਤੇ ਹਨ। ਪੁਲਸ ਨੇ ਦੱਸਿਆ ਕਿ ਹਰਦੋਈ ‘ਚ ਰੱਖੜੀ ‘ਤੇ ਆਪਣੇ ਮਾਸੜ ਦੇ ਘਰ ਆਈ 22 ਸਾਲਾ ਲੜਕੀ ਦੀ ਲਾਸ ਮਿਲੀ ਹੈ। ਦੇਹਤ ਕੋਤਵਾਲੀ ਇਲਾਕੇ ਦੀ ਕਾਸੀਰਾਮ ਕਾਲੋਨੀ ‘ਚ ਸਥਿਤ ਨਿਰਮਾਣ ਅਧੀਨ ਮਕਾਨ ਦੇ ਟੋਏ ‘ਚੋਂ ਲੜਕੀ ਦੀ ਲਾਸ ਬਰਾਮਦ ਹੋਈ ਹੈ। ਐੱਸਪੀ ਨੀਰਜ ਜਾਦੌਨ ਨੇ ਦੱਸਿਆ ਕਿ ਲਾਪਤਾ ਧੀ ਦੇ ਪਿਤਾ ਨੇ 22 ਅਗਸਤ ਨੂੰ ਕੋਤਵਾਲੀ ਸਿਟੀ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਧੀ ਨੂੰ ਉਸ ਦਾ ਮਾਸੜ ਮਣੀਕਾਂਤ ਦਿਵੇਦੀ ਵਰਗਲਾ ਕੇ ਭਜਾ ਲੈ ਗਿਆ ਹੈ। ਪੁਲਸ ਨੇ ਐੱਫਆਈਆਰ ਦਰਜ



ਕਰਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਜਦੋਂ ਮਾਸੜ ਮਣੀਕਾਂਤ ਦਿਵੇਦੀ ਨੂੰ ਪੁਲਸ ਨੇ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਦਾ ਆਪਣੀ ਭਤੀਜੀ ਨਾਲ ਅਫੇਅਰ ਸੀ। ਮੁਲਜਮ ਮੁਤਾਬਕ ਲੜਕੀ ਕਿਤੇ ਹੋਰ ਵਿਆਹ ਕਰਵਾਉਣਾ ਚਾਹੁੰਦੀ ਸੀ। ਇਸ ਕਾਰਨ ਉਸ ਨੇ ਲੜਕੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਮਾਸੜ ਮਣੀਕਾਂਤ ਦਿਵੇਦੀ ਦੀ ਨਿਸਾਨ ਦੇਹੀ ‘ਤੇ ਕੋਤਵਾਲੀ ਦੇਹਟ ਥਾਣਾ ਪੁਲਸ ਨੇ ਇਕ ਨਿਰਮਾਣ ਅਧੀਨ ਘਰ ਦੇ ਟੋਏ ‘ਚੋਂ ਬੱਚੀ ਦੀ ਲਾਸ ਬਰਾਮਦ ਕੀਤੀ ਹੈ। ਉਸ ਦਾ ਗਲਾ ਘੁੱਟ ਕੇ ਹੱਤਿਆ ਕਰਨ ਤੋਂ ਬਾਅਦ ਉਸ ਨੇ ਲਾਸ ਨੂੰ ਟੋਏ ਵਿਚ ਦੱਬ ਦਿੱਤਾ। ਪੁਲਸ ਨੇ ਮੁਲਜਮ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਸਖਤੀ ਨਾਲ ਪੁੱਛਗਿੱਛ ਦੌਰਾਨ ਇਸ ਮਾਮਲੇ ਦਾ ਖੁਲਾਸਾ ਕੀਤਾ ਹੈ। ਇਸ ਘਟਨਾ ਤੋਂ ਬਾਅਦ ਲੋਕਾਂ ਦਾ ਮਨੁੱਖੀ ਰਿਸਤਿਆਂ ਤੋਂ ਵਿਸਵਾਸ ਉੱਠ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜਾਂਚ ਦੌਰਾਨ ਕਤਲ ਤੋਂ ਬਾਅਦ ਮੁਲਜਮ ਨੇ ਪੁਲਸ ਨੂੰ ਗੁੰਮਰਾਹ ਕਰਨ ਲਈ ਮ੍ਰਿਤਕ ਦਾ ਮੋਬਾਈਲ ਫੋਨ ਚੱਲਦੀ ਬੱਸ ਵਿੱਚ ਸੁੱਟ ਦਿੱਤਾ ਸੀ। ਇਸੇ ਕਰਕੇ ਸਥਾਨ ਲਗਾਤਾਰ ਬਦਲ ਰਿਹਾ ਸੀ। ਮੁਲਜਮ ਨੇ ਪੁੱਛਗਿੱਛ ਦੌਰਾਨ ਇਹ ਗੱਲ ਕਬੂਲ ਵੀ ਕੀਤੀ। ਬੱਚੀ ਦੀ ਲਾਸ ਨੂੰ ਕਬਜੇ ‘ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

## ਲੁਧਿਆਣਾ ਦੇ ਮਸ਼ਹੂਰ ਡਾਕਟਰ ਨਾਲ ਠੱਗੀ ! ਸੀ.ਬੀ.ਆਈ. ਅਫਸਰ ਬਣ ਕੇ ਲਾਇਆ ਚੂਨਾ

ਲੁਧਿਆਣਾ 29 ਅਗਸਤ। ਲੁਧਿਆਣਾ ਦੇ ਇਕ ਵੱਡੇ ਡਾਕਟਰ ਨੂੰ ਸਾਈਬਰ ਠੱਗਾਂ ਨੇ ਆਪਣਾ ਨਿਸ਼ਾਨਾ ਬਣਾਇਆ ਹੈ। ਉਸ ਨੂੰ ਜਾਅਲੀ ਸੀ.ਬੀ.ਆਈ. ਅਫਸਰ ਬਣ ਕੇ ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਦੇ ਕੇਸ ਵਿਚ ਫਸਾਉਣ ਦਾ ਡਰਾਵਾ ਦੇ ਕੇ 16 ਲੱਖ ਰੁਪਏ ਟ੍ਰਾਂਸਫਰ ਕਰਵਾ ਲਏ। ਜਦੋਂ ਡਾਕਟਰ ਨੂੰ ਧੋਖਾਧੜੀ ਦਾ ਪਤਾ ਲੱਗਿਆ ਤਾਂ ਉਸ ਨੇ ਪੁਲਸ ਕਮਿਸ਼ਨਰ ਨੂੰ ਇਸ ਦੀ ਸ਼ਿਕਾਇਤ ਦਿੱਤੀ। ਇਸ ਮਗਰੋਂ ਸਾਈਬਰ ਥਾਣੇ ਦੀ ਪੁਲਸ ਨੇ ਇਸ ਦੀ ਜਾਂਚ ਕੀਤੀ ਅਤੇ ਡਾਕਟਰ ਸੁਮੀਤ ਪਾਲ ਦੀ ਸ਼ਿਕਾਇਤ ‘ਤੇ ਰਾਜਸਥਾਨ ਦੇ ਜ਼ਿਲ੍ਹਾ ਅਜਮੇਰ ਦੇ ਰਹਿਣ ਵਾਲੇ ਮੁਲਜਮ ਰਵੀ ਸ਼ਰਮਾ ਦੇ ਖ਼ਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਡਾ. ਸੁਮੀਤ ਪਾਲ ਢੱਲ ਨੂੰ ਕੁਝ ਮਹੀਨੇ ਪਹਿਲਾਂ ਇਕ ਫੋਨ ਆਇਆ ਸੀ। ਫੋਨ ਕਰਨ ਵਾਲਾ ਖੁਦ ਨੂੰ ਸੀ.ਬੀ.ਆਈ. ਦਾ ਵੱਡਾ ਅਫਸਰ ਦੱਸ ਰਿਹਾ ਸੀ। ਮੁਲਜਮ ਨੇ ਡਾਕਟਰ ਤੋਂ ਕਿਹਾ ਕਿ ਤੁਸੀਂ ਇਕ ਪਾਰਸਲ ਜੋਹਨ ਡੈਵਿਸ ਨੂੰ ਭੇਜਿਆ ਹੈ। ਉਸ ਨੂੰ ਸੀ.ਬੀ.ਆਈ. ਨੇ ਜਬਤ ਕਰ ਕੇ ਸੰਜੇ ਪਾਟਿਲ ਨਾਂ ਦੇ ਵਿਅਕਤੀ ਨੂੰ ਕਾਬੂ ਕੀਤਾ ਹੈ। ਉਸ ਤੋਂ ਪੁੱਛਗਿੱਛ ਵਿਚ ਸਾਹਮਣੇ ਆਇਆ ਹੈ ਕਿ ਉਸ ਨੇ ਉਸ ਦੇ ਖਾਤੇ ਵਿਚ ਸਾਢੇ 3 ਕਰੋੜ ਰੁਪਏ ਟ੍ਰਾਂਸਫਰ ਕੀਤੇ ਹਨ। ਮੁਲਜਮ ਨੇ ਡਾਕਟਰ ਨੂੰ ਡਰਾਇਆ ਕਿ ਇਹ ਪੈਸੇ ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਦੇ ਹਨ। ਉਸ ‘ਤੇ ਕੇਸ ਦਰਜ ਹੋਵੇਗਾ। ਅਜਿਹਾ ਡਰਾ ਧਮਕਾ ਕੇ ਡਾਕਟਰ ਤੋਂ 16 ਲੱਖ ਰੁਪਏ ਠੱਗ ਕੇ ਧੋਖਾਧੜੀ ਕੀਤੀ ਹੈ।

# 2 ਦੁਕਾਨਾਂ ਦੇ ਤਾਲੇ ਤੋੜ ਕੇ ਉਡਾਈ ਹਜਾਰਾਂ ਰੁਪਏ ਦੀ ਨਕਦੀ

ਸ੍ਰੀ ਕੀਰਤਪੁਰ ਸਾਹਿਬ 29 ਅਗਸਤ। ਪੁਰਾਣਾ ਬੱਸ ਅੱਡਾ ਕੀਰਤਪੁਰ ਸਾਹਿਬ ਵਿਖੇ ਚੋਰਾਂ ਵੱਲੋਂ ਦੋ ਦੁਕਾਨਾਂ ਦੇ ਤਾਲੇ ਭੰਨ ਕੇ ਹਜਾਰਾਂ ਰੁਪਏ ਦੀ ਨਕਦੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਵਿਚੋਂ ਇਕ ਦੁਕਾਨ ਮੈਡੀਕਲ ਸਟੋਰ ਹੈ ਜਦਕਿ ਦੂਜੀ ਦੁਕਾਨ ‘ਤੇ ਮਨੀ ਟਰਾਂਸਫਰ ਦਾ ਕੰਮ ਕੀਤਾ ਜਾਂਦਾ ਹੈ। ਜਦੋਂ ਦੋਵਾਂ ਦੁਕਾਨਦਾਰਾਂ ਵੱਲੋਂ ਅੱਜ ਸਵੇਰੇ ਦੁਕਾਨ ’ਤੇ ਆ ਕੇ ਵੇਖਿਆ ਗਿਆ ਤਾਂ ਦੁਕਾਨਾਂ ਦੇ ਤਾਲੇ ਭੰਨੇ ਹੋਏ ਸਨ ਅਤੇ ਅੰਦਰ ਗੱਲੇ ਦੇ ਵਿਚ ਪਈ ਨਕਦੀ ਗਾਇਬ ਸੀ। ਮੈਡੀਕਲ ਸਟੋਰ ਦੇ ਮਾਲਕ ਅਭਿਸੇਕ ਕੌੜਾ ਨੇ ਦੱਸਿਆ ਕਿ ਰੋਜਾਨਾ ਦੀ ਤਰ੍ਹਾਂ ਉਹ ਆਪਣੀ ਦੁਕਾਨ ਬੰਦ ਕਰਕੇ ਘਰ ਚਲੇ ਗਏ ਸੀ ਅਤੇ ਅੱਜ ਸਵੇਰੇ ਜਦੋਂ ਉਹ ਦੁਕਾਨ ’ਤੇ ਆਏ ਤਾਂ ਉਨ੍ਹਾਂ ਵੇਖਿਆ ਕਿ ਦੁਕਾਨ ਦੇ ਤਾਲੇ ਤੋੜੇ ਹੋਏ ਸਨ, ਅੰਦਰ ਜਾ ਕੇ ਵੇਖਿਆ ਤਾਂ ਗੱਲੇ ਵਿਚ ਪਈ ਹਜਾਰਾਂ ਰੁਪਏ ਦੀ ਨਗਦੀ ਗਾਇਬ ਸੀ। ਅਭਿਸੇਕ ਨੇ ਦੱਸਿਆ ਕਿ




ਜਿੱਥੇ ਉਨ੍ਹਾਂ ਦੀ ਦੁਕਾਨ ਦੀ ਵਿਕਰੀ ਦੀ ਨਕਦੀ ਪਈ ਹੋਈ ਸੀ, ਉੱਥੇ ਨਾਲ ਹੀ ਸ੍ਰੀ ਮਨੀ ਮਹੇਸ ਦੇ ਲੰਗਰ ਲਈ ਰੱਖੀ ਨਕਦੀ ਵੀ ਚੋਰਾਂ ਵੱਲੋਂ ਚੋਰੀ ਕਰ ਲਈ ਗਈ ਹੈ, ਜੋਕਿ ਲਗਭਗ 60 ਹਜਾਰ ਰਪਏ ਬਣਦੀ ਹੈ। ਦੂਜੀ ਦੁਕਾਨ ਦੇ ਮਾਲਕ ਅਰੁਣ ਕੌੜਾ ਨੇ ਦੱਸਿਆ ਕਿ ਮਨੀ ਐਕਸਚੇਂਜ ਦਾ ਕੰਮ ਹੋਣ ਕਾਰਨ ਉਸ ਦੇ ਕੋਲ ਵਿਦੇਸੀ ਕਰੰਸੀ ਅਤੇ ਨਕਦੀ ਪਈ ਹੋਈ ਸੀ ਜਿਨ੍ਹਾਂ ਦੀ ਕੀਮਤ ਲਗਭਗ 50 ਹਜਾਰ ਰੁਪਏ ਬਣਦੀ ਹੈ, ਦੁਕਾਨ ’ਤੇ ਲਗਾਇਆ ਹੋਇਆ ਕੈਮਰਾ ਵੀ ਚੋਰ ਪੁੱਟ ਕੇ ਲੈ ਗਏ। ਇਸ ਘਟਨਾ ਤੋਂ ਬਾਅਦ ਦੋਵਾਂ ਦੁਕਾਨਦਾਰਾਂ ਵੱਲੋਂ ਥਾਣਾ ਕੀਰਤਪੁਰ ਸਾਹਿਬ ਨੂੰ ਸੂਚਿਤ ਕੀਤਾ ਗਿਆ। ਪੁਲਸ ਵੱਲੋਂ ਫਿਲਹਾਲ ਆਸ ਪਾਸ ਲੱਗੇ ਹੋਏ ਸੀ. ਸੀ. ਟੀ. ਵੀ. ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਅਤੇ ਚੋਰਾਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਮੌਕੇ ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਦੇ ਪ੍ਰਧਾਨ ਸੁਰਿੰਦਰ ਪਾਲ ਕੌੜਾ ਨੇ ਦੱਸਿਆ ਕਿ ਮੈਡੀਕਲ ਸਟੋਰ ਦੀ ਦੁਕਾਨ ਜਿਸ ਵਿਚ ਚੋਰੀ ਹੋਈ ਹੈ, ਦਾ ਭਤੀਜਾ ਚਲਾ ਰਿਹਾ ਹੈ, ਇਹ ਦੁਕਾਨਾਂ ਬੱਸ ਸਟੈਂਡ ਵਿਚ ਬਿਲਕੁਲ ਚੰਡੀਗੜ੍ਹ ਤੋਂ ਊਨਾ ਮੁੱਖ ਮਾਰਗ ’ਤੇ ਸਥਿਤ ਹਨ।

## ਦੋਸਤ ਨੇ ਲਗਾਇਆ ਸੀ ਲਾਕੇਟ ਚੋਰੀ ਕਰਨ ਦਾ ਦੋਸ਼, ਪਰੇਸ਼ਾਨ ਨੌਜਵਾਨ ਨੇ ਕੀਤੀ ਖੁਦਕੁਸ਼ੀ

ਗੰਨੌਰ 29 ਅਗਸਤ। ਹਰਿਆਣਾ ਦੇ ਗੰਨੌਰ ਹਲਕੇ ‘ਚ ਇਕ ਦਿਲ ਦਹਿਲਾਉਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਨੌਜਵਾਨ ਨੇ ਆਪਣੇ ਉੱਪਰ ਲੱਗੇ ਲਾਕੇਟ ਚੋਰੀ ਦੇ ਦੋਸ਼ ਕਾਰਨ ਰੇਲ ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਸੂਚਨਾ ਤੋਂ ਬਾਅਦ ਜੀ.ਆਰ.ਪੀ. ਪੁਲਸ ਮੌਕੇ ‘ਤੇ ਪਹੁੰਚੀ ਅਤੇ ਲਾਸ਼ ਕਬਜੇ ‘ਚ ਲੈ ਕੇ ਜਾਂਚ ‘ਚ ਜੁਟ ਗਈ। ਪੁਲਸ ਨੇ ਮ੍ਰਿਤਕ ਦੀ ਜੇਬ ‘ਚੋਂ 2 ਪੇਜਾਂ ਦਾ ਸੁਸਾਈਡ ਨੋਟ ਵੀ ਬਰਾਮਦ ਕੀਤਾ ਹੈ। ਜਿਸ ‘ਚ ਪਿੰਡ ਦੇ ਹੀ ਵਿਅਕਤੀ ‘ਤੇ ਉਸ ਨੂੰ ਪਰੇਸ਼ਾਨ ਕਰਨ ਅਤੇ ਜਾਨੋਂ ਮਾਰਨ ਦੀ ਧਮਕੀ ਦੇਣ ਦਾ ਦੋਸ਼ ਹੈ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਜੀ.ਆਰ.ਪੀ. (ਸਰਕਾਰੀ ਰੇਲਵੇ ਪੁਲਸ) ਇੰਚਾਰਜ ਸੁਰੇਸ਼ ਕੁਮਾਰ ਨੇ ਦੱਸਿਆ ਕਿ 24 ਸਾਲਾ ਪਰਵੰਦਰ ਚਟਿਆ ਪਿੰਡ ਦਾ ਰਹਿਣ ਵਾਲਾ ਸੀ। ਉਸ ਦੀ ਪਿੰਡ ਦੇ ਹੀ ਵਿਅਕਤੀ ਵਿਕਾਸ ਨਾਲ ਦੋਸਤੀ ਸੀ। ਵਿਕਾਸ ਸਕਿਓਰਿਟੀ ਦਾ ਕੰਮ ਕਰਦਾ ਹੈ। ਉਸ ਨੇ ਵਿਕਾਸ ਕੋਲ ਸਕਿਓਰਿਟੀ ਦਾ ਕੰਮ ਕੀਤਾ। ਵਿਕਾਸ ਨੇ ਉਸ ‘ਤੇ ਲਾਕੇਟ ਚੋਰੀ ਕਰਨ ਦਾ ਦੋਸ਼ ਲਗਾਇਆ ਸੀ ਅਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਸੀ। ਇਸੇ ਮਾਮਲੇ ਨੂੰ ਲੈ ਕੇ ਵਿਕਾਸ ਨੇ ਉਸ ਦੀ ਮਾਂ ਨੂੰ ਫੋਨ ‘ਤੇ ਧਮਕੀ ਦਿੱਤੀ। ਇਸ ਗੱਲ ਤੋਂ ਪਰੇਸ਼ਾਨ ਹੋ ਕੇ ਪਰਵਿੰਦਰ ਨੇ ਸੁਸਾਈਡ ਨੋਟ ਲਿਖਿਆ ਅਤੇ ਆਪਣੀ ਮੌਤ ਦਾ ਕਾਰਨ ਦੱਸਿਆ। ਗੰਨੌਰ ਜੀ.ਆਰ.ਪੀ. ਇੰਚਾਰਜ ਸੁਰੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਵਿਕਾਸ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਲਾਸ਼ ਪੋਸਟਮਾਰਟਮ ਕਰਵਾ ਕੇ ਪਰਿਵਾਰ ਨੂੰ ਸੌਂਪ ਦਿੱਤੀ ਹੈ।

# ਅਮਰੀਕਾ ਭੇਜਣ ਦੇ ਸੁਨਹਿਰੇ ਸੁਪਨੇ ਦਿਖਾ ਕੇ ਕੀਤੀ 15 ਲੱਖ ਦੀ ਠੱਗੀ

ਟਾਂਡਾ ਉੜਮੁੜ 29 ਅਗਸਤ। ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਜ਼ਿਲ੍ਹਾ ਗੁਰਦਾਸਪੁਰ ਦੇ ਇੱਕ ਪਰਿਵਾਰ ਕੋਲੋਂ 15 ਲੱਖ ਰੁਪਏ ਦੀ ਠੱਗੀ ਕਰਨ ਵਾਲੇ ਟਰੈਵਲ ਏਜੰਟ ਖਿਲਾਫ ਟਾਂਡਾ ਪੁਲਸ ਨੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਹ ਮਾਮਲਾ ਜ਼ਿਲ੍ਹਾ ਪੁਲਸ ਮੁਖੀ ਹੁਸ਼ਿਆਰਪੁਰ ਨੂੰ ਦਿੱਤੀ ਗਈ ਸ਼ਿਕਾਇਤ ਮਗਰੋਂ ਡੀ.ਐਸ.ਪੀ ਟਾਂਡਾ ਵੱਲੋਂ ਕੀਤੀ ਗਈ ਜਾਂਚ ਪੜਤਾਲ ਉਪਰੰਤ ਪ੍ਰੇਮ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਚੌਲਾਂਗ (ਜਲੰਧਰ) ਖਿਲਾਫ ਇਮੀਗ੍ਰੇਸਨ ਐਕਟ ਤੇ ਧੋਖਾਧੜੀ ਐਕਟ ਅਧੀਨ ਮਾਮਲਾ ਦਰਜ ਕੀਤਾ ਹੈ। ਐਸ.ਐਸ.ਪੀ ਸੀ ਹੁਸ਼ਿਆਰਪੁਰ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਠੱਗੀ ਦਾ ਸ਼ਿਕਾਰ ਹੋਏ ਜਰਨੈਲ ਸਿੰਘ ਪੁੱਤਰ ਗੁਰਮੀਤ ਸਿੰਘ ਬਾਸੀ ਪਿੰਡ ਵੈਰੋ ਨੰਗਲ (ਗੁਰਦਾਸਪੁਰ) ਨੇ ਦੱਸਿਆ ਕਿ ਉਕਤ ਟਰੈਵਲ ਏਜੰਟ ਨੇ ਉਸ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ 15 ਲੱਖ ਰੁਪਏ ਲਏ ਸਨ। ਇਸ ਦੇ ਬਾਵਜੂਦ ਨਾ ਤਾਂ ਉਸਨੇ ਉਸ ਨੂੰ ਅਮਰੀਕਾ ਭੇਜਿਆ ਅਤੇ ਨਾ ਹੀ ਹੁਣ ਪੈਸੇ ਵਾਪਸ ਕਰ ਰਿਹਾ ਹੈ। ਐਕਟ ਅਧੀਨ ਮਾਮਲਾ ਦਰਜ ਕੀਤਾ ਹੈ। ਐਸ.ਐਸ.ਪੀ ਸੀ ਹੁਸ਼ਿਆਰਪੁਰ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਠੱਗੀ ਦਾ




ਜਰਨੈਲ ਸਿੰਘ ਨੇ ਹੋਰਾਂ ਨੇ ਦੱਸਿਆ ਕਿ ਡੀ.ਐਸ.ਪੀ ਦਫਤਰ ਟਾਂਡਾ ਵਿਖੇ ਹੋਏ ਇਹ ਮਾਮਲਾ ਜ਼ਿਲ੍ਹਾ ਪੁਲਸ ਮੁਖੀ ਹੁਸ਼ਿਆਰਪੁਰ ਨੂੰ ਦਿੱਤੀ ਗਈ ਸ਼ਿਕਾਇਤ ਮਗਰੋਂ ਡੀ.ਐਸ.ਪੀ ਟਾਂਡਾ ਵੱਲੋਂ ਕੀਤੀ ਗਈ ਜਾਂਚ ਪੜਤਾਲ ਉਪਰੰਤ ਪ੍ਰੇਮ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਚੌਲਾਂਗ (ਜਲੰਧਰ) ਖਿਲਾਫ ਇਮੀਗ੍ਰੇਸਨ ਐਕਟ ਤੇ ਧੋਖਾਧੜੀ ਸ਼ਿਕਾਰ ਹੋਏ ਜਰਨੈਲ ਸਿੰਘ ਪੁੱਤਰ ਗੁਰਮੀਤ ਸਿੰਘ ਬਾਸੀ ਪਿੰਡ ਵੈਰੋ ਨੰਗਲ (ਗੁਰਦਾਸਪੁਰਰਾਜੀਨਾਮੇ ਦੌਰਾਨ ਟਰੈਵਲ ਏਜੰਟ ਨੇ ਪੈਸੇ ਵਾਪਸ ਕਰਨ ਦਾ ਇਕਰਾਮ ਨਾਮਾ ਕੀਤਾ ਸੀ। ਇਸ ਦੇ ਬਾਵਜੂਦ ਵੀ ਉਹ ਪੈਸੇ ਵਾਪਸ ਨਹੀਂ ਕਰ ਰਿਹਾ। ਜਿਹੜੇ ਚੈੱਕ ਪ੍ਰੇਮ ਸਿੰਘ ਨੇ ਦਿੱਤੇ ਸਨ ਉਹ ਕਿਸੇ ਕਾਰਨ ਬਾਊਂਸ ਹੋ ਗਏ ਹਨ ।

## ਨਾਲੇ ’ਚ ਡੁੱਬਣ ਕਾਰਨ ਗੁਰਜਰਾਂ ਦੀਆਂ 27 ਮੱਝਾਂ ਦੀ ਮੌਤ

ਬਟਾਲਾ/ਕਲਨੌਰ 29 ਅਗਸਤ। ਰਹੀਮਾਬਾਦ ਵਿਖੇ ਗੁਜਰ ਭਾਈਚਾਰੇ ਦੀਆਂ 27 ਮੱਝਾਂ ਦੀ ਕਿਰਨ ਨਾਲੇ ’ਚ ਡੁੱਬਣ ਕਾਰਨ ਦਰਦਨਾਕ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਘਟਨਾ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਗੁਜਰ ਬਸ਼ੀਰ ਨੇ ਦੱਸਿਆ ਕਿ ਹਰ ਰੋਜ ਦੀ ਤਰ੍ਹਾਂ ਅੱਜ ਸਵੇਰੇ 10 ਵਜੇ ਦੇ ਕਰੀਬ ਉਸ ਦੀ ਲੜਕੀ ਫਾਤਿਮਾ ਆਪਣੇ ਭਰਾ ਅਤੇ ਹੋਰ ਸਾਥੀਆਂ ਦੇ ਨਾਲ 50 ਦੇ ਕਰੀਬ ਮੱਝਾਂ ਨੂੰ ਚਰਾਉਣ ਲਈ ਪਿੰਡ ਰਹੀਮਾਬਾਦ ਦੇ ਕਿਰਨ ਨਾਲੇ ਦੇ ਨਜ਼ਦੀਕ ਗਈ ਸੀ ਕਿ ਗਰਮੀ ਕਾਰਨ ਮੱਝਾਂ ਕਿਰਨ ਨਦੀ ’ਚ ਨਹਾਉਣ ਸਮੇਂ ਜੜੀ ਬੂਟੀਆਂ ’ਚ ਫੱਸ ਗਈਆਂ।



ਇਸ ਸਬੰਧੀ ਉਨ੍ਹਾਂ ਨੂੰ ਪਤਾ ਲੱਗਣ ’ਤੇ ਉਹ ਆਪਣੇ ਸਾਥੀਆਂ ਨਾਲ ਤੁਰੰਤ ਘਟਨਾ ਸਥਲ ’ਤੇ ਪਹੁੰਚੇ ਤਾਂ ਬੜੀ ਜੱਦੋ-ਜਹਿਦ ਨਾਲ ਮੱਝਾਂ ਨੂੰ ਬਚਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਭਾਰੀ ਜਦੋ-ਜਹਿਦ ਦੇ ਬਾਵਜੂਦ 27 ਮੱਝਾਂ ਦੀ ਜੜੀ ਬੂਟੀਆਂ ’ਚ ਫੱਸੇ ਹੋਣ ਦੇ ਕਾਰਨ ਪਾਣੀ ’ਚ ਡੁੱਬਣ ਕਾਰਨ ਮੌਤ ਹੋ ਗਈ ਜਦਕਿ ਬਾਕੀ ਮੱਝਾਂ ਨੂੰ ਬਚਾ ਲਿਆ ਗਿਆ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮੱਝਾਂ ਦੀ ਮੌਤ ਨਾਲ ਹੋਏ ਨੁਕਸਾਨ ਦਾ ਮੁਆਵਜਾ ਦਿੱਤਾ ਜਾਵੇ। ਇਸੇ ਦੌਰਾਨ ਇਸ ਸਬੰਧੀ ਪਤਾ ਲੱਗਣ ’ਤੇ ਮਾਰਕੀਟ ਕਮੇਟੀ ਕਲਾਨੌਰ ਦੇ ਚੇਅਰਮੈਨ ਰਣਜੇਤ ਸਿੰਘ ਬਾਠ ਆਪਣੇ ਸਾਥੀਆਂ ਸਮੇਤ ਮੌਕੇ ’ਤੇ ਪੁੱਜੇ ਅਤੇ ਸਥਿਤੀ ਦਾ ਜਾਇਜਾ ਲਿਆ।

## ਅਮਰੀਕਾ ਜਾਣ ਦੇ ਸੁਨਹਿਰੀ ਸੁਫਨੇ ਦਿਖਾ ਕੇ ਕੀਤੇ ਦਗੇਬਾਜੀ, 15 ਲੱਖ ਰੁਪਏ ਦੀ ਕੀਤੀ ਧੋਖਾਧੜੀ

ਟਾਂਡਾ ਉੜਮੁੜ 29 ਅਗਸਤ। ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਜ਼ਿਲ੍ਹਾ ਗੁਰਦਾਸਪੁਰ ਦੇ ਇੱਕ ਪਰਿਵਾਰ ਕੋਲੋਂ 15 ਲੱਖ ਰੁਪਏ ਦੀ ਠੱਗੀ ਕਰਨ ਵਾਲੇ ਟ੍ਰੈਵਲ ਏਜੰਟ ਖ਼ਿਲਾਫ ਟਾਂਡਾ ਪੁਲਸ ਨੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਹ ਮਾਮਲਾ ਜ਼ਿਲ੍ਹਾ ਪੁਲਸ ਮੁਖੀ ਹੁਸ਼ਿਆਰਪੁਰ ਨੂੰ ਦਿੱਤੀ ਗਈ ਸ਼ਿਕਾਇਤ ਉਪਰੰਤ ਡੀ. ਐੱਸ. ਪੀ.




ਟਾਂਡਾ ਵੱਲੋਂ ਕੀਤੀ ਗਈ ਜਾਂਚ-ਪੜਤਾਲ ਉਪਰੰਤ ਪ੍ਰੇਮ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਚੌਲਾਂਗ (ਜਲੰਧਰ) ਖ਼ਿਲਾਫ ਦਰਜ ਕੀਤਾ ਹੈ। ਐੱਸ. ਐੱਸ.ਪੀ. ਹੁਸ਼ਿਆਰਪੁਰ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਠੱਗੀ ਦਾ ਸ਼ਿਕਾਰ ਹੋਏ ਜਰਨੈਲ ਸਿੰਘ ਪੁੱਤਰ ਗੁਰਮੀਤ ਸਿੰਘ ਬਾਸੀ ਪਿੰਡ ਵੈਰੋ ਨੰਗਲ (ਗੁਰਦਾਸਪੁਰ) ਨੇ ਦੱਸਿਆ ਕਿ ਉਕਤ ਟ੍ਰੈਵਲ ਏਜੰਟ ਨੇ ਉਸ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ 15 ਲੱਖ ਰੁਪਏ ਲਏ ਸਨ ਪਰ ਨਾ ਤਾਂ ਉਸਨੇ ਉਸ ਨੂੰ ਅਮਰੀਕਾ ਭੇਜਿਆ ਅਤੇ ਨਾ ਹੀ ਹੁਣ ਪੈਸੇ ਵਾਪਸ ਕਰ ਰਿਹਾ ਹੈ। ਜਰਨੈਲ ਸਿੰਘ ਨੇ ਹੋਰ ਦੱਸਿਆ ਕਿ ਡੀ. ਐੱਸ. ਪੀ. ਦਫਤਰ ਟਾਂਡਾ ਵਿਖੇ ਹੋਏ ਰਾਜੀਨਾਮੇ ਦੌਰਾਨ ਟ੍ਰੈਵਲ ਏਜੰਟ ਨੇ ਪੈਸੇ ਵਾਪਸ ਕਰਨ ਦਾ ਇਕਰਾਰਨਾਮਾ ਕੀਤਾ ਸੀ। ਇਸ ਦੇ ਬਾਵਜੂਦ ਵੀ ਉਹ ਪੈਸੇ ਵਾਪਸ ਨਹੀਂ ਕਰ ਰਿਹਾ ਅਤੇ ਜੋ ਚੈੱਕ ਪ੍ਰੇਮ ਸਿੰਘ ਨੇ ਦਿੱਤੇ ਸਨ, ਉਹ ਕਿਸੇ ਕਾਰਨ ਬਾਊਂਸ ਹੋ ਗਏ। ਟਾਂਡਾ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ।

# ਸੜਕ ਹਾਦਸੇ ਕਾਰਨ ਕਬਜੇ ‘ਚ ਲਿਆ ਟਰੈਕਟਰ, ਛੱਡਣ ਬਦਲੇ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਬਠਿੰਡਾ 29 ਅਗਸਤ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਥਾਣਾ ਦਿਆਲਪੁਰਾ ਕੈਂਪ ਭਗਤਾ ਭਾਈਕਾ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏ.ਐੱਸ.ਆਈ.) ਤਾਰਾ ਸਿੰਘ ਨੂੰ 3,000 ਰੁਪਏ ਦੀ ਰਿਸਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਮਨਪ੍ਰੀਤ ਸਿੰਘ ਵਾਸੀ ਪਿੰਡ ਅਕਲੀਆ ਜਲਾਲ, ਤਹਿਸੀਲ ਰਾਮਪੁਰਾ ਫੂਲ, ਬਠਿੰਡਾ ਵੱਲੋਂ ਦਿੱਤੇ ਬਿਆਨ ਅਤੇ ਮੁਹੱਈਆ ਕਰਵਾਏ ਸਬੂਤਾਂ ਦੇ ਆਧਾਰ ‘ਤੇ ਇਸ ਥਾਣੇਦਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਸ ਦੇ ਟਰੈਕਟਰ ਦੇ ਡਰਾਈਵਰ ਦਾ ਇੱਕ ਮੋਟਰਸਾਈਕਲ ਸਵਾਰ ਨਾਲ ਮਾਮੂਲੀ ਸੜਕ ਹਾਦਸਾ ਹੋ ਗਿਆ ਸੀ ਜਿਸ ਸਬੰਧੀ ਸ਼ਿਕਾਇਤ ਉਕਤ ਥਾਣੇ ਵਿਚ ਦਰਜ ਹੋਈ ਸੀ ਜਿਸ ਨੂੰ ਬਾਅਦ ਵਿਚ ਪੰਚਾਇਤੀ ਫੈਸਲੇ ਰਾਹੀਂ ਸੁਲਝਾ ਲਿਆ ਗਿਆ, ਪਰ ਉਸ ਦੇ ਟਰੈਕਟਰ ਨੂੰ ਥਾਣੇ ਵਿਖੇ ਕਬਜ਼ੇ ਵਿਚ ਲੈ ਲਿਆ ਗਿਆ ਸੀ। ਇਹ ਸਾਰੀ ਗੱਲਬਾਤ ਸ਼ਿਕਾਇਤਕਰਤਾ ਵੱਲੋਂ ਆਪਣੇ ਮੋਬਾਈਲ ਵਿੱਚ ਰਿਕਾਰਡ ਕਰ ਲਈ ਗਈ ਅਤੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।



ਸ਼ਿਕਾਇਤਕਰਤਾ ਨੇ ਅੱਗੇ ਦੋਸ ਲਾਇਆ ਕਿ ਜਦੋਂ ਉਹ ਆਪਣਾ ਟਰੈਕਟਰ ਛੁਡਾਉਣ ਲਈ ਥਾਣੇ ਪਹੁੰਚਿਆ ਤਾਂ ਉਕਤ ਥਾਣੇਦਾਰ ਤਾਰਾ ਸਿੰਘ ਨੇ ਰਿਸ਼ਵਤ ਵਜੋਂ 10,000 ਰੁਪਏ ਦੀ ਮੰਗ ਕੀਤੀ ਪਰ ਉਸ ਵੱਲੋਂ ਜੋਰ ਪਾਉਣ ਉੱਤੇ ਸੌਦਾ 8,000 ਰੁਪਏ ਵਿੱਚ ਤੈਅ ਹੋ ਗਿਆ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ‘ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ, ਬਠਿੰਡਾ ਰੇਂਜ ਦੀ ਟੀਮ ਨੇ ਜਾਲ ਵਿਛਾ ਕੇ ਛੋਟੇ ਥਾਣੇਦਾਰ ਤਾਰਾ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 3,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁਲਜਮ ਏ.ਐੱਸ.ਆਈ. ਖਿਲਾਫ਼ ਵਿਜੀਲੈਂਸ ਬਿਊਰੋ ਥਾਣਾ ਬਠਿੰਡਾ ਰੇਂਜ ਵਿੱਚ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

ਦਿੱਲੀ ਸਰਕਾਰ
ਆਪ ਦੀ ਸਰਕਾਰ

ਦਿੱਲੀ ਸਰਕਾਰ
ਆਪ ਦੀ ਸਰਕਾਰ

**ਕ੍ਰਿਪਾ ਦਿਧਆਨ ਦਿਓ।**
**ਮਾਇਆਪੁਰੀ ਫਲਾਈਓਵਰ ’ਤੇ ਲੋਕ ਨਿਰਮਾਣ ਵਿਭਾਗ ਵੱਲੋਂ ਮੁਰੰਮਤ ਕਾਰਜ ਕੀਤਾ ਜਾਣਾ ਹੈ**

**ਨਾਰਾਇਣਾ ਵਿਹਾਰ ਤੋਂ ਰਾਜਾ ਗਾਰਡਨ (ਅੱਧਾ ਕੈਰਿਜਵੇ)**
**ਮਿਤੀ 05.09.2024 ਤੋਂ 19.09.2024 ਬੰਦ ਰਹੇਗਾ।**

ਯਾਤ੍ਰੀਆਂ ਨੂੰ ਅਸੁਵਿਧਾ ਤੋਂ ਬਚਣ ਦੇ ਲਈ ਵੈਕਲਪਿਕ ਮਾਰਗਾਂ ਦਾ ਉਪਯੋਗ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ

**ਰੂਟ ਡਾਇਵਰਜ਼ਨ ਪਲਾਨ (ਫੇਜ-1)**




**MAYAPURI FLYOVER (Phase-I)**

**ਮਾਇਆਪੁਰੀ ਫਲਾਈ ਓਵਰ (ਫੇਸ-I)**

DIP/Shabdarth/Classified/0168/24-25

# ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3 ਦੇ ਮਸ਼ਾਲ ਮਾਰਚ ਦਾ ਚੁੰਨੀ ਕਲਾਂ ਵਿਖੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਵੱਲੋਂ ਜ਼ੋਰਦਾਰ ਸਵਾਗਤ

**ਫ਼ਤਹਿਗੜ੍ਹ ਸਾਹਿਬ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਖੇਡਾਂ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਅਤੇ ਖੇਡ ਸੱਭਿਆਚਾਰ ਪ੍ਰਫੁੱਲਤ ਕਰਨ ਲਈ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਸ਼ੁਰੂ ਕੀਤੀਆਂ ਗਈਆਂ "ਖੇਡਾਂ ਵਤਨ ਪੰਜਾਬ ਦੀਆਂ" ਦੇ ਪਿਛਲੇ 02 ਸਾਲ ਦੀ ਸਫਲਤਾ ਤੋਂ ਬਾਅਦ ਇਸ ਸਾਲ ਸੀਜ਼ਨ-3 ਦੀ ਸ਼ੁਰੂਆਤ ਤੋਂ ਪਹਿਲਾਂ ਇਨ੍ਹਾਂ ਖੇਡਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਸ਼ਾਲ ਮਾਰਚ ਕੀਤਾ ਜਾ ਰਿਹਾ ਹੈ।

ਇਹ ਮਾਰਚ ਵੱਖ-ਵੱਖ ਜ਼ਿਲ੍ਹਿਆਂ ਵਿੱਚ ਦੀ ਹੁੰਦਾ ਹੋਇਆ ਅੱਜ ਚੁੰਨੀ ਕਲਾਂ ਵਿਖੇ ਜ਼ਿਲ੍ਹਾ ਐਸ.ਏ.ਐਸ. ਨਗਰ ਤੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਦਾਖਲ ਹੋਇਆ। ਇਸ ਦੇ ਸਵਾਗਤ ਲਈ ਅਕਾਲ ਅਕੈਡਮੀ, ਚੁੰਨੀ ਕਲਾਂ ਨੇੜੇ ਰੱਖੇ ਸਮਾਗਮ ਵਿੱਚ ਹਲਕਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਤੇ ਐਸ.ਡੀ.ਐਮ. ਸੰਜੀਵ ਕੁਮਾਰ, ਸਮੇਤ ਵੱਖ-ਵੱਖ ਪ੍ਰਸ਼ਾਸਨਿਕ ਅਧਿਕਾਰੀ, ਵੱਡੀ ਗਿਣਤੀ ਖਿਡਾਰੀ ਤੇ ਪਤਵੰਤੇ ਸ਼ਾਮਲ ਹੋਏ।

ਇਸ ਮੌਕੇ ਹਲਕਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਪਿਛਲੇ 02 ਸਾਲ ਦੀਆਂ "ਖੇਡਾਂ ਵਤਨ ਪੰਜਾਬ ਦੀਆਂ" ਦੀ ਸਫਲਤਾ ਤੋਂ ਬਾਅਦ ਇਸ ਸਾਲ ਸੀਜ਼ਨ-3 ਉਲੀਕਿਆ ਗਿਆ ਹੈ। "ਖੇਡਾਂ ਵਤਨ ਪੰਜਾਬ ਦੀਆਂ" ਇਤਿਹਾਸਕ ਕਦਮ ਹਨ। ਇਹਨਾਂ ਨਾਲ ਜਿੱਥੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦਾ ਢੁਕਵਾਂ ਮੌਕਾ ਮਿਲਦਾ ਹੈ। ਉਥੇ ਨੌਜਵਾਨਾਂ ਨੂੰ ਵੱਖ ਵੱਖ ਅਲਾਮਤਾਂ ਤੋਂ ਬਚਾਅ ਕੇ ਸਹੀ ਰਾਹ ਉੱਤੇ ਵੀ ਪਾਇਆ ਜਾ ਸਕਦਾ ਹੈ। ਉਹਨਾਂ ਕਿਹਾ



ਕਿ ਇਹਨਾਂ ਖੇਡਾਂ ਦੀ ਸਫਲਤਾ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਖ਼ਿਡਾਰੀਆਂ ਨੂੰ ਸਹੂਲਤਾਂ ਦੇਣਾ ਸਰਕਾਰ ਦਾ ਪਹਿਲਾ ਫਰਜ਼ ਹੈ, ਜਿਹੜਾ ਕਿ ਬਾਖੂਬੀ ਪੂਰਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਗੁਣ ਅਮੀਰੀ ਤੇ ਗਰੀਬੀ ਦਾ ਮੁਹਤਾਜ਼ ਨਹੀਂ ਹੁੰਦਾ ਅਤੇ ਖਿਡਾਰੀ ਦੀ ਜ਼ਿੰਦਗੀ ਵਿੱਚ ਕਾਬਲੀਅਤ ਤੇ ਮਿਹਨਤ ਮੁੱਖ ਹੁੰਦੀ ਹੈ।

ਹਲਕਾ ਵਿਧਾਇਕ ਨੇ ਕਿਹਾ ਉਹ ਆਪਣੇ ਹਲਕੇ ਵਿੱਚ ਵੱਡੀ ਗਿਣਤੀ ਖੇਡ ਮੈਦਾਨ ਬਣਾ ਰਹੇ ਹਨ, ਜਿਸ ਨਾਲ ਖਿਡਾਰੀਆਂ ਨੂੰ ਬਹੁਤ ਉਤਸ਼ਾਹ ਮਿਲ ਰਿਹਾ ਹੈ। ਉਹਨਾਂ ਨੇ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਕਰਨ ਉਹ ਕਦੇ ਵੀ ਖੇਡਾਂ ਨੂੰ ਨਾ ਛੱਡਣ। ਸਰਕਾਰ ਵੱਲੋਂ ਜਿਹੜੀ ਵੀ ਮਦਦ ਦੀ ਲੋੜ ਹੈ, ਉਹ ਹਰ ਹਾਲ ਦਿੱਤੀ ਜਾਵੇਗੀ। ਖ਼ਿਡਾਰੀਆਂ ਨੂੰ ਖੇਡਾਂ ਸਬੰਧੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਨੇ ਇਹ ਖੇਡਾਂ ਕਰਵਾਉਣ ਹਿਤ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਵੀ ਕੀਤਾ।

ਹਲਕਾ ਵਿਧਾਇਕ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3 ਤਹਿਤ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਸਬੰਧੀ ਬਲਾਕ ਪੱਧਰੀ ਖੇਡਾਂ 01 ਸਤੰਬਰ ਤੋਂ 10 ਸਤੰਬਰ, ਜ਼ਿਲ੍ਹਾ ਪੱਧਰੀ ਖੇਡਾਂ 15 ਸਤੰਬਰ ਤੋਂ 22 ਸਤੰਬਰ ਅਤੇ ਰਾਜ ਪੱਧਰੀ ਖੇਡਾਂ 11 ਅਕਤੂਬਰ ਤੋਂ 09 ਨਵੰਬਰ ਤਕ ਕਰਵਾਈਆਂ ਜਾ ਰਹੀਆਂ ਹਨ।

ਇਸ ਮੌਕੇ ਐੱਸ. ਡੀ. ਐਮ. ਬੱਸੀ ਪਠਾਣਾਂ ਸ਼੍ਰੀ ਸੰਜੀਵ ਕੁਮਾਰ ਕੁਮਾਰ ਨੇ ਦੱਸਿਆ ਕਿ ਇਹਨਾਂ ਖੇਡਾਂ ਤਹਿਤ ਸੌਫਤ ਬਾਲ ਦੇ ਸੂਬਾ ਪੱਧਰੀ ਮੁਕਾਬਲੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਕਰਵਾਏ ਜਾਣੇ ਹਨ। ਇਹਨਾਂ ਖੇਡਾਂ ਬਾਬਤ ਤਿਆਰੀਆਂ ਜ਼ੋਰਾਂ 'ਤੇ ਹਨ। ਉਹਨਾਂ ਦੱਸਿਆ ਕਿ ਇਹਨਾਂ ਖੇਡਾਂ ਸਬੰਧੀ ਰਜਿਸਟ੍ਰੇਸ਼ਨ ਜਾਰੀ ਹੈ ਤੇ ਵੱਧ ਤੋਂ ਵੱਧ ਨੌਜਵਾਨ ਰਜਿਸਟ੍ਰੇਸ਼ਨ ਕਰਵਾਉਣ।

ਇਸ ਮਸ਼ਾਲ ਮਾਰਚ ਦਾ ਮੁੱਖ ਮਕਸਦ ਲੋਕਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨਾ ਹੈ ਤਾਂ ਜੋ ਵੱਧ ਤੋਂ ਵੱਧ ਲੋਕ, ਖਾਸਕਰ ਨੌਜਵਾਨ ਇਨ੍ਹਾਂ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ। ਖੇਡਾਂ ਨਾਲ ਜੁੜੇ ਨੌਜਵਾਨ ਜਿੱਥੇ ਨਸ਼ਿਆਂ ਅਤੇ ਹੋਰ ਭੈੜੀਆਂ ਆਦਤਾਂ ਤੋਂ ਬਚੇ ਰਹਿੰਦੇ ਹਨ, ਉੱਥੇ ਉਹ ਆਪਣੀ ਮਿਹਨਤ ਨਾਲ ਆਪਣਾ ਅਤੇ ਦੇਸ਼ ਦਾ ਨਾਂ ਵੀ ਰੌਸ਼ਨ ਕਰ ਸਕਦੇ ਹਨ।

ਇਹ ਖੇਡਾਂ ਵੱਖ-ਵੱਖ ਕੈਟਾਗਰੀਆਂ ਤਹਿਤ ਕਰਵਾਈਆਂ ਜਾਣਗੀਆਂ। ਜਿਹਨਾਂ ਵਿੱਚ ਅੰਡਰ -14, ਅੰਡਰ -17 , ਅੰਡਰ-21, 21 ਤੋਂ ਲੈ ਕੇ 40 ਸਾਲ ਓਪਨ ਗਰੁੱਪ, 41 ਤੋਂ ਲੈ ਕੇ 50 ਸਾਲ ਤੱਕ ਓਪਨ ਗਰੁੱਪ ਅਤੇ 50 ਸਾਲ ਤੋਂ ਉੱਪਰ ਦੇ ਖਿਡਾਰੀ ਓਪਨ ਗਰੁੱਪ, ਸ਼ਾਮਲ ਹਨ।

ਜ਼ਿਲ੍ਹਾ ਖੇਡ ਅਫ਼ਸਰ ਸ਼੍ਰੀਮਤੀ ਗੁਰਦੀਪ ਕੌਰ, ਸੀਨੀਅਰ ਬਾਸਕਟਬਾਲ ਕੋਚ ਸ਼੍ਰੀ ਰਾਹੁਲਦੀਪ ਸਿੰਘ ਅਤੇ ਖੇਡ ਵਿਭਾਗ ਦੇ ਸਮੂਹ ਅਧਿਕਾਰੀਆਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਇਹਨਾਂ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ। ਉਹਨਾਂ ਕਿਹਾ ਕਿ ਇਹਨਾਂ ਖੇਡਾਂ ਸਬੰਧੀ ਸੁਚੱਜੇ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਕਿਸੇ ਵੀ ਖਿਡਾਰੀ ਤੇ ਦਰਸ਼ਕ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਪੀ. ਏ. ਨਵਦੀਪ ਸਿੰਘ, ਪਲੇਸਮੈਂਟ ਅਫ਼ਸਰ ਸ੍. ਜਸਵਿੰਦਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਮੋਹਾਲੀ ਸ਼੍ਰੀ ਰੂਪੇਸ਼ ਕੁਮਾਰ, ਸੁਖਦੀਪ ਸਿੰਘ ਫੁਟਬਾਲ ਕੋਚ, ਕੁਲਵਿੰਦਰ ਸਿੰਘ ਹੈਂਡਬਾਲ ਕੋਚ, ਲਖਵੀਰ ਸਿੰਘ ਐਥਲੈਟਿਕਸ ਕੋਚ, ਯਾਦਵਿੰਦਰ ਸਿੰਘ ਵਾਲੀਬਾਲ ਕੋਚ, ਮਨੋਜ ਕੁਮਾਰ ਜਿਮਨਾਸਟਿਕ ਕੋਚ, ਮਨਜੀਤ ਸਿੰਘ ਕੁਸ਼ਤੀ ਕੋਚ, ਮਨੀਸ਼ ਕੁਮਾਰ ਹਾਕੀ ਕੋਚ, ਮਨਵੀਰ ਕੌਰ ਐਥਲੈਟਿਕਸ ਕੋਚ, ਵੀਰਨ ਦੇਵੀ ਖੋ-ਖੋ ਕੋਚ, ਭੁਪਿੰਦਰ ਕੌਰ ਐਥਲੈਟਿਕਸ ਕੋਚ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਵੱਡੀ ਗਿਣਤੀ ਖਿਡਾਰੀ ਤੇ ਪਤਵੰਤੇ ਹਾਜ਼ਰ ਸਨ।

# ਕਿਸਾਨ ਅੰਦੋਲਨ ਦੇ ਚਲਦਿਆਂ ਬੰਦ ਪਏ ਸ਼ੰਭੂ ਬਾਡਰ ਕਾਰਨ ਜ਼ੀਰਕਪੁਰ ਵਿੱਚ ਗੰਭੀਰ ਹੋਈ ਟਰੈਫਿਕ ਸਮੱਸਿਆ

**ਜ਼ੀਰਕਪੁਰ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਅੰਦੋਲਨ ਕਾਰਨ ਪਿਛਲੇ 5 ਮਹੀਨਿਆਂ ਤੋਂ ਬੰਦ ਪਏ ਸ਼ੰਭੂ ਬਾਰਡਰ ਕਾਰਨ ਜ਼ੀਰਕਪੁਰ ਵਿੱਚ ਚੰਡੀਗੜ੍ਹ-ਅੰਬਾਲਾ ਕੌਮੀ ਸ਼ਾਹਰਾਹ 'ਤੇ ਆਵਾਜਾਈ ਦੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਪਿਛਲੇ ਪੰਜ ਮਹੀਨਿਆਂ ਤੋਂ ਪੰਜਾਬ ਤੋਂ ਦਿੱਲੀ ਅਤੇ ਦਿੱਲੀ ਤੋਂ ਪੰਜਾਬ ਸਮੇਤ ਜੰਮੂ-ਕਸ਼ਮੀਰ ਜਾਣ ਵਾਲੀ ਆਵਾਜਾਈ ਦਾ ਸਾਰਾ ਬੋਝ ਇਸ ਕੌਮੀ ਸ਼ਾਹਰਾਹ 'ਤੇ ਪੈ ਗਿਆ ਹੈ, ਜਿਸ ਕਾਰਨ ਜ਼ੀਰਕਪੁਰ ਸ਼ਹਿਰ ਵਿੱਚ ਥਾਂ-ਥਾਂ ਤੇ ਯਾਤਰੀਆਂ ਨੂੰ ਭਾਰੀ ਦਿੱਕਤ ਅਤੇ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ 6 ਮਹੀਨਿਆਂ ਤੋਂ ਬੰਦ ਪਏ ਸ਼ੰਭੂ ਬਾਰਡਰ ਨੂੰ ਖੋਲ੍ਹਣ ਲਈ ਅੱਜ (ਐਤਵਾਰ) ਪਟਿਆਲਾ ਪੁਲਿਸ ਲਾਈਨ ਵਿਖੇ ਕਿਸਾਨਾਂ ਅਤੇ ਪ੍ਰਸ਼ਾਸਨ ਦਰਮਿਆਨ ਇੱਕ ਅਹਿਮ ਮੀਟਿੰਗ ਹੋਈ।

ਇਸ ਮੀਟਿੰਗ ਦਾ ਕੋਈ ਨਤੀਜਾ ਨਹੀਂ ਨਿਕਲਿਆ। ਮੀਟਿੰਗ ਵਿੱਚ ਪੰਜਾਬ ਅਤੇ ਹਰਿਆਣਾ ਸਰਕਾਰਾਂ ਦੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ।ਮੀਟਿੰਗ ਤੋਂ ਬਾਅਦ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਅਸੀਂ ਕੋਈ ਸੜਕ ਬੰਦ ਨਹੀਂ ਕੀਤੀ। ਹਰਿਆਣਾ ਅਤੇ ਕੇਂਦਰ ਸਰਕਾਰ ਵੱਲੋਂ ਸੜਕ ਨੂੰ ਬੰਦ ਕਰ ਦਿੱਤਾ ਗਿਆ ਹੈ। ਅਜਿਹੇ ਵਿੱਚ ਸਰਕਾਰ ਨੂੰ ਸ਼ੰਭੂ ਬਾਰਡਰ ਖੋਲ੍ਹਣਾ ਚਾਹੀਦਾ ਹੈ। ਅਸੀਂ ਪ੍ਰਸ਼ਾਸਨ ਅੱਗੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਸ਼ੰਭੂ ਬਾਰਡਰ ਦੇ ਬੰਦ ਹੋਣ ਨਾਲ ਨਾ ਸਿਰਫ਼ ਹਜ਼ਾਰਾਂ ਲੋਕਾਂ ਦੇ ਰੋਜ਼ਾਨਾ ਆਉਣ-ਜਾਣ 'ਤੇ ਅਸਰ ਪਿਆ ਹੈ, ਸਗੋਂ ਇਸ ਨਾਲ ਖੇਤਰ 'ਤੇ ਕਾਫੀ ਆਰਥਿਕ ਪ੍ਰਭਾਵ ਵੀ ਪਿਆ ਹੈ। ਸ਼ੰਭੂ ਬਾਰਡਰ ਰਾਹੀਂ ਅੰਬਾਲਾ-ਅਮ੍ਰਿਤਸਰ ਕੌਮੀ ਸ਼ਾਹਰਾਹ ਪੰਜਾਬ ਸਮੇਤ ਜੰਮੂ-ਕਸ਼ਮੀਰ ਲਈ ਮਾਲ ਅਤੇ ਸੇਵਾਵਾਂ ਦੀ ਢੋਆ-ਢੁਆਈ ਲਈ ਇੱਕ ਪ੍ਰਮੁੱਖ ਰੂਟ ਹੈ, ਜਿਸ ਕਾਰਨ ਅੰਬਾਲਾ-ਚੰਡੀਗੜ੍ਹ ਕੌਮੀ ਸ਼ਾਹਰਾਹ ਤੇ ਵਧੇ ਹੋਏ ਟ੍ਰੈਫਿਕ ਕਾਰਨ ਕਾਰੋਬਾਰਾਂ ਲਈ ਦੇਰੀ ਅਤੇ ਲਾਗਤਾਂ ਵਧੀਆਂ ਹਨ। ਸ਼ੰਭੂ ਸਰਹੱਦ ਦੇ ਬੰਦ ਹੋਣ ਨਾਲ ਜ਼ੀਰਕਪੁਰ ਦੇ ਸਰੋਤਾਂ ਅਤੇ ਬੁਨਿਆਦੀ ਢਾਂਚੇ 'ਤੇ ਵੀ ਦਬਾਅ ਪਿਆ ਹੈ, ਜਿਸ ਨਾਲ ਇਲਾਕੇ ਅੰਦਰ ਟਰੈਫਿਕ ਦੀ ਇਕ ਵੱਡੀ ਅਤੇ ਗੰਭੀਰ ਸਮੱਸਿਆ ਖੜੀ ਹੋ ਗਈ ਹੈ। ਮੀਟਿੰਗ



ਦੌਰਾਨ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਕਿਹਾ ਕਿ ਅਸੀਂ ਇਹ ਕੇਸ ਅਦਾਲਤ ਵਿੱਚ ਨਹੀਂ ਲੈ ਕੇ ਗਏ, ਸਰਕਾਰ ਵੱਲੋਂ ਲਿਆਂਦਾ ਗਿਆ ਹੈ। ਅਸੀਂ ਪ੍ਰਸ਼ਾਸਨ ਅੱਗੇ ਮੰਗ ਰੱਖੀ ਦਿੱਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹਰਿਆਣਾ ਚਾਹੁੰਦਾ ਹੈ ਕਿ ਕਿਸਾਨ ਟਰੈਕਟਰ ਟਰਾਲੀਆਂ ਲੈ ਕੇ ਦਿੱਲੀ ਨਾ ਜਾਣ। ਪਰ ਉਹ ਟਰੈਕਟਰ ਟਰਾਲੀ ਤੋਂ ਬਿਨਾਂ ਦਿੱਲੀ ਨਹੀਂ ਜਾਣਗੇ। ਅਸੀਂ ਪਹਿਲੇ ਦਿਨ ਤੋਂ ਹੀ ਉਨ੍ਹਾਂ ਨੂੰ ਆਪਣੀ ਗੱਲ ਸਪੱਸ਼ਟ ਕਰ ਚੁੱਕੇ ਹਾਂ। ਇਸ ਤੋਂ ਇਲਾਵਾ ਮੀਟਿੰਗ ਸਬੰਧੀ ਕੋਈ ਏਜੰਡਾ ਨਹੀਂ ਸੀ। ਇਸ ਦੇ ਨਾਲ ਹੀ ਜਗਜੀਤ ਸਿੰਘ ਡੱਲੇਵਾਲ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ। ਇਸ ਤੋਂ ਪਹਿਲਾਂ 21 ਤਰੀਕ ਨੂੰ ਵੀ ਇਸ ਮਾਮਲੇ ਸਬੰਧੀ ਮੀਟਿੰਗ ਹੋਈ ਸੀ। ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਕਿਸਾਨ ਆਗੂ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਪਟਿਆਲਾ ਸਥਿਤ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪੁੱਜੇ ਸਨ। ਜਿੱਥੇ ਉਨ੍ਹਾਂ ਕਿਸਾਨਾਂ ਦੇ ਹੋਰ ਸਮੂਹਾਂ ਨਾਲ ਮੀਟਿੰਗ ਕੀਤੀ।ਇਸ ਦੌਰਾਨ 31 ਅਗਸਤ ਨੂੰ ਸ਼ੰਭੂ ਬਾਰਡਰ ਸਮੇਤ 3 ਥਾਵਾਂ 'ਤੇ ਕੀਤੇ ਜਾਣ ਵਾਲੇ ਪ੍ਰਦਰਸ਼ਨਾਂ ਦੀ ਰਣਨੀਤੀ ਬਣਾਈ ਗਈ ਹੈ। ਕਿਸਾਨਾਂ ਦਾ ਸਪੱਸ਼ਟ ਕਹਿਣਾ ਹੈ ਕਿ ਉਹ ਵੀ ਚਾਹੁੰਦੇ ਹਨ ਕਿ ਇਹ ਸੜਕ ਸਾਰਿਆਂ ਲਈ ਖੋਲ੍ਹੀ ਜਾਵੇ। ਇਸ ਸੜਕ ਨੂੰ ਹਰਿਆਣਾ ਸਰਕਾਰ ਨੇ ਬੰਦ ਕਰ ਦਿੱਤਾ ਹੈ। ਇਸ ਕਾਰਨ ਹਰ ਵਰਗ ਦੇ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੀ ਨੀਅਤ ਵਿੱਚ ਨੁਕਸ ਹੈ। ਮੀਟਿੰਗ ਦੀ ਪਹਿਲ ਕੇਂਦਰ ਨੂੰ ਕਰਨੀ ਚਾਹੀਦੀ ਹੈ, ਪ੍ਰਸ਼ਾਸਨ ਨੂੰ ਨਹੀਂ। ਇਸ ਦੇ ਨਾਲ ਹੀ ਇਸ ਮਾਮਲੇ ਦੀ ਸੁਣਵਾਈ ਹੁਣ 2 ਸਤੰਬਰ ਨੂੰ ਸੁਪਰੀਮ ਕੋਰਟ ਵਿੱਚ ਹੋਣੀ ਹੈ। ਇਸੇ ਸੰਦਰਭ ਵਿੱਚ ਇਹ ਮੀਟਿੰਗ ਹੋ ਰਹੀ ਹੈ। ਸ਼ੰਭੂ ਬਾਰਡਰ ਨੂੰ ਲੈ ਕੇ ਵੀਰਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਸੁਪਰੀਮ ਕੋਰਟ ਨੇ ਦੋਵਾਂ ਸਰਕਾਰਾਂ ਨੂੰ ਕਿਸਾਨਾਂ ਨਾਲ ਮੀਟਿੰਗਾਂ ਜਾਰੀ ਰੱਖਣ ਦੇ ਹੁਕਮ ਦਿੱਤੇ ਸਨ। ਇਸ ਦੇ ਨਾਲ ਹੀ ਪੰਜਾਬ ਨੂੰ ਹੋਰ ਕਮੇਟੀ ਮੈਂਬਰਾਂ ਦੇ ਨਾਂ ਵੀ 3 ਦਿਨਾਂ ਦੇ ਅੰਦਰ ਦੇਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਇਸ ਮੀਟਿੰਗ ਦੀ ਰਿਪੋਰਟ ਅਗਲੀ ਮੀਟਿੰਗ ਵਿੱਚ ਸੁਪਰੀਮ ਕੋਰਟ ਵਿੱਚ ਰੱਖੀ ਜਾਵੇਗੀ।

# ਜ਼ੀਰਕਪੁਰ ਚ ਨਜਾਇਜ਼ ਉਸਾਰੀਆਂ ਦਾ ਆਇਆ ਹੜ੍ਹ, ਸ਼ਿਕਾਇਤ ਤੇ ਵੀ ਨਹੀਂ ਹੋ ਰਹੀ ਕਾਰਵਾਈ



**ਜ਼ੀਰਕਪੁਰ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਜ਼ੀਰਕਪੁਰ ਦੀ ਹਦੂਦ ਅੰਦਰ ਵੱਖ-ਵੱਖ ਥਾਵਾਂ 'ਤੇ ਕੁਝ ਰਸੂਕਦਾਰ ਲੋਕਾਂ ਵੱਲੋਂ ਧੜੱਲੇ ਨਾਲ ਨਾਜਾਇਜ਼ ਉਸਾਰੀ ਕੀਤੀ ਜਾ ਰਹੀ ਹੈ ਅਤੇ ਇਮਾਰਤੀ ਕਾਨੂੰਨ ਦੀਆਂ ਧੱਜੀਆਂ ਉਡਾਉਣ ਵਾਲੇ ਲਗਾਤਾਰ ਨਗਰ ਕੌਂਸਲ ਅਧਿਕਾਰੀਆਂ ਨੂੰ ਟਿੱਚ ਜਾਣ ਅਤਿਰਿਕਤ ਮੰਜ਼ਿਲ ਬਣਾਉਣ ਤੋਂ ਇਲਾਵਾ ਸੈਟ ਬੈਕ ਏਰੀਆ ਚ ਨਿਰਮਾਣ ਕਰ ਰਹੇ ਹਨ। ਖ਼ੇਤਰ ਵਿੱਚ ਉਸਾਰੀ ਕਾਨੂੰਨ ਨੂੰ ਛਿੱਕੇ ਟੰਗ ਕੇ ਬਹੁ-ਮੰਜ਼ਿਲਾ ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ, ਜਿਸ ਦੀ ਵਸਨੀਕਾਂ ਵੱਲੋਂ ਨਗਰ ਕੌਂਸਲ ਦੇ ਫੀਲਡ ਸਟਾਫ਼ ਨੂੰ ਸ਼ਿਕਾਇਤ ਕੀਤੇ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਨਾਜਾਇਜ਼ ਉਸਾਰੀ ਕਰਨ ਵਾਲਿਆਂ ਖ਼ਿਲਾਫ਼ ਗੋਂਗਲੂਆਂ ਤੋਂ ਮਿੱਟੀ ਝਾੜਨ ਵਰਗੀ ਕੀਤੀ ਜਾ ਰਹੀ ਕਾਰਵਾਈ ਕਾਰਨ ਉਸਾਰੀ ਕਰਤਾਵਾਂ ਦੇ ਹੌਸਲਿਆਂ ਸਾਹਮਣੇ ਨਾਕਾਫ਼ੀ ਸਾਬਤ ਹੋ ਰਹੀ ਹੈ। ਜਿਸ ਕਾਰਨ ਸ਼ਹਿਰ ਦੀ ਹਰ ਗਲੀ ਅਤੇ ਮੁਹੱਲੇ ਵਿੱਚ ਨਾਜਾਇਜ਼ ਉਸਾਰੀਆਂ ਹੋ ਰਹੀਆਂ ਹਨ। ਸ਼ਹਿਰ ਵਿੱਚ ਨਾਜਾਇਜ਼ ਉਸਾਰੀਆਂ ਵਧ ਗਈਆਂ ਹਨ, ਜਿਸ ਕਾਰਨ ਨਗਰ ਕੌਂਸਲ ਦੇ ਖਜ਼ਾਨੇ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਜ਼ੀਰਕਪੁਰ ਨਗਰ ਕੌਂਸਲ ਦੀ ਹਦੂਦ ਅੰਦਰ ਪੈਂਦਾ ਕੋਈ ਵੀ ਇਲਾਕਾ ਅਜਿਹਾ ਨਹੀਂ ਹੈ ਜਿੱਥੇ ਉਸਾਰੀ ਕਨੂੰਨ ਦੀਆਂ ਧੱਜੀਆਂ ਉਡਾ ਨਾਜਾਇਜ਼ ਉਸਾਰੀਆਂ ਨਾ ਕੀਤੀਆਂ ਜਾ ਰਹੀਆਂ ਹੋਣ ਜਿਨ੍ਹਾਂ ਨੂੰ ਰੋਕਣ 'ਚ ਨਗਰ ਕੌਂਸਲ ਦੀ ਬਿਲਡਿੰਗ ਬਰਾਂਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੀ ਹੈ। ਜਦਕਿ ਅਧਿਕਾਰੀਆਂ ਵੱਲੋਂ ਡੰਗ ਟਪਾਉਣ ਨੀਤੀ ਦੇ ਤਹਿਤ ਨੋਟਿਸ ਜ਼ਰੂਰ ਦਿੱਤੇ ਜ਼ਾ ਰਹੇ ਹਨ ਜਿਸ ਦੇ ਬਾਵਜੂਦ ਉਸਾਰੀ ਨਹੀਂ ਰੁਕਦੀ।

ਪਿਛਲੇ ਸਮੇਂ ਤੋਂ ਕੁਝ ਇਮਾਰਤਾਂ ਬਣਾਉਣ ਵਾਲੇ ਉਸਾਰੀ ਕਰਤਾਵਾਂ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਨਾਜਾਇਜ਼ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ, ਉਹ ਕਿਸੇ ਤੋਂ ਲੁਕੀ ਨਹੀਂ ਹੈ। ਹਾਲਾਂਕਿ ਸ਼ਹਿਰ 'ਚ ਨਾਜਾਇਜ਼ ਉਸਾਰੀਆਂ ਦਾ ਮਾਮਲਾ ਦਿਨੋਂ-ਦਿਨ ਭਖਦਾ ਜਾ ਰਿਹਾ ਹੈ। ਸਿਆਸੀ ਕਾਟੋ ਕਲੇਸ਼ ਵਿਚਕਾਰ ਵਿਜੀਲੈਂਸ ਬਿਊਰੋ ਵੱਲੋਂ ਵੀ ਇਸ ਮਾਮਲੇ ਦੀ ਪਡ ?ਤਾਲ ਸ਼ੁਰੂ ਕਰ ਦਿੱਤੀ ਗਈ ਹੈ। ਕਾਂਗਰਸ ਸਰਕਾਰ ਸਮੇਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਨਿਯਮਾਂ ਤੋਂ ਉਲਟ ਹੋਈਆਂ ਉਸਾਰੀਆਂ, ਕੱਟੀਆਂ ਗਈਆਂ ਕਾਲੋਨੀਆਂ ਤੇ ਸਕੀਮਾਂ ਵਿਜੀਲੈਂਸ ਦੇ ਸ਼ੱਕ ਦੇ ਘੇਰੇ ਵਿਚ ਆ ਗਈਆਂ ਹਨ ਇਸ ਦੇ ਬਾਵਜੂਦ ਨਜਾਇਜ਼ ਉਸਾਰੀਆਂ ਕਰਨ ਵਾਲਿਆਂ ਦੇ ਹੌਸਲੇ ਬੁਲੰਦ ਹਨ ਤੇ ਨਗਰ ਕੌਂਸਲ ਦੀ ਬਿਲਡਿੰਗ ਬ੍ਰਾਂਚ ਦੇ ਅਧਿਕਾਰੀ ਦਫ਼ਤਰ ਵਿੱਚ ਬੈਠ ਨੋਟਿਸ ਨੋਟਿਸ ਦੀਆਂ ਖੇਡਾਂ ਖੇਡ ਰਹੇ ਹਨ ਜਦਕਿ ਲੋਕਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਤਾਜ਼ਾ ਮਾਮਲਾ ਪਟਿਆਲਾ ਰੋਡ ਤੇ ਸਥਿੱਤ ਗ੍ਰੀਨ ਇੰਕਲੇਵ ਦਾ ਹੈ। ਜਿੱਥੇ ਦੋ ਕੋਠੀਆਂ ਦਾ ਨਿਰਮਾਣ ਹੋ ਰਿਹਾ ਹੈ ਅਤੇ ਉਸਾਰੀ ਕਰਤਾ ਵੱਲੋਂ ਸੈਟ ਬੈਕ ਏਰੀਆ ਛੱਡਣ ਦੇ ਬਾਵਜੂਦ ਪਿਛੱਲੇ 3 ਦੀਨ ਛੁੱਟੀ ਹੋਣ ਦੇ ਚਲਦਿਆਂ ਉਸਾਰੀ ਕਨੂੰਨ ਨੂੰ ਛਿੱਕੇ ਟੰਗ ਬੈਠਰੂਮ ਬਣਾ ਲਏ ਗਏ।

ਇਸ ਸਬੰਧੀ ਇਲਾਕਾ ਵਾਸੀਆਂ ਨੇ ਸ਼ਿਕਾਇਤ ਵੀ ਕੀਤੀ ਹੈ। ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਨੇੜਲੇ ਵਸਨੀਕਾਂ ਨੇ ਦੋਸ਼ ਲਾਇਆ ਹੈ ਕਿ ਨਗਰ ਕੌਂਸਲ ਦੀ ਬਿਲਡਿੰਗ ਸ਼ਾਖਾ ਦੇ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨਾਜਾਇਜ਼ ਉਸਾਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ 'ਤੇ ਕਾਰਵਾਈ ਨਾ ਕੀਤੀ ਗਈ ਤਾਂ ਉਹ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਦੇ ਡਾਇਰੈਕਟਰ ਅਤੇ ਵਿਜੀਲੈਂਸ ਨੂੰ ਵੀ ਸ਼ਿਕਾਇਤ ਕਰਨਗੇ।

# ਆਈ.ਸੀ.ਆਈ.ਸੀ.ਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਕੰਪਨੀ ਦੀ ਪ੍ਰਬੰਧਨ ਅਧੀਨ ਜਾਇਦਾਦ 3 ਲੱਖ ਕਰੋੜ ਰੁਪਏ ਨੂੰ ਪਾਰ ਕਰ ਗਈ

**ਜਲੰਧਰ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈ.ਸੀ.ਆਈ.ਸੀ.ਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਕੰਪਨੀ ਲਿਮਿਟੇਡ ਨੇ ਪ੍ਰਬੰਧਨ ਅਧੀਨ ਜਾਇਦਾਦ (ਏਯੂਐਮ) ਵਿੱਚ 3 ਲੱਖ ਕਰੋੜ ਰੁਪਏ ਨੂੰ ਪਾਰ ਕਰਨ ਦਾ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ ਹੈ। 31 ਜੁਲਾਈ 2024 ਤੱਕ ਕੰਪਨੀ ਦੀ 1"$ 3.14 ਲੱਖ ਕਰੋੜ ਰੁਪਏ ਸੀ। ਸ਼੍ਰੀ ਅਨੂਪ ਬਾਗਚੀ, $4 ਅਤੇ 35®, ਆਈ.ਸੀ.ਆਈ.ਸੀ.ਆਈਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ, ਨੇ ਕਿਹਾ, ਸਾਨੂੰ ਪ੍ਰਬੰਧਨ ਅਧੀਨ ਸੰਪਤੀਆਂ ਵਿੱਚ 3 ਲੱਖ ਕਰੋੜ ਰੁਪਏ ਦਾ ਮੀਲ ਪੱਥਰ ਪਾਰ ਕਰਕੇ ਖੁਸ਼ੀ ਹੋ ਰਹੀ ਹੈ, ਇਹ ਸਾਡੇ ਉਤਪਾਦਾਂ ਲਈ ਸਾਡੇ ਗਾਹਕਾਂ ਦੀ ਤਰਜੀਹ ਅਤੇ ਉਹਨਾਂ ਦੀ ਯੋਗਤਾ ਦਾ ਪ੍ਰਮਾਣ ਹੈ ਉਹਨਾਂ ਦੇ ਲੰਬੇ ਸਮੇਂ ਦੇ ਵਿੱਤੀ ਟੀਚਿਆਂ ਨੂੰ ਪ੍ਰਾਪਤ ਕਰਨਾ ਸਾਡੇ ਉਤਪਾਦਾਂ ਅਤੇ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦਾ ਇੱਕ ਕਾਰਕ ਰਿਹਾ ਹ

ੈ ਜਿਸ ਨਾਲ ਅਸੀਂ ਆਪਣੇ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਵਿੱਤੀ ਸੁਰੱਖਿਆ ਪ੍ਰਦਾਨ ਕਰਦੇ ਹਾਂ ਨੇ ਇੱਕ ਸਖ਼ਤ ਨਿਵੇਸ਼ ਦਰਸ਼ਨ ਅਤੇ ਜੋਖਮ ਪ੍ਰਬੰਧਨ ਢਾਂਚਾ ਵਿਕਸਿਤ ਕੀਤਾ ਹੈ ਜਿਸ ਨੇ ਇਹ ਯਕੀਨੀ ਬਣਾਇਆ ਹੈ ਕਿ ਕੰਪਨੀ ਦੀ ਸ਼ੁਰੂਆਤ ਤੋਂ ਹੀ ਸਾਡੇ ਕੋਲ ਕੋਈ ਵੀ ਗੈਰ-ਕਾਰਗੁਜ਼ਾਰੀ ਸੰਪਤੀ ਨਹੀਂ ਹੈ ਵਿੱਤੀ ਸੁਰੱਖਿਆ, ਦੌਲਤ ਸਿਰਜਣ ਅਤੇ ਰਿਟਾਇਰਮੈਂਟ ਆਮਦਨ ਲਈ ਸਮਾਜ, ਇਸ ਲਈ ਸਾਡੇ ਉਤਪਾਦ ਅਤੇ ਪ੍ਰਕਿਰਿਆਵਾਂ ਇਹਨਾਂ ਲੋੜਾਂ ਨੂੰ ਪੂਰਾ ਕਰਨ ਲਈ ਇਕਸਾਰ ਹਨ। ਲਾਗੂ ਕੀਤੇ ਗਏ ਟੈਕਨੋਲੋਜੀ ਹੱਲਾਂ ਨੇ ਜੀਵਨ ਬੀਮਾ ਨੂੰ ਸਰਲ ਬਣਾਉਣ, ਨਵੀਨਤਾਕਾਰੀ ਉਤਪਾਦ ਵਿਕਸਿਤ ਕਰਨ ਅਤੇ ਸਹੀ ਗਾਹਕਾਂ ਨੂੰ ਸਹੀ ਚੈਨਲ ਰਾਹੀਂ ਸਹੀ ਕੀਮਤ 'ਤੇ ਸਹੀ ਉਤਪਾਦ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਕੀਤੀ ਹੈ ਜਿਸ ਨਾਲ ਇੱਕ ਬਿਹਤਰ ਗਾਹਕ ਅਨੁਭਵ ਪ੍ਰਦਾਨ ਕੀਤਾ ਗਿਆ ਹੈ। ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਸਾਡੀ ਵਚਨਬੱਧਤਾ ਵਿੱਤੀ ਸਾਲ 2024 ਵਿੱਚ ਸਾਡੇ ਦਾਅਵਿਆਂ ਦੇ ਨਿਪਟਾਰੇ ਦੇ 99.17 ਪ੍ਰਤੀਸ਼ਤ ਦੇ ਅਨੁਪਾਤ ਵਿੱਚ ਪ੍ਰਤੀਬਿੰਬਤ ਹੁੰਦੀ ਹੈ, ਜੋ ਕਿ ਉਦਯੋਗ ਵਿੱਚ ਸਭ ਤੋਂ ਵਧੀਆ ਹੈ, ਸਿਰਫ 1.27 ਦਿਨਾਂ ਦੇ ਟਰਨਅਰਾਉਂਡ ਸਮੇਂ ਦੇ ਨਾਲ।

# ਬੀਜ਼ੀ ਬੀ ਅਰਲੀ ਲਰਨਿੰਗ ਸੈਂਟਰ ਚ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ



**ਸਾਹਨੇਵਾਲ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਜ਼ੀ ਬੀ ਅਰਲੀ ਲਰਨਿੰਗ ਸੈਂਟਰ ਮਾਡਲ ਟਾਊਨ ਸਾਹਨੇਵਾਲ ਦੇ ਪ੍ਰਬੰਧਕੀ ਡਾਇਰੈਕਟਰ ਗੁਰਪ੍ਰੀਤ ਕੌਰ ਦੀ ਦੇਖ ਰੇਖ ਹੇਠ 'ਚ ਭਗਵਾਨ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਡਾਇਰੈਕਟਰ ਗੁਰਪ੍ਰੀਤ ਕੌਰ ਵੱਲੋਂ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਝੂਲਾ ਸਥਾਪਿਤ ਕਰਨ ਉਪਰੰਤ ਜੋਤ ਜਗ੍ਹਾ ਆਰਤੀ ਕੀਤੀ ਗਈ। ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਸ੍ਰੀ ਕ੍ਰਿਸ਼ਨ 'ਤੇ ਰਾਧਾ ਰਾਣੀ ਦੀਆਂ ਸੁੰਦਰ ਪੋਸ਼ਾਕਾਂ ਘਰ ਤੋਂ ਹੀ ਪਹਿਣਕੇ ਸੱਜ-ਧੱਜ ਕੇ ਆਪਣੇ ਪਲੇਅ-ਵੇ ਵਿੱਚ ਪੁੱਜ ਕੇ ਪ੍ਰੋਗਰਾਮ ਨੂੰ ਵੱਖਰਾ ਹੀ ਰੂਪ ਦੇ ਦਿੱਤਾ।ਰੰਗ-ਬਿਰੰਗੀਆਂ ਪੋਸ਼ਾਕਾ 'ਚ ਸਜੇ ਹੋਏ ਨੰਨ੍ਹੇ-ਮੁੰਨੇ ਬੱਚਿਆਂ ਨੇ ਸ਼੍ਰੀ ਕ੍ਰਿਸ਼ਨ 'ਤੇ ਰਾਧਾ ਰਾਣੀ ਦੇ ਜੀਵਨ ਨਾਲ ਸਬੰਧੀ ਸੁੰਦਰ ਝਾਕੀਆਂ ਪੇਸ਼ ਕੀਤੀਆਂ।

ਪ੍ਰਬੰਧਕੀ ਡਾਇਰੈਕਟਰ ਗੁਰਪ੍ਰੀਤ ਕੌਰ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਦੇ ਬਚਪਨ ਨਾਲ ਸਬੰਧਿਤ ਐਲਸੀਡੀ ਰਾਹੀਂ ਆਨਲਾਈਨ ਫਿਲਮ ਵੀ ਦਿਖਾਈ ਗਈ ਅਤੇ ਕੇਕ ਵੀ ਕੱਟਿਆ।ਇਸ ਮੌਕੇ ਸੈਂਟਰ ਵੱਲੋਂ ਬੱਚਿਆਂ ਨੂੰ ਸ਼੍ਰੀ ਕ੍ਰਿਸ਼ਨ ਜੀ ਦੇ ਚਿੱਤਰ ਦੇ ਕੇ ਉਸ ਵਿੱਚ ਰੰਗ ਭਰੋ ਮੁਕਾਬਲੇ ਕਰਵਾਏ ਗਏ ।ਇਸ ਮੌਕੇ ਡਾਇਰੈਕਟਰ ਗੁਰਪ੍ਰੀਤ ਕੌਰ ਵੱਲੋਂ ਬੱਚਿਆਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਫਲ ਫਰੂਟ ਦੇ ਰੂਪ ਵਿੱਚ ਪ੍ਰਸ਼ਾਦ ਵੰਡਣ ਮੌਕੇ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਉਨ੍ਹਾ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਉਨ੍ਹਾਂ ਦੇ ਮਾਰਗਦਰਸ਼ਨਾ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ।ਅੰਤ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਅਤੇ ਰਾਧਾ ਰਾਣੀ ਦੇ ਸਰੂਪ ਅੱਗੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਬੱਚਿਆ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ, ਪਰਮਜੀਤ ਕੌਰ, ਮਨਰੀਤ ਕੌਰ,ਹਰਪਾਲ ਕੌਰ, ਸੁਖਵਿੰਦਰ ਕੌਰ,ਵਰਿੰਦਰਜੀਤ ਕੌਰ, ਗਗਨਦੀਪ ਕੌਰ, ਮਨਦੀਪ ਕੌਰ ਆਦਿ ਹਾਜ਼ਰ ਸਨ।

# ਐੱਚ.ਆਈ.ਵੀ ਏਡਜ਼ ਅਤੇ ਨਸ਼ਾ ਛੁਡਾਉਣ ਲਈ ਜਾਗਰੂਕਤਾ ਸਬੰਧੀ ਨੁੱਕੜ ਨਾਟਕ ਕਰਵਾਇਆ

**ਰੂਪਨਗਰ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਰੂਪਨਗਰ ਡਾ. ਤਰਸੇਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਆਈ.ਸੀ.ਟੀ.ਸੀ. ਸੈਂਟਰ ਅਤੇ ਨਸ਼ਾ ਮੁਕਤੀ ਕੇਂਦਰ ਸਿਵਲ ਹਸਪਤਾਲ ਰੂਪਨਗਰ ਵਿਖੇ ਇਨਡੋਰ ਸੈਸ਼ਨ ਦੌਰਾਨ ਐਚ.ਆਈ.ਵੀ ਏਡਜ਼ ਮਿਨਿਸਟਰੀ ਆਫ ਇਨਫੋਰਮੇਸ਼ਨ ਐਂਡ ਬਰੋਡਕਾਸਟਿੰਗ ਗਵਰਮੈਂਟ ਆਫ ਇੰਡੀਆ ਪੰਜਾਬ ਏਡਜ਼ ਕੰਟਰੋਲ ਕਮੇਟੀ ਵੱਲੋਂ ਏਡਜ਼ ਅਤੇ ਨਸ਼ਾ ਛੱਡਣ ਲਈ ਲੋਕਾਂ ਨੂੰ ਨੁੱਕੜ ਨਾਟਕ ਕਰਕੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਬਲਦੇਵ ਸਿੰਘ, ਆਈ.ਸੀ.ਟੀ.ਸੀ ਕਾਊਂਸਲਰ ਅਨੁਰਾਧਾ ਸ਼ਰਮਾ ਅਤੇ ਓਟ ਸੈਂਟਰ ਕਾਊਂਸਲਰ ਜਸਜੀਤ ਕੌਰ ਨੇ ਏਡਜ਼ ਦੇ ਲੱਛਣਾਂ ਅਤੇ ਬਚਾਅ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਏਡਜ਼ ਇੱਕ ਗੰਭੀਰ ਬਿਮਾਰੀ ਹੈ, ਇਸ ਦੀ ਜਾਗਰੂਕਤਾ ਵਿੱਚ ਹੀ ਇਸ ਦਾ ਬਚਾਅ ਹੈ।

ਉਨ੍ਹਾਂ ਦੱਸਿਆ ਕਿ ਏਡਜ਼ ਬਿਮਾਰੀ ਅਸੁੱਰਖਿਅਤ ਯੌਨ ਸੰਬੰਧ ਬਣਾਉਣ ਨਾਲ, ਦੂਸ਼ਿਤ ਸੂਈਆਂ ਅਤੇ ਸਰਿੰਜਾਂ ਦੀ ਵਰਤੋਂ ਨਾਲ ਐਚ.ਆਈ.ਵੀ ਗ੍ਰਸਿਤ ਖ਼ੂਨ ਚੜਾਉਣ ਨਾਲ ਅਤੇ ਐਚ.ਆਈ.ਵੀ ਗ੍ਰਸਿਤ ਮਾਂ ਤੋਂ ਬੱਚੇ ਨੂੰ ਅਤੇ ਆਈ.ਵੀ ਗ੍ਰਸਿਤ ਮਾਂ ਤੋਂ ਬੱਚੇ ਨੂੰ ਇਹ ਬਿਮਾਰੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਤੋਂ ਬਚਣ ਦੇ ਉਪਾਅ ਜਿਵੇਂ ਡਿਸਪੋਜ਼ਲ ਸੂਈਆਂ ਅਤੇ ਸਰਿੰਜਾਂ ਦੀ ਵਰਤੋਂ ਕਰੋ।

ਉਨ੍ਹਾਂ ਦੱਸਿਆ ਕਿ ਐਚ.ਆਈ.ਵੀ. ਦੇ ਇਲਾਜ ਬਾਰੇ ਸਮਾਜ ਵਿੱਚ ਬਹੁਤ ਸਾਰੀਆਂ ਗਲਤ ਧਾਰਨਾਵਾਂ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਏਡਜ਼ ਇਕੱਠੇ ਬੈਠਣ, ਖਾਣਾ ਖਾਣ, ਖੇਡਣ , ਹੱਥ ਫੜਨ, ਮੱਛਰ ਦੇ ਕੱਟਣ ਆਦਿ ਨਾਲ ਨਹੀਂ ਫੈਲਦੀ, ਇਸ ਸਬੰਧੀ ਅਜੇ ਵੀ ਜਾਗਰੂਕਤਾ ਦੀ ਲੋੜ ਹੈ ਤਾਂ ਜੋ ਏਡਜ਼ ਦੀ ਜਾਂਚ ਵਿੱਚ ਤੇਜ਼ੀ ਲਿਆਂਦੀ ਜਾ ਸਕੇ ਤੇ ਇਸ ਬਿਮਾਰੀ ਨੂੰ ਫੈਲਣ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਸਰਕਾਰ ਦੁਆਰਾ ਟੈਲੀਮਾਨਸ ਪ੍ਰਦਾਨ ਕੀਤੀ ਗਈ ਸੇਵਾ ਹੈ, ਜਿਸ ਵਿੱਚ ਤੁਸੀਂ ਦਿੱਤੇ ਗਏ ਨੰਬਰ ਤੇ ਕਾਲ ਕਰਕੇ ਮਾਨਸਿਕ ਸਿਹਤ ਮਾਹਿਰਾਂ ਨਾਲ ਆਪਣੀ ਸਮੱਸਿਆ ਸਾਂਝੀ ਕਰ ਸਕਦੇ ਹੋ। ਫ਼ੋਨ ਰਾਹੀਂ ਤੁਹਾਡੇ ਨਾਲ ਜੁੜੇ ਮਾਹਿਰ ਤੁਹਾਡੀਆਂ ਸਮੱਸਿਆਵਾਂ ਸੁਣਨਗੇ ਅਤੇ ਕਾਊਂਸਲਿੰਗ ਰਾਹੀਂ ਤੁਹਾਨੂੰ ਤੁਰੰਤ ਰਾਹਤ ਦੇਣ ਦੀ ਕੋਸ਼ਿਸ਼ ਕਰਨਗੇ। ਜੇ ਉਹ ਮਹਿਸੂਸ ਕਰਦੇ ਹਨ ਕਿ ਤੁਹਾਨੂੰ ਉਹਨਾਂ ਨੂੰ ਆਹਮੋ-ਸਾਹਮਣੇ ਮਿਲਣ



ਦੀ ਲੋੜ ਹੈ, ਤਾਂ ਉਹ ਇੱਕ ਮੁਲਾਕਾਤ ਕਰਨਗੇ ਜਾਂ ਤੁਹਾਨੂੰ ਤੁਹਾਡੇ ਖੇਤਰ ਦੇ ਨੇੜੇ ਮਾਨਸਿਕ ਸਿਹਤ ਮਾਹਰ ਕੋਲ ਭੇਜ ਦੇਣਗੇ। ਇਸ ਟੈਲੀ ਮਾਨਸ ਸੇਵਾ ਦਾ ਲਾਭ ਲੈਣ ਲਈ ਤੁਹਾਨੂੰ 14416 ਜਾਂ 1800-891-4416 ਉੱਤੇ ਕਾਲ ਕਰਨੀ ਪਵੇਗੀ। ਫਿਰ ਤੁਹਾਡੀ ਕਾਲ ਉਸ ਖੇਤਰ ਦੇ ਕਿਸੇ ਮਾਨਸਿਕ ਸਿਹਤ ਮਾਹਰ ਨੂੰ ਟ੍ਰਾਂਸਫਰ ਕੀਤੀ ਜਾਵੇਗੀ ਜਿੱਥੇ ਤੁਸੀਂ ਰਹਿੰਦੇ ਹੋ ਤਾਂ ਜੋ ਤੁਸੀਂ ਆਪਣੀ ਭਾਸ਼ਾ ਵਿੱਚ ਆਪਣੇ ਨਜ਼ਦੀਕੀ ਮਾਹਿਰਾਂ ਨਾਲ ਗੱਲ ਕਰ ਸਕੋ।

ਉਨ੍ਹਾਂ ਇਹ ਵੀ ਦੱਸਿਆ ਕਿ ਨਸ਼ਾ ਮੁਕਤੀ ਕੇਂਦਰ ਵਿੱਚ ਜੋ ਨਸ਼ਾ ਕਰਦੇ ਹਨ, ਉਨ੍ਹਾਂ ਦਾ ਇਲਾਜ ਫਰੀ ਕੀਤਾ ਜਾਂਦਾ ਹੈ ਉਹਨਾਂ ਨੂੰ ਇੱਥੇ ਹਰ ਇੱਕ ਸਹੂਲਤ ਫਰੀ ਦਿੱਤੀ ਜਾਂਦੀ ਹੈ ਉਨ੍ਹਾਂ ਦਾ ਰਹਿਣਾ ਖਾਣਾ ਦਵਾਈਆਂ ਸਭ ਕੁਝ ਸਰਕਾਰ ਵੱਲੋਂ ਫਰੀ ਦਿੱਤਾ ਜਾਂਦਾ ਹੈ।ਇਸ ਕੈਂਪ ਵਿੱਚ ਡਾਕਟਰ ਡਾ. ਕੰਵਰਬੀਰ ਸਿੰਘ ਨੇ ਲੋਕਾਂ ਨੂੰ ਮਾਨਸਿਕ ਬਿਮਾਰੀ ਅਤੇ ਉਸ ਦੇ ਇਲਾਜ ਬਾਰੇ ਵੀ ਪੂਰਨ ਜਾਣਕਾਰੀ ਪ੍ਰਦਾਨ ਕੀਤੀ।

# ਸਮਾਣਾ ਦਾ ਨੌਜਵਾਨ ਕੈਨੇਡਾ 'ਚ ਸੜਕ ਹਾਦਸੇ ਵਿੱਚ ਹਲਾਕ

**ਸਮਾਣਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡਾ ਦੇ ਸੂਬੇ ਓਂਟਾਰੀਓ ਦੇ ਸ਼ਹਿਰ ਕਿਚਨਰ ਵਿੱਚ ਵਾਪਰੇ ਸੜਕ ਹਾਦਸੇ ਵਿੱਚ ਸਮਾਣਾ (ਪਟਿਆਲਾ) ਦੇ ਨੌਜਵਾਨ ਕੰਵਰਪਾਲ ਸਿੰਘ (20) ਦੀ ਮੌਤ ਹੋ ਗਈ ਹੈ। ਇਸ ਕਾਰਨ ਉਸ ਦੇ ਪਿਤਾ ਗੁਰਜੀਤ ਸਿੰਘ, ਜੋ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਡਰਾਈਵਰ ਹਨ ਅਤੇ ਅਧਿਆਪਕ ਮਾਂ ਜਸਬੀਰ ਕੌਰ ਸਣੇ ਪਰਿਵਾਰ ਦੇ ਮੈਂਬਰ ਸਦਮੇ ਵਿੱਚ ਹਨ। ਗੁਰਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਕੰਵਰਪਾਲ ਸਿੰਘ 2022 ਨੂੰ ਪੜ੍ਹਾਈ ਲਈ ਕੈਨੇਡਾ ਗਿਆ ਸੀ। ਉਹ 20 ਅਗਸਤ ਨੂੰ ਰੋਜ਼ਾਨਾ ਗੱਡੀ 'ਤੇ ਕੰਮ ਲਈ ਘਰੋਂ ਨਿਕਲਿਆ ਸੀ। ਕੁਝ



ਦੂਰੀ 'ਤੇ ਤੇਜ਼ ਰਫ਼ਤਾਰ ਟਰਾਲੇ ਨੇ ਉਸ ਦੀ ਗੱਡੀ ਵਿੱਚ ਟੱਕਰ ਮਾਰ ਦਿੱਤੀ। ਜ਼ਖ਼ਮੀ ਹੋਣ ਮਗਰੋਂ ਉਸ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ।

# ਐਨਆਰਆਈ 'ਤੇ ਹਮਲੇ ਦਾ ਮਾਮਲਾ: ਮੁਕਾਬਲੇ ਵਿੱਚ ਦੋ ਸ਼ੂਟਰ ਜ਼ਖ਼ਮੀ

**ਅੰਮ੍ਰਿਤਸਰ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਪਰਵਾਸੀ ਭਾਰਤੀ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਸ਼ੂਟਰ ਅੱਜ ਪੁਲੀਸ ਮੁਕਾਬਲੇ ਵਿੱਚ ਜ਼ਖ਼ਮੀ ਹੋ ਗਏ। ਪੁਲੀਸ ਮੁਲਜ਼ਮਾਂ ਨੂੰ ਹਥਿਆਰਾਂ ਦੀ ਬਰਾਮਦਗੀ ਵਾਸਤੇ ਉਨ੍ਹਾਂ ਵੱਲੋਂ ਦੱਸੀ ਥਾਂ 'ਤੇ ਲੈ ਕੇ ਗਈ ਸੀ। ਹਥਿਆਰ ਪ੍ਰਾਪਤ ਕਰਨ ਮਗਰੋਂ ਉਨ੍ਹਾਂ ਪੁਲੀਸ 'ਤੇ ਗੋਲੀ ਚਲਾ ਦਿੱਤੀ ਅਤੇ ਪੁਲੀਸ ਨੇ ਬਚਾਅ ਵਿੱਚ ਜਵਾਬੀ ਫਾਇਰਿੰਗ ਕੀਤੀ। ਇਸ ਦੌਰਾਨ ਦੋਵੇਂ ਸ਼ੂਟਰ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਪੁਲੀਸ ਨੇ ਘਟਨਾ ਲਈ ਵਰਤੀਆਂ ਤਿੰਨੋਂ ਪਿਸਤੌਲਾਂ ਅਤੇ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਜਦੋਂ ਪੁਲੀਸ ਪਾਰਟੀ ਪਿਸਤੌਲਾਂ ਦੀ ਬਰਾਮਦਗੀ ਕਰਵਾਉਣ ਲਈ ਉਨ੍ਹਾਂ ਨੂੰ ਵੱਲਾ ਨਹਿਰ ਨੇੜਲੇ ਇਲਾਕੇ ਵਿੱਚ ਲੈ ਕੇ ਗਈ ਤਾਂ ਮੁਲਜ਼ਮ ਗੁਰਕੀਰਤ ਸਿੰਘ ਅਤੇ ਸੁਖਵਿੰਦਰ ਸਿੰਘ ਦੋਹਾਂ ਨੇ ਪੁਲੀਸ ਨੂੰ ਚਕਮਾ ਦੇ ਕੇ ਅਚਾਨਕ ਪੁਲੀਸ 'ਤੇ ਫਾਇਰਿੰਗ ਕਰ ਦਿੱਤੀ। ਜਵਾਬ ਵਿੱਚ ਪੁਲੀਸ ਵੱਲੋਂ ਵੀ ਬਚਾਅ ਵਜੋਂ ਜਵਾਬੀ ਫਾਇਰਿੰਗ ਕੀਤੀ ਗਈ, ਜਿਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਇਹ ਦੋਵੇਂ ਮੁਲਜ਼ਮ ਜ਼ਖ਼ਮੀ ਹੋ ਗਏ। ਹੁਣ ਦੋਹਾਂ ਮੁਲਜ਼ਮਾਂ ਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਮੁੱਢਲੀ ਪੁੱਛ-ਪੜਤਾਲ ਦੌਰਾਨ ਇਹ ਖੁਲਾਸਾ ਹੋਇਆ ਹੈ ਕਿ ਐਨਆਰਆਈ ਸੁਖਚੈਨ ਸਿੰਘ ਨੂੰ ਕਤਲ ਕਰਨ ਵਾਸਤੇ ਉਨ੍ਹਾਂ ਦਾ 15 ਲੱਖ ਰੁਪਏ ਵਿੱਚ ਸੌਦਾ ਹੋਇਆ ਸੀ ਅਤੇ ਹੁਣ ਤੱਕ ਉਨ੍ਹਾਂ ਨੂੰ 85 ਹਜ਼ਾਰ ਰੁਪਏ ਮਿਲ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪੀੜਤ ਐਨਆਰਆਈ ਸੁਖਚੈਨ ਸਿੰਘ ਨਾਲ ਬਦਲਾ ਲੈਣ ਵਾਸਤੇ ਉਸ ਦੇ ਸਾਲੇ ਸੁਖਵਿੰਦਰ ਸਿੰਘ ਨੇ ਪੰਜ ਮਹੀਨੇ ਪਹਿਲਾਂ ਗੁਰਕੀਰਤ ਸਿੰਘ ਗੁਰੀ ਨਾਲ ਗੱਲ



ਕੀਤੀ ਸੀ ਅਤੇ ਇਹ ਗੱਲ ਸੁਖਵਿੰਦਰ ਸਿੰਘ ਦੇ ਦੋਸਤ ਮਨਪ੍ਰੀਤ ਸਿੰਘ ਉਰਫ ਮੰਨਾ ਵੱਲੋਂ ਕਰਵਾਈ ਗਈ ਸੀ। ਇਸ ਤਹਿਤ ਲਗਪਗ ਦੋ ਮਹੀਨੇ ਪਹਿਲਾਂ ਇੱਕ ਨਾਮਾਲੂਮ ਵਿਅਕਤੀ ਨੇ ਗੁਰੀ ਨੂੰ ਸੁਖਚੈਨ ਸਿੰਘ ਦਾ ਘਰ ਦਿਖਾਇਆ ਸੀ ਅਤੇ ਸੁਖਵਿੰਦਰ ਸਿੰਘ ਨੇ ਤਿੰਨ ਪਿਸਤੌਲਾਂ ਦਾ ਪ੍ਰਬੰਧ ਕੀਤਾ ਸੀ। ਉਪਰੰਤ ਇਹ ਤਿੰਨੋਂ ਵਿਅਕਤੀ ਬੀਤੇ ਦਿਨ ਅੰਮ੍ਰਿਤਸਰ ਆ ਕੇ ਇੱਕ ਹੋਟਲ ਵਿੱਚ ਠਹਿਰੇ। ਗੁਰਕੀਰਤ ਸਿੰਘ ਅਤੇ ਸੁਖਵਿੰਦਰ ਸਿੰਘ ਕਾਰ ਏਜੰਸੀ ਦੇ ਮੁਲਾਜ਼ਮ ਬਣ ਕੇ ਸੁਖਚੈਨ ਸਿੰਘ ਦੇ ਘਰ ਗਏ ਜਦੋਂ ਕਿ ਸੁਖਵਿੰਦਰ ਸਿੰਘ ਉਰਫ ਸਾਬੀ ਨੂੰ ਨਿਗਰਾਨੀ ਲਈ ਗਲੀ ਵਿੱਚ ਛੱਡਿਆ ਗਿਆ ਸੀ। ਐਨਆਰਆਈ ਸੁਖਚੈਨ ਸਿੰਘ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕਰਨ ਤੋਂ ਬਾਅਦ ਉਹ ਮੋਟਰਸਾਈਕਲ 'ਤੇ ਫਰਾਰ ਹੋ ਗਏ ਸਨ। ਸ੍ਰੀ ਢਿੱਲੋਂ ਨੇ ਦੱਸਿਆ ਕਿ ਮੁਲਜ਼ਮ ਪਹਿਲਾਂ ਖਡੂਰ ਸਾਹਿਬ ਗਏ ਅਤੇ ਗੁਰਦੁਆਰੇ ਦੀ ਪਰਿਕਰਮਾ ਵਿੱਚ ਮੋਟਰਸਾਈਕਲ ਖੜ੍ਹਾ ਕਰ ਕੇ ਅੰਮ੍ਰਿਤਸਰ ਵਾਪਸ ਵੱਲਾ ਨਹਿਰ ਦੇ ਇਲਾਕੇ ਵਿੱਚ ਆ ਗਏ। ਉੱਥੇ ਉਨ੍ਹਾਂ ਨੇ ਤਿੰਨੋਂ ਪਿਸਤੌਲਾਂ ਛੁਪਾ ਦਿੱਤੀਆਂ ਤੇ ਵਾਪਸ ਆਪਣੇ ਹੋਟਲ ਦੇ ਕਮਰੇ ਵਿੱਚ ਆ ਗਏ। ਫਿਰ ਉਹ ਆਪਣਾ ਸਾਮਾਨ ਲੈ ਕੇ ਹੁਸ਼ਿਆਰਪੁਰ ਚਲੇ ਗਏ।ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਗੁਰਕੀਰਤ ਸਿੰਘ ਉਰਫ ਗੁਰੀ ਅਤੇ ਸੁਖਵਿੰਦਰ ਸਿੰਘ ਦੋਵੇਂ ਪੇਸ਼ੇਵਰ ਅਪਰਾਧੀ ਹਨ ਅਤੇ ਉਨ੍ਹਾਂ ਖ਼ਿਲਾਫ਼ ਪਹਿਲਾਂ ਵੀ ਕਈ ਕੇਸ ਦਰਜ ਹਨ ਜਦੋਂ ਕਿ ਉਨ੍ਹਾਂ ਦੇ ਤੀਜੇ ਸਾਥੀ ਸੁਖਵਿੰਦਰ ਸਿੰਘ ਉਰਫ ਸਾਬੀ ਖ਼ਿਲਾਫ਼ ਪਹਿਲਾਂ ਕੋਈ ਕੇਸ ਦਰਜ ਨਹੀਂ ਹੈ। ਪੁਲੀਸ ਵੱਲੋਂ ਇਸ ਕੇਸ ਵਿੱਚ ਪਹਿਲਾਂ ਜਗਜੀਤ ਸਿੰਘ ਉਰਫ ਜੱਗੂ, ਚਮਕੌਰ ਸਿੰਘ ਉਰਫ ਛੋਟੂ, ਦਿਗੰਬਰ ਅਤਰੀ, ਅਭਿਲਾਸ਼ ਭਾਸਕਰ ਅਤੇ ਸਵਰਨ ਸਿੰਘ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ

ਅੰਮ੍ਰਿਤਸਰ ਵਿੱਚ ਬੀਤੇ ਦਿਨੀਂ ਇੱਕ ਐਨਆਰਆਈ ਸੁਖਚੈਨ ਸਿੰਘ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਸ਼ੂਟਰਾਂ ਨੂੰ ਅੱਜ ਹੁਸ਼ਿਆਰਪੁਰ ਵਿੱਚ ਇੱਕ ਸਰਾਂ 'ਚੋਂ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮਾਂ ਦੀ ਪਛਾਣ ਗੁਰਕੀਰਤ ਸਿੰਘ ਉਰਫ਼ ਗੁਰੀ ਅਤੇ ਸੁਖਵਿੰਦਰ ਸਿੰਘ ਵਾਸੀ ਪਿੰਡ ਗੁਟਰਾਂ ਜ਼ਿਲ੍ਹਾ ਜਲੰਧਰ ਅਤੇ ਸੁਖਵਿੰਦਰ ਸਿੰਘ ਉਰਫ਼ ਸੁੱਖਾ ਵਾਸੀ ਪਿੰਡ ਜੈਰਾਮਪੁਰ ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਹੈ। ਪੁਲੀਸ ਵੱਲੋਂ ਸੁੱਖਾ ਅਤੇ ਗੁਰੀ ਖ਼ਿਲਾਫ਼ ਲੁੱਕ ਆਊਟ ਨੋਟਿਸ ਜਾਰੀ ਕੀਤਾ ਜਾ ਚੁੱਕਾ ਸੀ। ਖ਼ੁਫੀਆ ਸੂਚਨਾ ਮਿਲਣ 'ਤੇ ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੀ ਪੁਲੀਸ ਨੇ ਇੱਕ ਸਾਂਝੀ ਕਾਰਵਾਈ ਦੌਰਾਨ ਸ਼ਹਿਰ ਦੇ ਗਊਸ਼ਾਲਾ ਬਾਜ਼ਾਰ ਇਲਾਕੇ ਵਿੱਚ ਇਕ ਸਰਾਂ ਵਿੱਚ ਲੁਕੇ ਇਨ੍ਹਾਂ ਮੁਲਜ਼ਮਾਂ ਨੂੰ ਛਾਪਾ ਮਾਰ ਕੇ ਗ੍ਰਿਫ਼ਤਾਰ ਕੀਤਾ ਹੈ।

# ਐਕਸਪ੍ਰੈੱਸਵੇਅ: ਪੰਜਾਬ ਸਰਕਾਰ ਲੀਹ 'ਤੇ ਲਿਆਉਣ ਲੱਗੀ ਕੰਮ

**ਚੰਡੀਗੜ੍ਹ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ 'ਦਿੱਲੀ-ਕੱਟੜਾ ਐਕਸਪ੍ਰੈੱਸ' ਮਾਰਗ ਲਈ ਅੜਿੱਕੇ ਦੂਰ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸ ਪ੍ਰਾਜੈਕਟ (ਮੁੱਖ ਕੋਰੀਡੋਰ) ਲਈ 85 ਫ਼ੀਸਦੀ ਜ਼ਮੀਨਾਂ ਦੇ ਕਬਜ਼ੇ ਦੇ ਦਿੱਤੇ ਗਏ ਹਨ ਅਤੇ ਸਿਰਫ਼ ਗੁਰਦਾਸਪੁਰ ਜ਼ਿਲ੍ਹੇ 'ਚ 15 ਫ਼ੀਸਦੀ ਦਾ ਕਬਜ਼ਾ ਬਾਕੀ ਹੈ। ਹਾਲਾਂਕਿ ਜਿਹੜੀ ਜ਼ਮੀਨ ਦੇ ਕਬਜ਼ੇ ਲਏ ਹਨ ਉਥੇ ਮਾਰਗ ਦਾ ਨਿਰਮਾਣ ਕਾਰਜ ਹਾਲੇ ਸ਼ੁਰੂ ਹੋਣਾ ਹੈ। ਉੱਧਰ, ਕਿਸਾਨ ਧਿਰਾਂ ਵੱਲੋਂ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦਿਵਾਉਣ ਲਈ ਸੰਘਰਸ਼ ਜਾਰੀ ਰੱਖਿਆ ਹੋਇਆ ਹੈ ਅਤੇ ਪੰਜਾਬ ਸਰਕਾਰ ਇਨ੍ਹਾਂ ਕਿਸਾਨਾਂ ਨਾਲ ਰਾਬਤਾ ਬਣਾਉਣ ਲਈ ਜੁਟੀ ਹੋਈ ਹੈ। ਕਿਸਾਨਾਂ ਲਈ ਮੁਆਵਜ਼ਾ ਵੱਡਾ ਮੁੱਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੁਝ ਸਮਾਂ ਪਹਿਲਾਂ ਹੀ ਉੱਚ ਅਫ਼ਸਰਾਂ ਨੂੰ ਇਸ ਪ੍ਰਾਜੈਕਟ ਲਈ ਰਾਹ ਪੱਧਰਾ ਕਰਨ ਵਾਸਤੇ ਟੀਚੇ ਤੈਅ ਕੀਤੇ ਸਨ। ਉਸ ਮਗਰੋਂ ਮੁੱਖ ਸਕੱਤਰ ਨੇ ਹਰ ਹਫ਼ਤੇ ਡੀਸੀਜ਼ ਨਾਲ ਮੀਟਿੰਗਾਂ ਕਰਕੇ ਇਸ ਪ੍ਰਾਜੈਕਟ ਲਈ ਜ਼ਮੀਨਾਂ ਦੇ ਕਬਜ਼ੇ ਦਿਵਾਉਣ ਦਾ ਕੰਮ ਤੇਜ਼ ਕਰ ਦਿੱਤਾ। ਚੇਤੇ ਰਹੇ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪਿਛਲੇ ਦਿਨਾਂ 'ਚ ਪੰਜਾਬ



ਸਰਕਾਰ ਨੂੰ ਪੱਤਰ ਲਿਖ ਕੇ ਅਮਨ ਕਾਨੂੰਨ ਦੇ ਹਵਾਲੇ ਨਾਲ ਅੱਠ ਸੜਕੀ ਪ੍ਰੋਜੈਕਟ ਰੱਦ ਕਰਨ ਦੀ ਧਮਕੀ ਦਿੱਤੀ ਸੀ। ਤਾਜ਼ਾ ਵੇਰਵਿਆਂ ਅਨੁਸਾਰ 'ਦਿੱਲੀ ਕਟੜਾ ਐਕਸਪ੍ਰੈੱਸ' ਸੜਕ ਪ੍ਰੋਜੈਕਟ (ਮੁੱਖ ਕੋਰੀਡੋਰ) ਪੰਜਾਬ ਦੇ ਪਟਿਆਲਾ ਜ਼ਿਲ੍ਹੇ 'ਚੋਂ ਸ਼ੁਰੂ ਹੋ ਕੇ ਪਠਾਨਕੋਟ ਤੱਕ ਜਾਣਾ ਹੈ। ਪੰਜਾਬ 'ਚ ਇਸ ਮੁੱਖ ਕੋਰੀਡੋਰ ਦੀ ਕੁੱਲ ਲੰਬਾਈ 295.51 ਕਿਲੋਮੀਟਰ ਬਣਦੀ ਹੈ ਜਿਸ 'ਚੋਂ 251.7 ਕਿਲੋਮੀਟਰ ਲਈ ਐਕੁਆਇਰ ਕੀਤੀ ਜ਼ਮੀਨ ਦੇ ਕਬਜ਼ੇ ਕੌਮੀ ਸੜਕ ਅਥਾਰਿਟੀ ਨੂੰ ਦਿੱਤੇ ਜਾ ਚੁੱਕੇ ਹਨ ਅਤੇ ਸਿਰਫ਼ 43.81 ਕਿਲੋਮੀਟਰ ਲਈ ਐਕੁਆਇਰ ਜ਼ਮੀਨ ਦੇ ਕਬਜ਼ੇ ਦਿਵਾਉਣੇ ਬਾਕੀ ਹਨ। ਇਸ ਮੁੱਖ ਮਾਰਗ ਦਾ ਕੰਮ 9 ਹਿੱਸਿਆਂ ਵਿਚ ਹੋ ਰਿਹਾ ਹੈ ਜਿਨ੍ਹਾਂ 'ਚੋਂ ਸਿਰਫ਼ ਗੁਰਦਾਸਪੁਰ ਜ਼ਿਲ੍ਹੇ ਵਿਚਲੀ ਕੁੱਲ ਲੰਬਾਈ 43.60 ਕਿਲੋਮੀਟਰ ਚੋਂ 16.10 ਦਾ ਕਬਜ਼ਾ ਦਿਵਾਇਆ ਨਹੀਂ ਗਿਆ ਹੈ। ਸਮੁੱਚੇ ਕੋਰੀਡੋਰ ਲਈ ਜ਼ਿਲ੍ਹਾ ਲੁਧਿਆਣਾ, ਤਰਨ ਤਾਰਨ ਅਤੇ ਗੁਰਦਾਸਪੁਰ ਜ਼ਿਲ੍ਹੇ 'ਚ ਜ਼ਮੀਨਾਂ ਦੇ ਅੜਿੱਕੇ ਹਨ।ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਉਹ ਹਰ ਸ਼ੁੱਕਰਵਾਰ ਇਸ ਮੁੱਦੇ 'ਤੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗਾਂ ਕਰਕੇ ਜਾਇਜ਼ਾ ਲੈ ਰਹੇ ਹਨ ਅਤੇ 15 ਸਤੰਬਰ ਤੱਕ ਸਭ ਅੜਿੱਕੇ ਪਾਰ ਕੀਤੇ ਜਾਣ ਦਾ ਟੀਚਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਤਿੰਨ ਜ਼ਿਲ੍ਹਿਆਂ ਵਿਚ ਐਕੁਆਇਰ ਜ਼ਮੀਨਾਂ ਦੇ ਮੁਆਵਜ਼ੇ ਅਤੇ ਕਬਜ਼ੇ ਦਾ ਮਾਮਲਾ ਹੈ, ਉੱਥੇ ਕਿਸਾਨਾਂ ਨਾਲ ਮਸਲਾ ਗੱਲਬਾਤ ਜ਼ਰੀਏ ਨਜਿੱਠਣ ਦੀ ਕੋਸ਼ਿਸ਼ ਕੀਤੀ ਜਾਵੇਗਾ।ਭਾਰਤ-ਮਾਲਾ ਪ੍ਰਾਜੈਕਟ ਤਹਿਤ ਬਣ ਰਹੇ ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਲਈ ਪਿੰਡ ਸਰੌਦ ਦੀ ਐਕੁਆਇਰ ਕੀਤੀ ਜ਼ਮੀਨ ਦਾ ਕਬਜ਼ਾ ਬੀਕੇਯੂ ਏਕਤਾ (ਉਗਰਾਹਾਂ) ਦੀ ਅਗਵਾਈ ਵਿੱਚ ਕਿਸਾਨਾਂ ਦੇ ਵਿਰੋਧ ਦੇ ਬਾਵਜੂਦ ਸਿਵਲ ਪ੍ਰਸ਼ਾਸਨ ਨੇ ਪੁਲੀਸ ਦੀ ਮਦਦ ਨਾਲ ਲੈ ਲਿਆ ਹੈ। ਐਕਸਪ੍ਰੈੱਸਵੇਅ ਬਣਾਉਣ ਵਾਲੀ ਕੰਪਨੀ ਨੇ ਹਾਈਵੇਅ ਬਣਾਉਣ ਲਈ ਜ਼ਮੀਨ 'ਤੇ ਮਸ਼ੀਨਰੀ ਚਲਾ ਕੇ ਦਿੱਤੀ।



*ਇਹ ਮੌਸਮ ਸਦਾਬਹਾਰ ਫਲਦਾਰ ਬੂਟੇ ਲਗਾਉਣ ਲਈ ਬੇਹੱਦ ਢੁੱਕਵਾਂ ਹੈ। ਜੇ ਤੁਸੀਂ ਪਹਿਲਾਂ ਫਲਦਾਰ ਬੂਟੇ ਨਹੀਂ ਲਗਾਏ ਤਾਂ ਹੁਣ ਲਗਾਏ ਜਾ ਸਕਦੇ ਹਨ...*

**ਬਾਗ਼-ਬਗ਼ੀਚਾ**

# ਸਤੰਬਰ ਮਹੀਨੇ ਦੇ ਬਾਗ਼ਬਾਨੀ ਕਾਰਜ

• ਡਾ. ਸੁਖਦੀਪ ਸਿੰਘ ਹੁੰਦਲ
75080-18842

ਸਤੰਬਰ ਮਹੀਨੇ ਬਾਰਿਸ਼ਾਂ ਲਗਪਗ ਖ਼ਤਮ ਹੋ ਜਾਂਦੀਆਂ ਹਨ ਤੇ ਗਰਮੀ ਦਾ ਪ੍ਰਕੋਪ ਘਟ ਜਾਂਦਾ ਹੈ। ਮੌਸਮੀ ਤਬਦੀਲੀ ਦੇ ਨਾਲ ਹੀ ਬਾਗ਼ਬਾਨੀ ਫ਼ਸਲਾਂ ਦੀਆਂ ਲੋੜਾਂ ਵੀ ਕਾਫ਼ੀ ਹੱਦ ਤਕ ਬਦਲ ਜਾਂਦੀਆਂ ਹਨ। ਜ਼ਮੀਨ ਕੰਮ ਕਰਨ ਦੇ ਯੋਗ ਹੋ ਜਾਂਦੀ ਹੈ ਤੇ ਇਸ ਵਿੱਚੋਂ ਨਦੀਨ ਖ਼ਤਮ ਕਰਨ ਲਈ ਇਹ ਢੁਕਵਾਂ ਸਮਾਂ ਹੈ। ਇਹ ਮੌਸਮ ਸਦਾਬਹਾਰ ਫਲਦਾਰ ਬੂਟੇ ਲਗਾਉਣ ਲਈ ਵੀ ਢੁੱਕਵਾਂ ਹੈ। ਜੇ ਪਹਿਲਾਂ ਫਲਦਾਰ ਬੂਟੇ ਨਹੀਂ ਲਗਾਏ ਤਾਂ ਹੁਣ ਲਗਾ ਦਿੱਤੇ ਜਾਣ ਅਤੇ ਪਿਛਲੇ ਮਹੀਨੇ ਲਗਾਏ ਨਵੇਂ ਫਲਦਾਰ ਬੂਟਿਆਂ ਦੀ ਦੇਖਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਵਾਧੂ ਖੜ੍ਹੇ ਪਾਣੀ ਦੀ ਨਿਕਾਸੀ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਬੂਟਿਆਂ ਦਾ ਨੁਕਸਾਨ ਨਾ ਹੋਵੇ।

## ਫਲਦਾਰ ਬੂਟਿਆਂ ਦੀ ਸੰਭਾਲ

ਨਾਸ਼ਪਾਤੀ ਦੀ 'ਪੰਜਾਬ ਬਿਊਟੀ' ਦੇ ਵੱਡੇ ਦਰੱਖ਼ਤਾਂ ਨੂੰ ਅੱਧਾ ਕਿੱਲੋ ਯੂਰੀਆ ਖਾਦ ਪਾ ਦਿਉ। ਅਮਰੂਦ ਦੇ ਦਰੱਖ਼ਤਾਂ ਨੂੰ ਅੱਧਾ ਕਿੱਲੋ ਯੂਰੀਆ, ਸਵਾ ਕਿੱਲੋ ਸਿੰਗਲ ਸੁਪਰਫਾਸਫੇਟ, ਪੌਣਾ ਕਿੱਲੋ ਮਿਊਰੇਟ ਆਫ ਪੋਟਾਸ਼ ਖਾਦਾਂ ਦੀ ਦੂਜੀ ਕਿਸ਼ਤ ਪਾ ਦਿਉ।



### ਫੁੱਲਦਾਰ ਬੂਟੇ

ਇਸ ਮਹੀਨੇ ਗਲੈਡੀਓਲਸ, ਨਰਗਿਸ, ਫਰੀਜ਼ੀਆ ਦੇ ਗੰਢਿਆਂ ਦੀ ਬਿਜਾਈ ਕੀਤੀ ਜਾ ਸਕਦੀ ਹੈ। ਗੰਢੀਆਂ ਦੀ ਬਿਜਾਈ ਤੋਂ ਪਹਿਲਾਂ 2 ਗ੍ਰਾਮ ਬਾਵਿਸਟਨ ਪ੍ਰਤੀ ਲੀਟਰ ਪਾਣੀ ਦੇ ਘੋਲ ਵਿਚ ਅੱਧਾ ਘੰਟਾ ਰੱਖ ਕੇ ਸੋਧ ਲਵੋ। ਇਹ ਸਰਦ ਰੁੱਤ ਦੇ ਮੌਸਮੀ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬਹੁਤ ਢੁੱਕਵਾਂ ਸਮਾਂ ਹੈ, ਇਸ ਲਈ ਪਨੀਰੀ ਲਗਾਉਣ ਲਈ ਬੀਜ ਬੀਜਣ ਉਪਰੰਤ ਹਲਕਾ ਪਾਣੀ ਲਗਾ ਦਿਉ। ਗੁਲਾਬ ਦੇ ਬੂਟਿਆਂ ਨੂੰ ਪਾਣੀ ਦੇਣਾ ਬੰਦ ਕਰ ਦਿਉ ਤਾਂ ਜੋ ਇਸ ਮਹੀਨੇ ਦੇ ਚੌਥੇ ਹਫ਼ਤੇ ਕਾਂਟ-ਛਾਂਟ ਕੀਤੀ ਜਾ ਸਕੇ। ਗੁਲਦਾਊਦੀ ਤੇ ਗੇਂਦੇ ਉੱਪਰ ਪੱਤਾ ਧੱਬਾ ਰੋਗ ਦੀ ਰੋਕਥਾਮ ਲਈ 2 ਗ੍ਰਾਮ ਇੰਡੋਫਿਲ ਐੱਮ-45 ਦਵਾਈ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਛਿੜਕਾਅ ਕਰੋ। ਪੱਕੇ ਬੂਟਿਆਂ ਤੇ ਵੇਲਾਂ ਦੀ ਕਾਂਟ-ਛਾਂਟ ਕਰ ਕੇ ਇਨ੍ਹਾਂ ਨੂੰ ਲੋੜੀਂਦਾ ਆਕਾਰ ਦਿੱਤਾ ਜਾ ਸਕਦਾ ਹੈ। ਘਾਹ ਦੇ ਲਾਅਨ ਦੀ ਕਟਾਈ ਕਰਦੇ ਰਹੋ ਤੇ ਇਸ ਨੂੰ ਹਰਾ ਭਰਿਆ ਰੱਖਣ ਲਈ ਇਕ ਕਿੱਲੋ ਕਿਸਾਨ ਖਾਦ ਜਾਂ ਅੱਧਾ ਕਿੱਲੋ ਯੂਰੀਆ ਖਾਦ ਪ੍ਰਤੀ 1,000 ਵਰਗ ਫੁੱਟ ਦੇ ਹਿਸਾਬ ਨਾਲ ਪਾਉ।



ਲੁਕਾਠ ਦੇ ਦਰੱਖ਼ਤਾਂ ਨੂੰ 50 ਕਿੱਲੋ ਰੂੜੀ, ਦੋ ਕਿੱਲੋ ਸਿੰਗਲ ਸੁਪਰਫਾਸਫੇਟ, ਡੇਢ ਕਿੱਲੋ ਮਿਊਰੇਟ ਆਫ ਪੋਟਾਸ਼ ਖਾਦ ਪਾਉ। ਮੌਸਮ 'ਚ ਨਮੀਂ ਜ਼ਿਆਦਾ ਹੋਣ ਕਰਕੇ ਨਿੰਬੂ ਜਾਤੀ ਦੇ ਫਲਾਂ 'ਤੇ ਕਈ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵੇਖਣ ਨੂੰ ਮਿਲਦਾ ਹੈ।

ਫਲਾਂ ਦਾ ਕੇਰਾ ਰੋਕਣ ਲਈ 2.5 ਮਿਲੀਲਿਟਰ ਜੀਰਮ 27 ਐੱਸਸੀ ਜਾਂ 1 ਮਿਲੀਲਿਟਰ ਪ੍ਰੋਪੀਕੋਨਾਜ਼ੋਲ 25 ਈਸੀ ਜਾਂ 1 ਗ੍ਰਾਮ ਬਾਵਿਸਟਨ+0.01 ਗ੍ਰਾਮ 2,4 ਡੀ (ਸੋਡੀਅਮ ਸਾਲਟ ਹਾਰਟੀਕਲਚਰ ਗਰੇਡ), ਸੁਰੰਗੀ ਕੀੜੇ ਤੇ ਸਿਟਰਸ ਸਿੱਲਾ ਦੀ ਰੋਕਥਾਮ ਲਈ 0.32 ਗ੍ਰਾਮ ਐਕਟਾਰਾ 25 ਡਬਲਿਊਜੀ ਜਾਂ 0.4 ਮਿਲੀਲਿਟਰ ਕਰੋਕੋਡਾਈਲ, ਚਿੱਟੀ ਮੱਖੀ ਦੀ ਰੋਕਥਾਮ ਲਈ 2 ਮਿਲੀਲਿਟਰ ਫੌਸਮਾਈਟ, ਟਾਹਣੀਆਂ ਸੁੱਕਣ ਅਤੇ ਫਲ ਗਲਣ ਦੀ ਰੋਕਥਾਮ ਲਈ 3 ਗ੍ਰਾਮ ਕਾਪਰ ਔਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਸਪਰੇਅ ਕਰੋ।

ਅੰਗੂਰ ਦੇ ਬੂਟਿਆਂ ਨੂੰ ਸੁੱਕਣ ਤੋਂ ਬਚਾਉਣ ਲਈ 1 ਮਿਲੀਲਿਟਰ ਸਕੋਰ ਪ੍ਰਤੀ ਲੀਟਰ ਪਾਣੀ ਅਤੇ ਪੀਲੇ ਧੱਬਿਆਂ ਦੇ ਰੋਗ ਦੀ ਰੋਕਥਾਮ ਲਈ ਬੋਰਡੋ ਮਿਸ਼ਰਣ 2:2:250 ਦੇ ਹਿਸਾਬ ਨਾਲ ਸਪਰੇਅ ਕਰੋ। ਬੇਰਾਂ ਵਿਚ ਲਾਖ ਦੇ ਕੀੜੇ ਦੀ ਰੋਕਥਾਮ ਲਈ 1 ਮਿਲੀਲਿਟਰ ਰੋਗਰ, ਚਿੱਟੋਂ ਰੋਗ ਦੀ ਰੋਕਥਾਮ ਲਈ 0.5 ਮਿਲੀਲਿਟਰ ਕੈਰਾਥੇਨ ਜਾਂ 0.5 ਗ੍ਰਾਮ ਬੈਲੇਟਾਨ ਜਾਂ 2.5 ਗ੍ਰਾਮ ਘੁਲਣਸ਼ੀਲ ਗੰਧਕ, ਪੱਤਿਆਂ ਦੇ ਧੱਬਿਆਂ ਦੀ ਰੋਕਥਾਮ ਲਈ 3 ਗ੍ਰਾਮ ਕਾਪਰ ਔਕਸੀਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ।

## ਘਰੇਲੂ ਬਗ਼ੀਚੀ ਤੇ ਸਬਜ਼ੀਆਂ

ਸਰਦ ਰੁੱਤ ਦੀਆਂ ਸਬਜ਼ੀਆਂ ਦੀ ਘਰੇਲੂ ਬਗ਼ੀਚੀ 'ਚ ਲਗਾਉਣ ਲਈ ਬਾਗ਼ਬਾਨੀ ਵਿਭਾਗ ਜਾਂ ਪੀਏਯੂ ਲੁਧਿਆਣਾ ਤੋਂ ਸਬਜ਼ੀ ਬੀਜਾਂ ਦੀ ਕਿੱਟ ਲੈ ਕੇ ਬਿਜਾਈ ਕਰ ਦਿਉ। ਵਪਾਰਕ ਪੱਧਰ ਲਈ ਮੂਲੀ ਦੀ ਪੂਸਾ ਚੇਤਕੀ ਕਿਸਮ, ਗਾਜਰ ਦੀ ਪੰਜਾਬ ਕੈਰਟ ਰੈੱਡ/ਬਲੈਕ ਬਿਊਟੀ ਅਤੇ ਸ਼ਲਗਮ ਦੀ ਐੱਲ-1 ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਉ।।ਮੂਲੀ ਅਤੇ ਗਾਜਰ ਲਈ 25-30 ਗ੍ਰਾਮ ਅਤੇ ਸ਼ਲਗਮ ਲਈ 13 ਗ੍ਰਾਮ ਬੀਜ ਪ੍ਰਤੀ ਮਰਲਾ ਵਰਤੋ।

ਬੀਜਣ ਤੋਂ ਪਹਿਲਾਂ 100 ਕਿੱਲੋ ਰੂੜੀ, 350 ਗ੍ਰਾਮ ਯੂਰੀਆ, 470 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾਉ।।ਗਾਜਰ ਲਈ 312 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪਾਉ। 45 ਸੈਂਟੀਮੀਟਰ ਦੀ ਦੂਰੀ 'ਤੇ ਵੱਟਾਂ ਬਣਾ ਕੇ 7.5 ਸੈਂਟੀਮੀਟਰ ਬੂਟੇ ਤੋਂ ਬੂਟੇ ਦਾ ਫ਼ਾਸਲਾ ਰੱਖ ਕੇ ਚੰਗੇ ਵੱਤਰ ਵਿਚ ਬੀਜ ਲਗਾਉ। ਫੁੱਲ ਗੋਭੀ, ਬੰਦ ਗੋਭੀ ਲਈ 280 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਤੇ 250 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾਉ ਅਤੇ।ਫਿਰ ਵੱਟਾਂ 'ਤੇ 4-6 ਹਫ਼ਤੇ ਦੀ ਪਨੀਰੀ ਲਗਾ ਦਿਉ। ਆਲੂ ਦੀਆਂ ਅਗੇਤੀਆਂ ਕਿਸਮਾਂ ਲਗਾਉਣ ਲਈ ਬੀਜ ਸਟੋਰ ਵਿੱਚੋਂ ਕੱਢ ਕੇ ਹਵਾਦਾਰ ਕਮਰੇ 'ਚ ਪਤਲੀ ਤਹਿ ਵਿਚ ਵਿਛਾ ਦਿਉ ਤੇ ਦਿਨ ਵਿਚ ਇਕ ਵਾਰ ਹਿਲਾਉ।

ਬੀਜ ਨੂੰ ਰੋਗ ਰਹਿਤ ਕਰਨ ਲਈ 2.5 ਮਿਲੀਲਿਟਰ ਮੋਨਸਰਨ ਦਵਾਈ ਪ੍ਰਤੀ ਲੀਟਰ ਪਾਣੀ 'ਚ ਘੋਲ ਕੇ 10 ਮਿੰਟ ਲਈ ਭਿਉਂ ਕੇ ਸੋਧ ਲਵੋ। ਬਿਜਾਈ ਸਮੇਂ 125 ਕੁਇੰਟਲ ਰੂੜੀ ਖਾਦ, 500 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਤੇ 250 ਗ੍ਰਾਮ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਮਰਲਾ ਪਾਉ ਅਤੇ ਫਿਰ ਵੱਟਾਂ 'ਤੇ ਆਲੂ ਲਗਾ ਦਿਉ। ਮਟਰ ਲਈ ਜਲਦੀ ਪੱਕਣ ਵਾਲੀਆਂ ਕਿਸਮਾਂ ਏਪੀ-3, ਅਗੇਤਾ-6, ਅਗੇਤਾ-7 ਜਾਂ ਅਰਕਲ ਦਾ 280 ਗ੍ਰਾਮ ਬੀਜ ਰਾਈਜ਼ੋਬੀਅਮ ਟੀਕੇ ਨਾਲ ਸੋਧ ਕੇ ਲਗਾਉਣ ਤੋਂ ਪਹਿਲਾਂ 280 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾਉ।

ਪਾਲਕ ਦੀ ਪੰਜਾਬ ਗਰੀਨ ਜਾਂ ਸੁਪਰੀਮ ਕਿਸਮ ਦਾ 25-40 ਗ੍ਰਾਮ ਬੀਜ ਪ੍ਰਤੀ ਮਰਲਾ ਪਾ ਕੇ ਕਤਾਰਾਂ ਵਿਚ 20 ਸੈਂਟੀਮੀਟਰ ਦਾ ਫ਼ਾਸਲਾ ਰੱਖ ਕੇ 3-4 ਸੈਂਟੀਮੀਟਰ ਡੂੰਘਾ ਬੀਜ ਦਿਉ। ਲਸਣ ਦੀ ਬਿਜਾਈ ਤੋਂ ਪਹਿਲਾਂ 125 ਕਿੱਲੋ ਰੂੜੀ ਖਾਦ, 250 ਗ੍ਰਾਮ ਯੂਰੀਆ, 970 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾ ਕੇ ਡੇਢ ਕਿੱਲੋ ਤੁਰੀਆਂ ਕਤਾਰ ਤੋਂ ਕਤਾਰ 15 ਸੈਂਟੀਮੀਟਰ ਤੇ ਬੂਟਿਆਂ ਵਿਚ ਫ਼ਾਸਲਾ 7.5 ਸੈਂਟੀਮੀਟਰ ਰੱਖ ਕੇ ਪ੍ਰਤੀ ਮਰਲਾ ਬਿਜਾਈ ਕਰ ਦਿਉ। •

### ਖੁੰਬਾਂ ਦੀ ਕਾਸ਼ਤ

ਪਰਾਲੀ ਵਾਲੀ ਖੁੰਬ ਦੀ ਗਰਮੀਆਂ 'ਚ ਕਾਸ਼ਤ ਕਰਨ ਲਈ ਪਰਾਲੀ ਇਕੱਠੀ ਕਰ ਲਵੋ ਤੇ ਛੋਟੇ ਪੂਲੇ ਬਣਾ ਕੇ ਸ਼ੈੱਡ ਵਿਚ ਰੱਖ ਦਿਉ। ਬਟਨ ਖੁੰਬ ਲਈ ਕੰਪੋਸਟ ਤਿਆਰ ਕਰਨ ਵਾਸਤੇ ਤੀਸਰੇ ਹਫ਼ਤੇ ਕੰਮ ਸ਼ੁਰੂ ਕਰ ਦਿਉ ਤੇ ਲੋੜ ਅਨੁਸਾਰ ਖੁੰਬ ਸਪਾਨ (ਬੀਜ) ਵੀ ਬੁੱਕ ਕਰਵਾ ਦਿਉ।

### ਸ਼ਹਿਦ ਦੀਆਂ ਮੱਖੀਆਂ ਦੀ ਸਾਂਭ-ਸੰਭਾਲ

ਸ਼ਹਿਦ ਮੱਖੀਆਂ ਦੇ ਬਕਸਿਆਂ ਦਾ ਨਰੀਖਣ ਕਰਦੇ ਰਹੋ ਤੇ ਬਕਸਿਆਂ ਵਿੱਚੋਂ ਪੱਕਿਆ ਹੋਇਆ ਸ਼ਹਿਦ ਕੱਢ ਲਵੋ।।ਵਰੋਆ ਚਿੱਚੜੀ ਦਾ ਹਮਲਾ ਧਿਆਨ ਵਿਚ ਆਉਣ 'ਤੇ ਅਗਜ਼ੈਲਿਕ ਐਸਿਡ ਦਾ ਘੋਲ ਤਿਆਰ ਕਰ ਕੇ ਹਫ਼ਤੇ ਦੇ ਵਕਫੇ 'ਤੇ ਤਿੰਨ ਵਾਰ ਸ਼ਾਮ ਨੂੰ ਸਪਰੇਅ ਕਰੋ। ਸਟੋਰ ਕੀਤੇ ਵਾਧੂ ਛੱਤਿਆਂ ਨੂੰ ਮੋਮੀ ਕੀੜੇ ਤੋਂ ਬਚਾਉਣ ਲਈ ਲੋੜੀਂਦੇ ਪ੍ਰਬੰਧ ਕਰੋ। ਰਾਣੀ ਮੱਖੀ ਤਿਆਰ ਕਰਨ ਲਈ ਮਾਹਿਰਾਂ ਦੀ ਸਲਾਹ ਲਵੋ।

---



• ਡਾ. ਅਮਰੀਕ ਸਿੰਘ
94630-71919

*ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾਲ ਚਿੱਟੀ ਪਿੱਠ ਵਾਲੇ ਤੇ ਭੂਰੇ ਟਿੱਡਿਆਂ ਦੀ ਗਿਣਤੀ ਵਧ ਜਾਂਦੀ ਹੈ। ਫ਼ਸਲ ਉੱਪਰ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪੱਕਣ 'ਚ ਜ਼ਿਆਦਾ ਸਮਾਂ ਲੈਣ ਵਾਲੀਆਂ ਕਿਸਮਾਂ ਉੱਪਰ ਕਾਲੇ ਤੇਲੇ ਦੀ ਸਮੱਸਿਆ ਵਧੇਰੇ ਆਉਂਦੀ ਹੈ। ਕਿਸਾਨਾਂ ਨੂੰ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦੀ ਹੀ ਚੋਣ ਕਰਨੀ ਚਾਹੀਦੀ ਹੈ ਤੇ ਮਾਹਿਰਾਂ ਦੀ ਰਾਇ ਅਨੁਸਾਰ ਹੀ ਖੇਤੀ ਰਸਾਇਣਾਂ ਦੀ ਵਰਤੋਂ ਕਰਨੀ ਚਾਹੀਦੀ ਹੈ...*



**ਝੋਨਾ/ਬਾਸਮਤੀ**

# ਕਾਲੇ ਤੇਲੇ ਤੇ ਭੂਰੇ ਟਿੱਡਿਆਂ ਦੀ ਰੋਕਥਾਮ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਫ਼ਸਲੀ ਸਮੱਸਿਆਵਾਂ ਦੀਆਂ ਸੰਭਾਵਨਾਵਾਂ ਪ੍ਰਤੀ ਜਾਗਰੂਕ ਕਰਨ ਤੇ ਕੀੜਿਆਂ ਦੀ ਸੁਚੱਜੀ ਰੋਕਥਾਮ ਲਈ ਸਮੇ-ਸਮੇਂ ਸੁਚੇਤ ਕੀਤਾ ਜਾਂਦਾ ਹੈ। ਕਪਾਹ ਪੱਟੀ 'ਚ ਇਸ ਦੇ ਸਾਰਥਕ ਨਤੀਜੇ ਮਿਲੇ ਹਨ। ਮੌਸਮ ਅਨੁਕੂਲ ਰਹਿਣ ਕਾਰਨ ਝੋਨੇ ਦੀ ਫ਼ਸਲ ਵੀ ਤਕਰੀਬਨ ਕੀੜਿਆਂ ਤੇ ਬਿਮਾਰੀਆਂ ਤੋਂ ਰਹਿਤ ਹੈ।

ਕੁਝ ਦਿਨਾਂ ਤੋਂ ਕੁਝ ਕਿਸਾਨ ਝੋਨੇ ਉੱਪਰ ਕਾਲੇ ਤੇਲੇ ਦੀ ਰੋਕਥਾਮ ਬਾਰੇ ਪੁੱਛ ਰਹੇ ਹਨ। ਮਾਹਿਰਾਂ ਵੱਲੋਂ ਸੁਚੇਤ ਕਰਨ ਦੇ ਬਾਵਜੂਦ ਕੁਝ ਕਿਸਾਨ, ਸਿਫਾਰਸ਼ ਅਨੁਸਾਰ ਕੀਟਨਾਸ਼ਕਾਂ ਦੀ ਵਰਤੋਂ ਨਾ ਕਰ ਕੇ ਆਂਢੀਆਂ-ਗੁਆਂਢੀਆਂ ਦੇ ਕਹਿਣ 'ਤੇ ਗ਼ੈਰ ਸਿਫਾਰਸ਼ੀ ਕੀਟਨਾਸ਼ਕਾਂ ਦੀ ਵਰਤੋਂ ਕਰ ਕੇ ਸਮੱਸਿਆ ਨੂੰ ਵਧਾ ਲੈਂਦੇ ਹਨ।

ਜਾਣਕਾਰੀ ਅਨੁਸਾਰ ਕਿਸਾਨਾਂ ਵੱਲੋਂ ਬੁਫਰਾਫਾਈਜ਼ਨ, ਡੈਂਟਾਫ, ਥਿਮਟ, ਡਾਈਕਲੋਰੋਵਾਸ, ਨੁਵਾਨ, ਸਾਈਪਰ ਮੈਥਾਰਿਨ, ਲੈਂਬਡਾਸਾਈਹੈਲੋਥਰਿਨ, ਡੈਲਟਾਮੈਥਰਿਨ ਤੇ ਕੀਟਨਾਸ਼ਕਾਂ ਦੇ ਮਿਸ਼ਰਣ ਦੀ ਵਰਤੋਂ, ਛਿੜਕਾਅ ਦੇ ਗ਼ਲਤ ਤਰੀਕੇ, ਵਧੇਰੇ ਮਾਤਰਾ, ਯੂਰੀਆ ਖਾਦ ਦੀ ਵਧੇਰੇ ਵਰਤੋਂ (ਤਿੰਨ ਤੋਂ ਚਾਰ ਬੈਗ ਪ੍ਰਤੀ ਏਕੜ), ਸਿੰਥੈਟਿਕ ਪੈਰਾਥਾਇਡ ਤੇ ਦੋ ਜਾਂ ਜੋ ਤੋਂ ਵੱਧ ਕੀਟਨਾਸ਼ਕਾਂ ਦੇ ਮਿਸ਼ਰਣ ਦਾ ਛਿੜਕਾਅ ਕਰਨਾ ਅਜਿਹੇ ਕਾਰਨ ਹਨ, ਜੋ ਸਮੱਸਿਆ ਨੂੰ ਘਟਾਉਣ ਦੀ ਥਾਂ ਵਧਾਉਂਦੇ ਹਨ। ਸਿੰਥੈਟਿਕ ਪੈਰਾਥਰਾਇਡ ਦੀ ਵਰਤੋਂ ਨਾਲ ਖੇਤ 'ਚ ਕਾਲੇ ਤੇਲੇ ਦੇ ਵਾਧੇ ਲਈ ਮਾਹੌਲ ਅਨੁਕੂਲ ਬਣ ਜਾਂਦਾ ਹੈ ਤੇ ਤੇਲੇ ਦੀ ਗਿਣਤੀ ਤੇਜ਼ੀ ਨਾਲ ਵਧਦੀ ਹੈ।

### ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਨਾ ਵਰਤੋ

ਬਹੁਤ ਸਾਰੇ ਕੀੜੇ ਜੁਲਾਈ ਤੋਂ ਅਕਤੂਬਰ ਤਕ ਬੂਟਿਆਂ ਦੇ ਹੇਠਲੇ ਪਾਸਿਓਂ ਝੁੰਡਾਂ ਦੇ ਰੂਪ 'ਚ ਰਸ ਚੂਸਦੇ ਹਨ। ਇਸ ਨਾਲ ਫ਼ਸਲ ਧੌੜੀਆਂ 'ਚ ਸੁੱਕਣੀ ਸ਼ੁਰੂ ਹੋ ਜਾਂਦੀ ਹੈ। ਆਮ ਕਿਸਾਨ ਇਸ ਨੂੰ ਝੁਲਸ ਰੋਗ ਸਮਝ ਕੇ ਉੱਲੀ ਨਾਸ਼ਕ ਦਵਾਈਆਂ ਜਾਂ ਦਾਣੇਦਾਰ ਕੀਟਨਾਸ਼ਕ ਰਸਾਇਣਾਂ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ। 2013-14 ਦੌਰਾਨ ਝੋਨੇ ਤੇ ਬਾਸਮਤੀ ਦੀ ਫ਼ਸਲ ਦਾ ਕੀੜਿਆਂ ਨੇ ਬਹੁਤ ਨੁਕਸਾਨ ਕੀਤਾ ਸੀ। ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾਲ ਚਿੱਟੀ ਪਿੱਠ ਵਾਲੇ ਤੇ ਭੂਰੇ ਟਿੱਡਿਆਂ ਦੀ ਗਿਣਤੀ ਵਧ ਜਾਂਦੀ ਹੈ। ਇਸ ਲਈ ਫ਼ਸਲ ਉੱਪਰ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

## ਦਵਾਈਆਂ ਦੇ ਮਿਸ਼ਰਣ

ਕਿਸਾਨਾਂ ਵੱਲੋਂ ਕਾਲੇ ਤੇਲੇ ਦੀ ਰੋਕਥਾਮ ਲਈ ਵਰਤੇ ਜਾ ਰਹੇ ਕੀਟਨਾਸ਼ਕ ਤੇ ਮਾਹਿਰਾਂ ਦੀਆਂ ਸਿਫਾਰਸ਼ਾਂ ਦੇ ਉਲਟ ਹਨ। ਬੀਤੇ ਵਰ੍ਹਿਆ ਦੌਰਾਨ ਕਾਲੇ ਤੇਲੇ ਦਾ ਵਧੇਰੇ ਜ਼ੋਰ ਮਾਲਵੇ ਦੇ ਜ਼ਿਲ੍ਹਿਆਂ ਵਿਚ ਅਤੇ ਵੱਧ ਸਮੇਂ ਵਾਲੀਆਂ ਕਿਸਮਾਂ ਪੂਸਾ-44, ਮੁੱਛਲ, ਬਾਸਮਤੀ-1121 ਉੱਪਰ ਵਧੇਰੇ ਰਿਹਾ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ 'ਤੇ ਕੋਈ ਸਮੱਸਿਆ ਨਹੀਂ ਆਈ ਕਿਉਂਕਿ ਕਾਲਾ ਤੇਲਾ ਸਤੰਬਰ ਦੇ ਅਖ਼ੀਰ ਤੇ ਅਕਤੂਬਰ ਦੇ ਪਹਿਲੇ ਹਫ਼ਤੇ ਦੌਰਾਨ ਹਮਲਾ ਕਰਦਾ ਹੈ ਜਿਸ ਕਾਰਨ ਲੰਬੇ ਸਮੇਂ ਵਾਲੀਆਂ ਕਿਸਮਾਂ ਦਾ ਵਧੇਰੇ ਨੁਕਸਾਨ ਹੁੰਦਾ ਹੈ। ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਸਤੰਬਰ ਦੇ ਅਖ਼ੀਰ ਜਾਂ ਅਕਤੂਬਰ ਦੇ ਪਹਿਲੇ ਹਫ਼ਤੇ ਪੱਕ ਜਾਂਦੀਆਂ ਹਨ। ਮਾਝੇ 'ਚ ਕਾਲੇ ਤੇਲੇ ਦੀ ਸਮੱਸਿਆ ਗੰਭੀਰ ਨਾ ਹੋਣ ਦੇ ਕਾਰਨਾਂ 'ਚ ਕਿਸਾਨਾਂ ਵੱਲੋਂ ਘੱਟ ਸਮੇਂ ਵਾਲੀਆਂ ਸਿਫਾਰਸ਼ ਕੀਤੀਆਂ ਕਿਸਮਾਂ ਦੀ ਕਾਸ਼ਤ, ਪੂਸਾ-44 ਕਿਸਮ ਹੇਠ ਨਾਮਾਤਰ ਰਕਬਾ, ਯੂਰੀਆ ਖਾਦ ਦੀ ਲੋੜ ਅਨੁਸਾਰ ਵਰਤੋਂ ਤੇ ਕੀਟਨਾਸ਼ਕਾਂ ਦੇ ਮਿਸ਼ਰਣ ਬਣਾ ਕੇ ਛਿੜਕਾਅ ਨਾ ਕਰਨਾ ਹੈ। ਕਿਸਾਨਾਂ ਨੂੰ ਝੋਨੇ ਤੇ ਦੂਸਰੀਆਂ ਫ਼ਸਲਾਂ ਦੇ ਕੀੜਿਆਂ ਦੀ ਪਛਾਣ, ਹੋਣ ਵਾਲੇ ਨੁਕਸਾਨ ਤੇ ਕੀੜਿਆਂ ਦੀ ਸਹੀ ਰੋਕਥਾਮ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ। ਜਿਹੜੇ ਕਿਸਾਨ ਸਮੱਸਿਆ ਦੇ ਹੱਲ ਲਈ ਦੁਕਾਨਦਾਰਾਂ 'ਤੇ ਨਿਰਭਰ ਕਰਦੇ ਹਨ ਉਹ ਫ਼ਾਇਦੇ ਦੀ ਥਾਂ ਨੁਕਸਾਨ ਕਰ ਬੈਠਦੇ ਹਨ। ਦੁਕਾਨਦਾਰ ਵਧੇਰੇ ਮੁਨਾਫ਼ੇ ਲਈ ਕਿਸਾਨਾਂ ਨੂੰ ਸਿਫਾਰਸ਼ ਤੋਂ ਉਲਟ ਤੇ ਦੋ ਕੀਟਨਾਸ਼ਕ ਦਵਾਈਆਂ ਇਸਤੇਮਾਲ ਕਰਨ ਦੀ ਸਲਾਹ ਦੇ ਦਿੰਦੇ ਹਨ। ਇਸ ਨਾਲ ਕਿਸਾਨ ਦਾ ਵਿੱਤੀ ਸ਼ੋਸ਼ਣ ਵੀ ਹੁੰਦਾ ਹੈ ਤੇ ਫ਼ਸਲ ਉੱਪਰ ਕੀੜਿਆਂ ਦੀ ਰੋਕਥਾਮ ਵੀ ਨਹੀਂ ਹੁੰਦੀ।

## ਸਰਬਪੱਖੀ ਕੀਟ ਪ੍ਰਬੰਧ

ਕਾਲੇ ਤੇਲੇ ਦੀ ਰੋਕਥਾਮ ਲਈ ਇਕੱਲੇ ਕੀਟਨਾਸ਼ਕਾਂ ਤੇ ਨਿਰਭਰ ਰਹਿਣ ਦੀ ਬਿਜਾਏ ਸਰਬਪੱਖੀ ਕੀਟ ਪ੍ਰਬੰਧ ਵਿਧੀ ਵਰਤਣ ਦੀ ਜ਼ਰੂਰਤ ਹੈ। ਇਸ ਨਾਲ ਵਾਤਾਵਰਨ ਵੀ ਦੂਸ਼ਿਤ ਨਹੀ ਹੋਵੇਗਾ ਅਤੇ ਲਾਗਤ ਖ਼ਰਚੇ ਵੀ ਘਟਣਗੇ। ਕਿਸਾਨਾਂ ਨੂੰ ਚਾਹੀਦਾ ਹੈ ਕਿ ਜਦ ਕਿਸੇ ਫ਼ਸਲ ਉੱਪਰ ਕੋਈ ਸਮੱਸਿਆ ਆਵੇ ਤਾਂ ਉਹ ਖੇਤੀ ਮਾਹਿਰਾਂ ਨਾਲ ਸੰਪਰਕ ਕਰ ਕੇ ਸਿਫਾਰਸ਼ ਕੀਤੇ ਕੀਟਨਾਸ਼ਕਾਂ ਦਾ ਹੀ ਛਿੜਕਾਅ ਕਰਨ ਤਾਂ ਜੋ ਕੀੜਿਆਂ ਦੀ ਸੁਚੱਜੀ ਰੋਕਥਾਮ ਹੋ ਸਕੇ। ਕਾਲੇ ਤੇਲੇ ਦੀ ਸਹੀ ਰੋਕਥਾਮ ਲਈ ਜਿੱਥੇ ਸਿਫਾਰਸ਼ ਕੀਤੇ ਗਏ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਜ਼ਰੂਰੀ ਹੈ, ਉੱਥੇ ਛਿੜਕਾਅ ਕਾਰਨ ਦਾ ਸਮਾਂ ਤੇ ਤਰੀਕਾ ਵੀ ਸਹੀ ਹੋਣਾ ਚਾਹੀਦਾ ਹੈ ਅਤੇ ਕੁਝ ਸਾਵਧਾਨੀਆਂ ਵਰਤਣੀਆਂ ਵੀ ਬਹੁਤ ਅਹਿਮ ਹਨ। ਕਾਲੇ ਤੇਲੇ ਦੀ ਸਰਬਪੱਖੀ ਰੋਕਥਾਮ ਲਈ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ। ਯੂਰੀਆ ਖਾਦ ਦੀ ਵਰਤੋਂ ਸਿਫਾਰਸ਼ਾਂ ਕੀਤੀ ਗਈ ਮਾਤਰਾ ਅਨੁਸਾਰ ਹੀ ਕਰੋ। ਵਧੇਰੇ ਯੂਰੀਆ ਵਰਤਣ ਨਾਲ ਬੂਟੇ ਦਾ ਪਤਰਾਲ ਵਧੇਰੇ ਵਧਦਾ ਹੈ, ਜੋ ਕਾਲੇ ਤੇਲੇ ਲਈ ਆਕਰਸ਼ਣ ਦਾ ਕਾਰਨ ਬਣਦਾ ਹੈ

## ਰੋਕਥਾਮ

ਪਨੀਰੀ ਪੁੱਟ ਕੇ ਖੇਤ 'ਚ ਲਗਾਉਣ ਤੋਂ ਇਕ ਮਹੀਨੇ ਬਾਅਦ ਬੂਟਿਆਂ ਨੂੰ ਟੇਡੇ ਕਰ ਕੇ ਨਿਰੀਖਣ ਕਰਦੇ ਰਹੋ। ਜੇ ਮੁੱਢਾਂ ਵਾਲੇ ਪਾਸੇ ਪ੍ਰਤੀ ਪੌਦਾ 5 ਜਾਂ ਵੱਧ ਟਿੱਡੇ ਮੌਜੂਦ ਹੋਣ ਤਾਂ 120 ਗ੍ਰਾਮ ਪਾਈਮੇਟਰੋਜ਼ਿਨ (50 ਡਬਲਿਊਜੀ ਜਾਂ 40 ਮਿਲੀਲਿਟਰ ਇਮੀਡਾਕਲੋਪਰਿਡ 17.8 ਐੱਸਐੱਲ ਜਾਂ 800 ਮਿਲੀਲਿਟਰ ਕੁਈਨਲਫਾਸ 25 ਈਸੀ ਜਾਂ 1 ਲੀਟਰ ਕਲੋਰੋਪਾਈਰੀਫਾਸ 20 ਈਸੀ ਪ੍ਰਤੀ ਏਕੜ ਨੂੰ 100 ਲੀਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਲੋੜ ਪਵੇ ਤਾਂ ਦੁਬਾਰਾ ਛਿੜਕਾਅ ਕਰੋ। ਚੰਗੇ ਨਤੀਜਿਆਂ ਲਈ ਫ਼ਸਲ ਦੇ ਮੁੱਢਾਂ ਵਾਲੇ ਪਾਸੇ ਦਵਾਈ ਦਾ ਛਿੜਕਾਅ ਕਰੋ। ਟਿੱਡੇ ਦੇ ਹਮਲੇ ਵਾਲੀਆਂ ਧੌੜੀਆਂ ਉੱਪਰ ਤੇ ਧੌੜੀ ਦੇ 3 ਤੋਂ 4 ਮੀਟਰ ਆਲੇ ਦੁਆਲੇ ਵੀ ਦਵਾਈ ਦੀ ਵਰਤੋਂ ਕਰੋ ਕਿਉਂਕਿ ਟਿੱਡਿਆਂ ਦੀ ਵਧੇਰੇ ਗਿਣਤੀ ਮੁੱਢਾਂ ਵਾਲੇ ਪਾਸੇ ਹੀ ਹੁੰਦੀ ਹੈ। •

---

**ਸਾੜੀਂ ਨਾ ਪਰਾਲੀ**

*ਪਰਾਲੀ ਦੀ ਸੁਚੱਜੀ ਸੰਭਾਲ ਲਈ ਸ਼ੁਰੂ ਕੀਤੀ ਮੁਹਿੰਮ ਤਹਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਰਿਕਾਰਡ ਕਰਵਾਇਆ ਗਿਆ ਥੀਮ ਗੀਤ :*

ਘਰ ਫੂਕ ਆਪਣਾ ਨਾ ਦੇਖੀਏ ਦੀਵਾਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਕਿੰਨੇ ਜੀਵ ਜੰਤੂਆਂ ਦੀ ਮਿੱਟੀ ਵਿਚ ਠਾਹਰ ਏ,
ਰੁੱਖਾਂ ਪੌਦਿਆਂ 'ਤੇ ਜਿਵੇਂ ਨੱਚਦੀ ਬਹਾਰ ਏ,
ਬਚੇ ਰਹਿਣ ਘੁੱਗੀਆਂ ਦੇ ਬੱਚੇ ਸਣੇ ਟਾਹਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਦੇਖ ਧੂੰਏਂ ਨਾਲ ਹਾਲ ਹੋਇਆ ਕੀ ਚੁਫ਼ੇਰ ਦਾ,
ਸਿਖ਼ਰ ਦੁਪਹਿਰੇ ਦਿਸੇ ਮੰਜ਼ਰ ਹਨੇਰ ਦਾ,
ਸਾਰੀ ਕਾਇਨਾਤ ਜਾਪੇ ਹੋਈ ਕਾਲੀ-ਕਾਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਮੰਡੀ ਵਿਚ ਪਿਆ ਤੇਰਾ ਝੋਨਾ ਵਿਕ ਲੈਣ ਦੇ,
ਧਰਤੀ ਦਾ ਥੋੜ੍ਹਾ ਜਿੰਨਾ ਸਾਹ ਟਿਕ ਲੈਣ ਦੇ,
ਅਗਲੀ ਫ਼ਸਲ ਲਈ ਐਡੀ ਕਾਹਦੀ ਕਾਹਲੀ।
ਸਾੜੀਂ ਨਾ ਪਰਾਲੀ ਵੀਰਾ, ਸਾੜੀਂ ਨਾ ਪਰਾਲੀ।

ਕਿੰਨੀਆਂ ਮਸ਼ੀਨਾਂ ਆਈਆਂ ਕਿੰਨੀ ਤਕਨੀਕ ਵੀ,
ਕੁਤਰੇ ਪਰਾਲੀ, ਬੀਜੇ ਕਣਕ ਜੋ ਠੀਕ ਵੀ,
ਪੌਣ-ਪਾਣੀ ਵਾਲੀ ਜਾਵੇ ਗੱਲ ਵੀ ਸੰਭਾਲੀ।
ਸਾੜੀਂ ਨਾ ਪਰਾਲੀ ਵੀਰਾ, ਸਾੜੀਂ ਨਾ ਪਰਾਲੀ।

ਵਿੱਚੇ ਵਾਹ ਪਰਾਲੀ ਤੇਰੀ ਖੇਤੀ ਸਾਵੀ ਰਹੇਗੀ,
ਪਾਣੀ ਬਚ ਜਾਏਗਾ ਤੇ ਖਾਦ ਘੱਟ ਪਏਗੀ,
ਦੋਵੇਂ ਹੱਥੀਂ ਲੱਡੂ ਤੇਰੇ, ਦੋਵੇਂ ਹੱਥੀਂ ਤਾਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

ਪੀਏਯੂ ਦੇ ਮਾਹਿਰਾਂ ਨੇ ਕੱਢੇ ਬੜੇ ਹੱਲ ਬਈ,
ਸੁਪਰ ਐੱਸਐੱਮਐੱਸ, ਹੈਪੀਸੀਡਰ ਲੈ ਚੱਲ ਬਈ,
ਤੇਰੀ ਇਹ ਮੁਸੀਬਤ ਵੀ ਹੋ ਗਈ ਸੁਖਾਲੀ।
ਸਾੜੀਂ ਨਾ ਪਰਾਲੀ, ਵੀਰਾ ਸਾੜੀਂ ਨਾ ਪਰਾਲੀ।

• ਜਗਵਿੰਦਰ ਜੋਧਾ



---



• ਡਾ. ਹਰੀਸ਼ ਕੁਮਾਰ ਵਰਮਾ
0161-2553364

*ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਵੱਲੋਂ 25 ਵਾਂ ਪਸ਼ੂ ਪਾਲਣ ਮੇਲਾ 20 ਅਤੇ 21 ਸਤੰਬਰ ਨੂੰ ਲੁਧਿਆਣਾ ਕੈਂਪਸ ਵਿਖੇ ਲਗਾਇਆ ਜਾ ਰਿਹਾ ਹੈ...*

# ਵੈਟਰਨਰੀ ਯੂਨੀਵਰਸਿਟੀ ਦਾ ਸਿਲਵਰ ਜੁਬਲੀ ਪਸ਼ੂ ਪਾਲਣ ਮੇਲਾ

ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਲੁਧਿਆਣਾ ਸਾਲ 'ਚ ਦੋ ਵਾਰ ਯੂਨੀਵਰਸਿਟੀ ਕੈਂਪਸ 'ਚ 'ਪਸ਼ੂ ਪਾਲਣ ਮੇਲਾ' ਲਗਾਉਂਦੀ ਹੈ। ਇਹ ਮੇਲਾ ਮਾਰਚ ਤੇ ਸਤਬਰ ਮਹੀਨੇ ਲਗਾਇਆ ਜਾਂਦਾ ਹੈ। ਇਸ ਵਾਰ ਸਿਲਵਰ ਜੁਬਲੀ ਮੇਲਾ 20-21 ਸਤੰਬਰ 2018 ਨੂੰ ਲਗਾਇਆ ਜਾਵੇਗਾ।

## ਸੰਤੁਲਿਤ ਪਸ਼ੂ ਖ਼ੁਰਾਕ ਦੀ ਮਹੱਤਤਾ

ਪਸ਼ੂਆਂ ਲਈ ਅਰਾਮਦੇਹ ਤੇ ਸਸਤੇ ਸ਼ੈੱਡ ਬਣਾਉਣ ਬਾਰੇ ਪਸ਼ੂ ਪਾਲਕਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ। ਸਾਫ਼ ਸੁਥਰੇ ਦੁੱਧ ਦੀ ਪੈਦਾਵਾਰ, ਚੁਆਈ ਦਾ ਸਹੀ ਤਰੀਕਾ ਤੇ ਮਸ਼ੀਨ ਨਾਲ ਦੁੱਧ ਦੀ ਚੁਆਈ ਤੋਂ ਇਲਾਵਾ ਕਟੜੂਆਂ-ਵਛੜੂਆਂ ਦੇ ਸੁਚੱਜੇ ਪ੍ਰਬੰਧ ਬਾਰੇ ਮਾਹਿਰ ਜਾਣਕਾਰੀ ਦੇਣਗੇ। ਪਸ਼ੂਆਂ ਦੀ ਸਾਂਭ-ਸੰਭਾਲ ਦੇ ਤਰੀਕੇ ਤੇ ਸੰਤੁਲਿਤ ਵੰਡ-ਦਾਣਾ ਬਣਾਉਣ ਦੀਆਂ ਤਕਨੀਕਾਂ ਦੱਸੀਆਂ ਜਾਣਗੀਆਂ। ਪਸ਼ੂ ਖ਼ੁਰਾਕ 'ਚ ਧਾਤਾਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਜਾਏਗਾ। ਦੁਧਾਰੂਆਂ ਲਈ ਧਾਤਾਂ ਦਾ ਮਿਸ਼ਰਣ ਵੀ ਸਸਤੀ ਕੀਮਤ 'ਤੇ ਉਪਲੱਬਧ ਹੋਵੇਗਾ। ਇਸ ਤੋਂ ਇਲਾਵਾ ਪਸ਼ੂ ਪਾਲਕਾਂ ਨੂੰ ਯੂਰੋਮਿਨ ਚਾਟ ਤੇ ਸੂਬਾਬੂਲ ਚਾਟ ਬਣਾਉਣ ਦੀ ਵਿਧੀ ਦੱਸੀ ਜਾਵੇਗੀ। ਤੂੜੀ ਤੇ ਪਰਾਲੀ ਦੀ ਯੂਰੀਏ ਨਾਲ ਸੋਧ ਤੋਂ ਇਲਾਵਾ ਹਰੇ ਚਾਰੇ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਏਗਾ। ਵਾਧੂ ਹਰੇ ਚਾਰੇ ਨੂੰ ਲੰਬੇ ਸਮੇਂ ਤਕ ਸੰਭਾਲਣ ਦੇ ਤਰੀਕੇ ਤੇ ਸੁੱਕੇ ਚਾਰੇ ਤੋਂ ਅਚਾਰ ਬਣਾਉਣ ਬਾਰੇ ਪ੍ਰਦਰਸ਼ਨੀ ਲਗਾ ਕੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਪਸ਼ੂ ਖ਼ੁਰਾਕ ਤੇ ਖ਼ੁਰਾਕੀ ਵਸਤਾਂ ਨੂੰ ਪ੍ਰਯੋਗਸ਼ਾਲਾ 'ਚ ਪਰਖਣ ਦੀ ਸਹੂਲਤ ਵੀ ਮੇਲੇ 'ਚ ਪ੍ਰਦਾਨ ਕੀਤੀ ਜਾਵੇਗੀ। ਚਾਰਿਆਂ ਦੇ ਜ਼ਹਿਰਬਾਦ ਤੇ ਹੋਰ ਜ਼ਹਿਰਾਂ ਤੋਂ ਬਚਾਅ ਦੀਆਂ ਵਿਧੀਆਂ ਦੱਸੀਆਂ ਜਾਣਗੀਆਂ।

### ਪ੍ਰਦਰਸ਼ਨੀਆਂ

ਮੇਲੇ ਵਿਚ ਵਧੀਆ ਨਸਲ ਦੇ ਜਾਨਵਰਾਂ ਜਿਵੇਂ ਮੱਝਾਂ, ਗਾਵਾਂ, ਬੱਕਰੀਆਂ, ਸੂਰ, ਖਰਗੋਸ਼, ਬਰਾਇਲਰ, ਬਟੇਰੇ, ਮੁਰਗੀਆਂ ਤੇ ਮੱਛੀਆਂ ਆਦਿ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਇਸ ਤੋਂ ਇਲਾਵਾ ਮੱਝਾਂ, ਵਲਾਇਤੀ ਗਾਵਾਂ, ਬੀਟਲ ਬੱਕਰੀਆਂ, ਸਤਲੁਜ ਮੁਰਗੀਆਂ, ਆਈਬੀਐੱਲ-80 ਬਰਾਇਲਰ, ਪੰਜਾਬ ਬਟੇਰ ਆਦਿ ਵੀ ਪ੍ਰਦਰਸ਼ਿਤ ਕੀਤੇ ਜਾਣਗੇ। ਪਸ਼ੂਆਂ ਦੇ ਨਸਲ ਸੁਧਾਰ ਲਈ ਵਰਤੇ ਜਾਣ ਵਾਲੇ ਸਾਨ੍ਹਾਂ, ਝੋਟਿਆਂ, ਬੱਕਰਿਆਂ ਆਦਿ ਦੀ ਵੀ ਨੁਮਾਇਸ਼ ਲਗਾਈ ਜਾਵੇਗੀ। ਇਸ ਤੋਂ ਇਲਾਵਾ ਮਸਨੂਈ ਗਰਭਦਾਨ ਤੇ ਭਰੂਣ ਤਬਾਦਲੇ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ।



## ਪਸ਼ੂਆਂ ਦੀ ਸਿਹਤ ਸੰਭਾਲ

ਪਸ਼ੂਆਂ ਨੂੰ ਮੁਢਲੀ ਸਹਾਇਤਾ, ਪਸ਼ੂਆਂ 'ਚ ਅਫ਼ਾਰਾ, ਲੰਙ ਮਾਰਨਾ, ਖੁਰ ਵਧਣੇ, ਲੇਵੇ ਦੀ ਸੋਜ਼ਿਸ਼, ਲਹੂ ਮੂਤਣਾ, ਧਾਤਾਂ ਦੀ ਘਾਟ ਤੋਂ ਬਚਾਅ ਬਾਰੇ ਮਾਹਿਰ ਜਾਣਕਾਰੀ ਦੇਣਗੇ। ਮਲੱਪਾਂ ਤੇ ਚਿੱਚੜਾਂ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਛੁਟਕਾਰੇ ਦੇ ਉਪਾਅ ਦੱਸੇ ਜਾਣਗੇ। ਆਪ੍ਰੇਸ਼ਨ ਰਾਹੀਂ ਇਲਾਜਯੋਗ ਰੋਗਾਂ ਸਬੰਧੀ ਸਹੂਲਤਾਂ ਜਿਵੇਂ, ਰਸੌਲੀ, ਸਰਨ, ਟੁੱਟੀ ਹੱਡੀ, ਬੰਨ੍ਹ ਪੈਣਾ, ਹਰਨੀਆਂ, ਪਿਸ਼ਾਬ ਦਾ ਬੰਨ੍ਹ, ਥਣ ਦਾ ਬੰਦ ਹੋਣਾ ਆਦਿ ਬਾਰੇ ਮੌਕੇ 'ਤੇ ਇਲਾਜ ਦੱਸੇ ਜਾਣਗੇ। ਇਸ ਤੋਂ ਇਲਾਵਾ ਜਣੇਪੇ ਦੀਆਂ ਸਮੱਸਿਆਵਾਂ, ਗੂੰਗਾ ਹੇਹਾ, ਪਸ਼ੂ ਦਾ ਹੇਹੇ 'ਚ ਨਾ ਆਉਣਾ, ਵਾਰ-ਵਾਰ ਫਿਰਨਾ, ਪਿੱਛਾ ਮਾਰਨਾ, ਜ਼ੇਰ ਨਾ ਪੈਣਾ, ਬੱਚੇਦਾਨੀ ਦਾ ਵਲੇਵਾਂ ਆਦਿ ਤੋਂ ਬਚਾਅ ਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## ਜਾਂਚ ਸਹੂਲਤਾਂ

ਪਸ਼ੂਆਂ ਦੇ ਬਿਮਾਰੀਆਂ ਦੇ ਬਚਾਅ ਲਈ ਟੀਕਾਕਰਨ ਦੇ ਤਰੀਕਿਆਂ ਤੇ ਸਮਾਂ-ਸਾਰਣੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਬਿਮਾਰੀਆਂ ਦਾ ਕਾਰਨ ਲੱਭਣ ਲਈ ਦੁੱਧ, ਗੋਹਾ, ਖ਼ੂਨ, ਪਿਸ਼ਾਬ ਅਦਿ ਦੀ ਮੌਕੇ 'ਤੇ ਜਾਂਚ ਦੀ ਸਹੂਲਤ ਵੀ ਹੋਵੇਗੀ। ਯੂਨੀਵਰਸਿਟੀ ਦੇ ਪਸ਼ੂ ਹਸਪਤਾਲ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਇਲਾਜ, ਐਕਸਰੇ, ਅਲਟਰਾਸਾਊਂਡ, ਪ੍ਰਯੋਗਸ਼ਾਲਾ, ਪੋਸਟ ਮਾਰਟਮ ਆਦਿ ਸੇਵਾਵਾਂ ਬਾਰੇ ਚਾਨਣਾ ਪਾਇਆ ਜਾਵੇਗਾ। ਪਸ਼ੂਆਂ ਤੋਂ ਇਨਸਾਨਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਹਲਕਾਅ, ਤਪਦਿਕ ਆਦਿ ਦੀ ਜਾਂਚ ਤੇ ਬਚਾਅ ਬਾਰੇ ਵੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ।

## ਸਹਾਇਕ ਧੰਦੇ

ਨਵੀਆਂ ਤੇ ਉੱਭਰ ਰਹੀਆਂ ਬਿਮਾਰੀਆਂ, ਜਿਵੇਂ ਸਵਾਈਨ ਫਲੂ, ਮੈਡ ਕਾਉ ਆਦਿ ਬਾਰੇ ਗਿਆਨ ਦਿੱਤਾ ਜਾਏਗਾ। ਉੱਲੀ ਰੋਗਾਂ ਤੋਂ ਬਚਾਅ ਦੇ ਉਪਾਅ ਦੱਸੇ ਜਾਣਗੇ। ਮੁਰਗੀਆਂ ਦੀਆਂ ਬਿਮਾਰੀਆਂ, ਬਰਡ ਫਲੂ ਬਾਰੇ ਚਾਨਣਾ ਪਾਇਆ ਜਾਏਗਾ। ਦੁੱਧ, ਆਂਡਿਆਂ ਤੇ ਮਾਸ ਤੋਂ ਖ਼ੁਰਾਕੀ ਪਦਾਰਥ ਬਣਾਉਣ ਬਾਰੇ ਗਿਆਨ ਦਿੱਤਾ ਜਾਏਗਾ। ਵੱਖ-ਵੱਖ ਤਕਨੀਕਾਂ, ਜਿਵੇਂ



ਥਣਾਂ ਨੂੰ ਡੋਬਾ ਦੇਣਾ, ਦੁੱਧ ਦੀ ਸਹੀ ਚੁਆਈ, ਖੁਰਾਂ ਦੀ ਕਟਾਈ ਆਦਿ ਬਾਰੇ ਪ੍ਰਦਰਸ਼ਨੀ ਲਗਾਈ ਜਾਏਗੀ। ਇਸ ਤੋਂ ਇਲਾਵਾ ਮੱਛੀ ਪਾਲਣ, ਝੀਂਗਾ ਮੱਛੀ ਤੇ ਸਜਾਵਟੀ ਮੱਛੀਆਂ ਦੀ ਸਾਂਭ ਸੰਭਾਲ, ਬਿਮਾਰੀਆਂ ਆਦਿ ਬਾਰੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ। ਪਸ਼ੂ ਪਾਲਣ, ਬੱਕਰੀ ਪਾਲਣ, ਸੂਰ ਪਾਲਣ, ਮੁਰਗੀ ਬਟੇਰ ਤੇ ਬਰਾਇਲਰ ਪਾਲਣ ਤੇ ਮੱਛੀ ਪਾਲਣ ਧੰਦਿਆਂ ਬਾਰੇ ਲਗਾਏ ਜਾਣ ਵਾਲੇ ਸਿਖਲਾਈ ਕੋਰਸਾਂ 'ਚ ਦਾਖ਼ਲੇ ਬਾਰੇ ਵੀ ਸੂਚਿਤ ਕੀਤਾ ਜਾਵੇਗਾ।

## ਸਹਿਯੋਗੀ ਵਿਭਾਗਾਂ ਦੀਆਂ ਸੇਵਾਵਾਂ

ਮੇਲੇ 'ਚ ਪਸ਼ੂ ਪਾਲਕਾਂ ਦੀਆਂ ਸਮੱਸਿਆਵਾਂ ਦੇ ਜਵਾਬ 'ਸਵਾਲ-ਜਵਾਬ' ਸੈਸ਼ਨ 'ਚ ਦਿੱਤੇ ਜਾਣਗੇ। ਪਸ਼ੂਧਨ ਨਾਲ ਸਬੰਧਤ ਵੱਖ-ਵੱਖ ਸਰਕਾਰੀ ਵਿਭਾਗ, ਜਿਵੇਂ ਪਸ਼ੂ ਪਾਲਣ ਵਿਭਾਗ, ਡੇਅਰੀ ਵਿਕਾਸ ਵਿਭਾਗ, ਮੱਛੀ ਪਾਲਣ ਵਿਭਾਗ, ਮਿਲਕਫੈੱਡ, ਮਾਰਕਫੈੱਡ ਵੀ ਆਪਣੇ ਵਿਭਾਗਾਂ ਬਾਰੇ ਜਾਣਕਾਰੀ ਦੇਣਗੇ। ਯੂਨੀਵਰਸਿਟੀ ਦੇ ਸਹਿਯੋਗ ਨਾਲ ਕੰਮ ਕਰਦੀਆਂ ਪਸ਼ੂ ਪਾਲਕਾਂ ਦੀਆਂ ਜਥੇਬੰਦੀਆਂ ਵੱਲੋਂ ਮੇਲੇ ਵਿਚ ਆਪਣੇ ਸਟਾਲ ਲਗਾਏ ਜਾਣਗੇ। ਯੂਨੀਵਰਸਿਟੀ ਵਿਚ ਪੜ੍ਹਾਈ ਅਤੇ ਵਿਦਿਆਰਥੀਆਂ ਦੇ ਦਾਖ਼ਲੇ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। •

---



• ਡਾ. ਬਲਵਿੰਦਰ ਸਿੰਘ ਢਿੱਲੋਂ
94654-20097

*ਮੱਕੀ ਸਾਉਣੀ ਦਾ ਮੁੱਖ ਚਾਰਾ ਹੈ। ਪੰਜਾਬ 'ਚ ਕਰੀਬ 0.77 ਲੱਖ ਹੈਕਟੇਅਰ 'ਚ ਮੱਕੀ ਬੀਜੀ ਜਾਂਦੀ ਹੈ। ਇਹ 50-60 ਦਿਨਾਂ 'ਚ ਕਟਾਈ ਲਈ ਤਿਆਰ ਹੋ ਜਾਂਦੀ ਹੈ ਤੇ ਦੁਧਾਰੂ ਪਸ਼ੂਆਂ ਲਈ ਮਿਆਰੀ ਚਾਰਾ ਹੈ। ਛੱਲੀਆਂ ਵਿਚ ਮੌਜੂਦ ਪੌਸ਼ਟਿਕ ਤੱਤ ਪਸ਼ੂਆਂ ਨੂੰ ਸਿਹਤਮੰਦ ਰੱਖਦੇ ਹਨ...*

# ਹਰੇ ਚਾਰੇ ਲਈ ਮੱਕੀ ਦੀ ਕਾਸ਼ਤ

ਡੇਅਰੀ ਦੇ ਧੰਦੇ ਵਿਚ 70 ਤੋਂ 75 ਫ਼ੀਸਦੀ ਖ਼ਰਚੇ ਪਸ਼ੂ ਖ਼ੁਰਾਕ ਉੱਪਰ ਹੁੰਦੇ ਹਨ ਤੇ ਇਸ ਵਿਚ ਹਰਾ ਚਾਰਾ ਅਹਿਮ ਹੈ। ਪੰਜਾਬ 'ਚ ਇਸ ਸਮੇਂ ਪਸ਼ੂਆਂ ਦੀ ਗਿਣਤੀ ਲਗਪਗ 81.2 ਲੱਖ ਹੈ, ਜਿਨ੍ਹਾਂ ਵਿਚ 62.4 ਲੱਖ ਵੱਡੇ ਪਸ਼ੂ ਹਨ। ਪਸ਼ੂਆਂ ਨੂੰ ਮਿਆਰੀ ਚਾਰਾ ਦੇਣ ਲਈ ਹਰੇ ਚਾਰੇ ਦੀ ਵਰਤਮਾਨ ਉਪਜ 'ਚ ਚੋਖੇ ਵਾਧੇ ਦੀ ਲੋੜ ਹੈ। ਮੱਕੀ ਸਾਉਣੀ ਦਾ ਮੁੱਖ ਚਾਰਾ ਹੈ। ਪੰਜਾਬ 'ਚ ਕਰੀਬ 0.77 ਲੱਖ ਹੈਕਟੇਅਰ 'ਚ ਮੱਕੀ ਬੀਜੀ ਜਾਂਦੀ ਹੈ। ਇਹ 50-60 ਦਿਨਾਂ 'ਚ ਕਟਾਈ ਲਈ ਤਿਆਰ ਹੋ ਜਾਂਦੀ ਹੈ ਤੇ ਦੁਧਾਰੂ ਪਸ਼ੂਆਂ ਲਈ ਮਿਆਰੀ ਚਾਰਾ ਹੈ।

## ਖਾਦ ਪ੍ਰਬੰਧ

ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਖਾਦ ਪਾਉ। ਰੂੜੀ ਜ਼ਿੰਕ, ਫਾਸਫੋਰਸ, ਪੋਟਾਸ਼ ਤੇ ਇਕ-ਤਿਹਾਈ ਨਾਈਟ੍ਰੋਜਨ ਦੀ ਘਾਟ ਪੂਰੀ ਕਰਦੀ ਹੈ। ਚਾਰੇ ਵਾਲੀ ਮੱਕੀ ਨਾਈਟ੍ਰੋਜਨ ਖਾਦ ਨੂੰ ਬਹੁਤ ਮੰਨਦੀ ਹੈ। ਅੱਧੀ ਨਾਈਟ੍ਰੋਜਨ, ਸਾਰੀ ਫਾਸਫੋਰਸ ਤੇ ਪੋਟਾਸ਼ ਖਾਦ ਬਿਜਾਈ ਸਮੇਂ ਪਾਉ ਤੇ ਅੱਧੀ ਨਾਈਟ੍ਰੋਜਨ ਖਾਦ 3-4 ਹਫ਼ਤੇ ਮਗਰੋਂ ਪਾਉ।

## ਨਦੀਨਾਂ ਦੀ ਰੋਕਥਾਮ

ਐਟਰਾਟਾਫ 50 ਡਬਲਿਊਪੀ (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਤੇ 500 ਗ੍ਰਾਮ ਹਲਕੀਆਂ ਜ਼ਮੀਨਾਂ 'ਚ ਬਿਜਾਈ ਤੋਂ 10 ਦਿਨਾਂ ਦੇ ਅੰਦਰ 200 ਲੀਟਰ ਪਾਣੀ 'ਚ ਘੋਲ ਕੇ ਛਿੜਕੋ। ਆਮ ਤੌਰ 'ਤੇ ਕਿਸਾਨ ਮੱਕੀ ਦਾ ਚਾਰਾ ਸਤੰਬਰ ਦੇ ਅਖ਼ੀਰ ਤਕ ਬੀਜਦੇ ਹਨ ਤੇ ਬਾਅਦ 'ਚ ਉੱਥੇ ਕਣਕ ਬੀਜਦੇ ਹਨ। ਐਟਰਾਜ਼ੀਨ ਦੀ ਵਰਤੋਂ ਸਤੰਬਰ ਦੇ ਪਹਿਲੇ ਪੰਦਰਵਾੜੇ ਤਕ ਵੀ ਕੀਤੀ ਜਾ ਸਕਦੀ ਹੈ। ਜੇ ਮੱਕੀ ਦੇ ਚਾਰੇ 'ਚ ਰਵਾਂਹ ਰਲਾ ਕੇ ਬੀਜਿਆ ਹੋਵੇ ਤਾਂ ਐਟਰਾਜ਼ੀਨ ਦੀ ਵਰਤੋਂ ਨਾ ਕਰੋ। ਮੱਕੀ ਤੇ ਰਵਾਂਹ ਦੇ ਮਿਸ਼ਰਤ ਚਾਰੇ 'ਚ ਸਟੌਂਪ-30 ਈਸੀ (ਪੈਂਡੀਮੈਥਾਲੀਨ) ਇਕ ਲੀਟਰ ਪ੍ਰਤੀ ਏਕੜ ਦੇ ਹਿਸਾਬ 200 ਲੀਟਰ ਪਾਣੀ 'ਚ ਘੋਲ ਕੇ ਬਿਜਾਈ ਤੋਂ ਦੋ ਦਿਨ ਦੇ ਅੰਦਰ ਛਿੜਕਾਅ ਕਰੋ।

## ਕੀੜੇ-ਮਕੌੜਿਆਂ ਦੀ ਰੋਕਥਾਮ

ਮੱਕੀ ਦਾ ਗੜੂੰਆਂ ਮਾਰਚ ਤੋਂ ਅਕਤੂਬਰ ਤਕ ਨੁਕਸਾਨ ਕਰਦਾ ਹੈ। ਇਸ ਦੀ ਰੋਕਥਾਮ ਲਈ ਗੜੂੰਏਂ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦੇਵੋ। ਗੜੂੰਏਂ ਤੋਂ ਬਚਾਅ ਲਈ 40 ਮਿਲੀਲਿਟਰ ਕੋਰਾਜ਼ਨ 18.5 ਐੱਸਸੀ (ਕਲੋਰਐਂਟਰਾਨਿਲੀਪਰੋਲ) ਪ੍ਰਤੀ ਏਕੜ 60-80 ਲੀਟਰ ਪਾਣੀ 'ਚ ਘੋਲ ਕੇ ਸਪਰੇਅ ਕਰੋ। ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 50 ਹਜ਼ਾਰ ਆਂਡੇ ਪ੍ਰਤੀ ਏਕੜ ਦੋ ਵਾਰੀ, ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਤੇ ਦੂਜੀ ਵਾਰ ਇਕ ਹਫ਼ਤੇ ਬਾਅਦ ਵਰਤੋ। ਇਹ ਆਂਡੇ ਟਰਾਈਕੋਕਾਰਡਾਂ 'ਤੇ ਚਿਪਕਾਏ ਹੁੰਦੇ ਹਨ। ਇਨ੍ਹਾਂ ਕਾਰਡਾਂ ਨੂੰ 50 ਬਰਾਬਰ ਹਿੱਸਿਆਂ 'ਚ ਕੱਟ ਲਵੋ। ਹਰ ਛੋਟੇ ਹਿੱਸੇ ਉੱਪਰ ਕਰੀਬ 1,000 ਆਂਡੇ ਹੁੰਦੇ ਹਨ। ਇਨ੍ਹਾਂ ਹਿੱਸਿਆਂ ਨੂੰ ਸ਼ਾਮ ਸਮੇਂ ਖੇਤ 'ਚ ਇਕਸਾਰ ਦੂਰੀ 'ਤੇ ਬੂਟਿਆਂ ਦੀ ਗੋਭ 'ਚ ਰੱਖੋ। ਤੇਲੇ ਅਤੇ ਘੋੜੇ ਦੀ ਰੋਕਥਾਮ ਲਈ 250 ਤੋਂ 400 ਮਿਲੀਲਿਟਰ ਮੈਲਾਥੀਆਨ 50 ਈਸੀ ਪ੍ਰਤੀ ਏਕੜ ਛਿੜਕੋ ਤੇ ਵਾਲਾਂ ਵਾਲੀ ਸੁੰਡੀ ਦੀ ਰੋਕਥਾਮ ਲਈ 15 ਕਿੱਲੋ ਮੈਲਾਥੀਆਨ 5 ਫ਼ੀਸਦੀ ਪ੍ਰਤੀ ਏਕੜ ਦੇ ਹਿਸਾਬ ਧੂੜਾ ਦੇਵੋ।

## ਕਟਾਈ

ਬਿਜਾਈ ਤੋਂ 50-60 ਦਿਨਾਂ ਪਿੱਛੋਂ ਜਦੋਂ ਮੱਕੀ ਦੀ ਫ਼ਸਲ ਦੋਧੇ 'ਤੇ ਹੋਵੇ ਤੇ ਦਾਣੇ ਨਰਮ ਹੋਣ ਤਾਂ ਇਹ ਕਟਾਈ ਲਈ ਤਿਆਰ ਹੋ ਜਾਂਦੀ ਹੈ। ਚਾਰੇ ਵਾਲੀ ਫ਼ਸਲ ਵਿੱਚੋਂ ਛੱਲੀਆਂ ਨਹੀਂ ਉਤਾਰਨੀਆਂ ਚਾਹੀਦੀਆਂ। ਇਨ੍ਹਾਂ ਵਿਚ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ ਜੋ ਪਸ਼ੂ ਦੀ ਸਿਹਤ ਲਈ ਲਾਹੇਵੰਦ ਹੁੰਦੇ ਹਨ।

## ਸਾਵਧਾਨੀਆਂ

- ਮੱਕੀ ਦੀ ਚਾਰੇ ਵਾਲੀ ਫ਼ਸਲ ਉੱਪਰ ਉਹ ਕੀਟਨਾਸ਼ਕ ਨਹੀਂ ਵਰਤਣੇ ਚਾਹੀਦੇ, ਜੋ ਮੱਕੀ ਦੀ ਦਾਣਿਆਂ ਵਾਲੀ ਫ਼ਸਲ ਲਈ ਸਿਫਾਰਿਸ਼ ਕੀਤੇ ਗਏ ਹਨ।
- ਕੋਰਾਜ਼ਨ 18.5 ਐੱਸਸੀ (ਕਲੋਰਐਂਟਰਾਨਿਲੀਪਰੋਲ) ਛਿੜਕਾਂ ਤੋਂ 21 ਦਿਨ ਬਾਅਦ ਚਾਰੇ ਨੂੰ ਵਰਤੋ।
- ਮੈਲਾਥੀਆਨ ਦੇ ਛਿੜਕਾਅ ਤੋਂ 14 ਦਿਨ ਬਾਅਦ ਤਕ ਫ਼ਸਲ ਨੂੰ ਚਾਰੇ ਲਈ ਨਾ ਵਰਤੋ। •

### ਬੀਜ ਦੀ ਮਾਤਰਾ ਤੇ ਬਿਜਾਈ ਦਾ ਸਮਾਂ

ਬੀਜ ਦੀ ਮਾਤਰਾ 30 ਕਿੱਲੋ ਪ੍ਰਤੀ ਏਕੜ ਹੈ। ਇਸ ਦੀ ਬਿਜਾਈ ਮਾਰਚ ਦੇ ਪਹਿਲੇ ਹਫ਼ਤੇ ਤੋਂ ਲੈ ਕੇ ਅੱਧ ਸਤੰਬਰ ਤਕ ਕੀਤੀ ਜਾ ਸਕਦੀ ਹੈ। ਬਿਜਾਈ ਕੇਰੇ ਜਾਂ ਪੋਰੇ ਨਾਲ ਕਰੋ ਤੇ ਕਤਾਰਾਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਰੱਖੋ। ਬਿਜਾਈ ਖਾਦ-ਬੀਜ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਜੇ ਮੱਕੀ ਅਤੇ ਰਵਾਂਹ ਰਲਾ ਕੇ ਬੀਜਣੇ ਹੋਣ ਤਾਂ ਮੱਕੀ ਅਤੇ ਰਵਾਂਹ-88 ਦਾ ਬੀਜ 15-15 ਕਿੱਲੋ ਅਤੇ ਮੱਕੀ ਤੇ ਰਵਾਂਹ-367 ਕਿਸਮ ਦਾ ਬੀਜ 15 ਅਤੇ 6 ਕਿੱਲੋ ਪ੍ਰਤੀ ਏਕੜ ਕ੍ਰਮਵਾਰ ਪਾਓ।



### ਉੱਨਤ ਕਿਸਮ

ਜੇ-1006 : ਹਰੇ ਚਾਰੇ ਲਈ ਮੱਕੀ ਦੀ ਇਸ ਕਿਸਮ ਦੇ ਬੂਟੇ ਫੈਲਵੇਂ ਤੇ ਚੌੜੇ ਪੱਤਿਆਂ ਵਾਲੇ ਹੁੰਦੇ ਹਨ। ਇਸ ਕਿਸਮ ਨੂੰ ਝੁਲਸ ਰੋਗ ਤੇ ਭੂਰੀਆਂ ਧਾਰੀਆਂ ਦਾ ਰੋਗ ਘੱਟ ਲਗਦਾ ਹੈ। ਇਹ ਕਿਸਮ ਕਰੀਬ 165 ਕੁਇੰਟਲ ਹਰਾ ਚਾਰਾ ਪ੍ਰਤੀ ਏਕੜ ਦਿੰਦੀ ਹੈ।



## ਸੰਪਾਦਕੀ

# ਇਜ਼ਰਾਈਲ ਤੇ ਹਿਜ਼ਬੁੱਲ੍ਹਾ ਵਿਚਾਲੇ ਟਕਰਾਅ

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਵਜੋਂ ਪਿਛਲੇ ਹਫ਼ਤੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਵਿੱਚ ਪ੍ਰਵਾਨਗੀ ਭਾਸ਼ਣ ਦਿੰਦਿਆਂ ਕਮਲਾ ਹੈਰਿਸ ਨੇ ਇਜ਼ਰਾਈਲ ਦੇ ਸਵੈ–ਰੱਖਿਆ ਦੇ ਅਧਿਕਾਰ ਨਾਲ ਹਮੇਸ਼ਾ ਖੜ੍ਹੇ ਰਹਿਣ ਦਾ ਅਹਿਦ ਲਿਆ ਸੀ। ਇਜ਼ਰਾਈਲ ਨੇ ਆਪਣੇ ਇਸ ਅਧਿਕਾਰ ਦੀ ਵਾਰ–ਵਾਰ ਦੁਰਵਰਤੋਂ ਕੀਤੀ ਹੈ ਜਿਸ ਕਰ ਕੇ ਮੱਧ ਏਸ਼ੀਆ ਖੇਤਰੀ ਜੰਗ ਦੇ ਕੰਢੇ ’ਤੇ ਪਹੁੰਚ ਗਿਆ ਹੈ। ਇਜ਼ਰਾਇਲ ਨੇ ਦਾਅਵਾ ਕੀਤਾ ਸੀ ਕਿ ਹਿਜ਼ਬੁੱਲ੍ਹਾ ਵੱਲੋਂ ਇਜ਼ਰਾਇਲੀ ਖੇਤਰ ਵਿੱਚ ਮਿਸਾਈਲਾਂ ਅਤੇ ਰਾਕੇਟਾਂ ਨਾਲ ਹਮਲਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਸ ਤੋਂ ਬਾਅਦ ਇਜ਼ਰਾਇਲੀ ਫ਼ੌਜ ਨੇ ਲਿਬਨਾਨ ਵਿੱਚ ਕਥਿਤ ਦਹਿਸ਼ਤਗਰਦ ਟਿਕਾਣਿਆਂ ਉੱਪਰ ਹਮਲੇ ਕੀਤੇ ਹਨ। ਹਿਜ਼ਬੁੱਲ੍ਹਾ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ ਪਰ ਜਵਾਬੀ ਕਾਰਵਾਈ ਵੀ ਕੀਤੀ ਹੈ। ਇਜ਼ਰਾਈਲ ਨੇ ਪਿਛਲੇ ਮਹੀਨੇ ਲਿਬਨਾਨ ਦੀ ਰਾਜਧਾਨੀ ਵਿੱਚ ਹਮਲਾ ਕਰ ਕੇ ਹਿਜ਼ਬੁੱਲ੍ਹਾ ਦੇ ਸੀਨੀਅਰ ਕਮਾਂਡਰ ਫੌਦ ਸ਼ੁਕਰ ਨੂੰ ਮਾਰ ਦਿੱਤਾ ਸੀ। ਤਲ ਅਵੀਵ ਨੂੰ ਤਹਿਰਾਨ ਵਿੱਚ ਹਮਾਸ ਆਗੂ ਇਸਮਾਈਲ ਹਨੀਯੇਹ ਦੀ ਹੱਤਿਆ ਲਈ ਵੀ ਕਸੂਰਵਾਰ ਠਹਿਰਾਇਆ ਜਾਂਦਾ ਹੈ ਜਦੋਂਕਿ ਇਰਾਨ ਨੇ ਇਸ ਹਮਲੇ ਦਾ ਬਦਲਾ ਲੈਣ ਦੀ ਧਮਕੀ ਦੇ ਰੱਖੀ ਹੈ। ਇਜ਼ਰਾਈਲ ਦੀਆਂ ਧੱਕੜ ਕਾਰਵਾਈਆਂ ਦੀ ਕੌਮਾਂਤਰੀ ਭਾਈਚਾਰੇ ਵੱਲੋਂ ਪੁਰਜ਼ੋਰ ਨਿਖੇਧੀ ਨਹੀਂ ਕੀਤੀ ਜਾ ਰਹੀ ਅਤੇ ਇਸ ਦੇ ਖ਼ਿਲਾਫ਼ ਕੋਈ ਠੋਸ ਚਾਰਾਜੋਈ ਵੀ ਨਹੀਂ ਹੋ ਰਹੀ।

ਸੰਯੁਕਤ ਰਾਸ਼ਟਰ ਵੱਲੋਂ ਵੀ ਇਜ਼ਰਾਈਲ ਦੀਆਂ ਕਾਰਵਾਈਆਂ ਦਾ ਢੁਕਵਾਂ ਵਿਰੋਧ ਨਹੀਂ ਕੀਤਾ ਜਾ ਰਿਹਾ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਆਪਣੇ ਸਾਰੇ ਨਿਸ਼ਾਨੇ ਰਾਸ਼ਟਰਪਤੀ ਜੋਅ ਬਾਇਡਨ ’ਤੇ ਸੇਧ ਰਹੇ ਹਨ ਅਤੇ ਨਾਲ ਹੀ ਚਿਤਾਵਨੀ ਦੇ ਰਹੇ ਹਨ ਕਿ ਤੀਜੀ ਆਲਮੀ ਜੰਗ ਬਹੁਤੀ ਦੂਰ ਨਹੀਂ ਹੈ।

ਬਾਇਡਨ ਪ੍ਰਸ਼ਾਸਨ ਨੇ ਇਜ਼ਰਾਈਲ ਨੂੰ ਇੱਕ ਤੋਂ ਬਾਅਦ ਇੱਕ ਭੜਕਾਊ ਕਦਮ ਚੁੱਕਣ ਦੀ ਖੁੱਲ੍ਹ ਦਿੱਤੀ ਤੇ ਮਸਲਾ ਸੁਲਝਾਉਣ ਵਿੱਚ ਕੋਈ ਮਦਦ ਨਹੀਂ ਕੀਤੀ।

ਇਜ਼ਰਾਈਲ ਦੀਆਂ ਕਾਰਵਾਈਆਂ ਨੇ ਵਾਰਤਾ ਮੁੜ ਸ਼ੁਰੂ ਕਰਨ ਦੇ ਯਤਨਾਂ ’ਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ। ਇਸ ਵਾਰਤਾ ਦਾ ਮੰਤਵ ਬੰਧਕਾਂ ਦੀ ਰਿਹਾਈ ਦੇ ਸੰਕਟ ਨੂੰ ਨਿਬੇੜਨਾ ਤੇ ਗਾਜ਼ਾ ਵਿੱਚ ਗੋਲੀਬੰਦੀ ਕਰਾਉਣਾ ਹੈ। ਲਿਬਨਾਨ, ਜੋ ਕਿ 2006 ਵਿੱਚ ਇਜ਼ਰਾਈਲ ਨਾਲ ਮਹੀਨਾ ਭਰ ਚੱਲੀ ਲੜਾਈ ’ਚ ਟਿਕਿਆ ਰਿਹਾ ਹੈ, ਇਸ ਵਾਰ ਸ਼ਾਇਦ ਅਜਿਹਾ ਨਹੀਂ ਕਰ ਸਕੇਗਾ ਕਿਉਂਕਿ ਮੁਲਕ ਪਹਿਲਾਂ ਹੀ ਕਈ ਚਿਰ ਤੋਂ ਸਿਆਸੀ ਅਤੇ ਆਰਥਿਕ ਅਸਥਿਰਤਾ ਨਾਲ ਜੂਝ ਰਿਹਾ ਹੈ। ਇਜ਼ਰਾਈਲ, ਜਿਸ ਨੂੰ ਚੁਫ਼ੇਰੇ ਸਿਰਫ਼ ਦੁਸ਼ਮਣ ਹੀ ਨਜ਼ਰ ਆ ਰਹੇ ਹਨ, ਦੀ ਹੋਸ਼ ਟਿਕਾਣੇ ਲਿਆਉਣ ਦੀ ਲੋੜ ਹੈ ਕਿ ਉਹ ਆਪਣੇ ਫ਼ੌਜੀ ਅਤਿ ਉਤਸ਼ਾਹ ਵਿੱਚ ਵਿਸ਼ਵ ਸੁਰੱਖਿਆ ਅਤੇ ਸਥਿਰਤਾ ਲਈ ਖ਼ਤਰਾ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ। ਪਰ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਬਿੱਲੀ ਦੇ ਗਲ਼ ਟੱਲੀ ਕੌਣ ਬੰਨ੍ਹੇਗਾ ?

# ਵਿਗਿਆਨਕ ਸੋਚ ਦੀ ਲੋੜ

ਗੁਰਦਾਸਪੁਰ ਜ਼ਿਲ੍ਹੇ ਵਿੱਚ ਇੱਕ ਪਾਸਟਰ ਅਤੇ ਉਸ ਦੇ ਚੇਲਿਆਂ ਨੇ ਪ੍ਰੇਤ ਆਤਮਾ ਕੱਢਣ ਦੀ ਵਿਧੀ ਦੇ ਨਾਂ ’ਤੇ 35 ਸਾਲ ਦੇ ਇੱਕ ਵਿਅਕਤੀ ਦੀ ਜਾਨ ਲੈ ਲਈ। ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਦੇਸ਼ ਵਿੱਚ ਧਰਮ ਦੀ ਆੜ ਹੇਠ ਇਸ ਤਰ੍ਹਾਂ ਦੇ ਜਾਦੂ ਟੂਣਿਆਂ ਦੀ ਪ੍ਰਥਾ ਕਿੰਨੀ ਵਿਆਪਕ ਹੈ।

ਪੀੜਤ ਨੂੰ ਪ੍ਰੇਤ ਆਤਮਾ ਦੇ ਪਰਛਾਵੇਂ ਤੋਂ ਮੁਕਤ ਕਰਨ ਦੇ ਨਾਂ ’ਤੇ ਬੁਰੀ ਤਰ੍ਹਾਂ ਕੁੱਟਮਾਰ ਦਾ ਸ਼ਿਕਾਰ ਬਣਾਇਆ ਗਿਆ ਸੀ ਜਿਸ ਕਰ ਕੇ ਉਸ ਦੀ ਜਾਨ ਚਲੀ ਗਈ। ਇਹ ਧਰਮ ਦੀ ਆੜ ਹੇਠ ਚੱਲਦੇ ਧੰਦੇ ਦੀ ਕੋਈ ਇਕੱਲੀ ਇਕਹਿਰੀ ਮਿਸਾਲ ਨਹੀਂ ਸਗੋਂ ਇਹ ਅਖੌਤੀ ਤਾਂਤਰਿਕ ਅਤੇ ਧਰਮ ਦੇ ਲਬਾਦੇ ਹੇਠ ਇਲਾਜ ਕਰਨ ਵਾਲਿਆਂ ਦੀ ਘਾਤਕ ਸ਼ਕਤੀ ਦਾ ਚੇਤਾ ਕਰਾਉਂਦੀ ਹੈ। ਪੰਜਾਬ ਵਿੱਚ ਇਸ ਤਰ੍ਹਾਂ ਦੀਆਂ ਸ਼ੋਸ਼ਣਕਾਰੀ ਸ਼ਕਤੀਆਂ ਨੇ ਆਪਣਾ ਜਾਲ ਫੈਲਾ ਰੱਖਿਆ ਹੈ ਅਤੇ ਇਸ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਰਹੁ–ਰੀਤਾਂ ਨੂੰ ਵੀ ਵਰਤਿਆ ਜਾਂਦਾ ਹੈ ਜਿਸ ਕਰ ਕੇ ਅੰਧ–ਵਿਸ਼ਵਾਸ ਦਾ ਕਾਰੋਬਾਰ ਚੱਲਦਾ ਹੈ।

ਇਹ ਅਖੌਤੀ ਝਾੜ–ਫੂਕ ਕਰਨ ਵਾਲੇ ਜੋ ਆਪਣੇ–ਆਪ ਨੂੰ ਅਧਿਆਤਮਕ ਮੁਕਤੀਦਾਤਿਆਂ ਵਜੋਂ ਪੇਸ਼ ਕਰਦੇ ਹਨ, ਆਪਣੇ ਪੈਰੋਕਾਰਾਂ ’ਚ ਭੈਅ ਤੇ ਅਸੁਰੱਖਿਆ ਦੀ ਭਾਵਨਾ ਦਾ ਫ਼ਾਇਦਾ ਉਠਾਉਂਦੇ ਹਨ, ਹਰੇਕ ਚੀਜ਼ ਲਈ ਚਮਤਕਾਰੀ ਇਲਾਜ ਦਾ ਦਾਅਵਾ ਕਰਦੇ ਹਨ– ਫੇਰ ਭਾਵੇਂ ਉਹ ਕੋਈ ਸਰੀਰਕ ਬਿਮਾਰੀ ਹੋਵੇ ਜਾਂ ਮਾਨਸਿਕ ਰੋਗ। ਇਸ ਤਰ੍ਹਾਂ ਦੇ ਕੰਮਾਂ ਲਈ ਸਜ਼ਾ ਜਾਂ ਇਨ੍ਹਾਂ ਨੂੰ ਨਿਯਮਾਂ ਦੇ ਘੇਰੇ ’ਚ ਲਿਆਉਣ ਵਾਸਤੇ ਕੋਈ ਸਖ਼ਤ ਕਾਨੂੰਨੀ ਢਾਂਚਾ ਮੌਜੂਦ ਨਹੀਂ ਹੈ, ਜਿਸ ਨਾਲ ਸਮੱਸਿਆ ਹੋਰ ਵਧਦੀ ਹੈ। ਅਕਸਰ ‘ਚਮਤਕਾਰ’ ਕਰ ਕੇ ਦਿਖਾਉਣ ਦਾ ਦਾਅਵਾ ਕਰਨ ਵਾਲੇ ਇਸ ਤਰ੍ਹਾਂ ਦੇ ਲੋਕ ਇਨਸਾਫ਼ ਦੇ ਸ਼ਿਕੰਜੇ ’ਚ ਨਹੀਂ ਆਉਂਦੇ, ਜਿਨ੍ਹਾਂ ਲੋਕਾਂ ਦਾ ਉਹ ਸ਼ਿਕਾਰ ਕਰਦੇ ਹਨ, ਉਹ ਹੀ ਇਨ੍ਹਾਂ ਨੂੰ ਬਚਾ ਲੈਂਦੇ ਹਨ। ਜਦ ਤੰਤਰ ਇਨ੍ਹਾਂ ਦੀ ਜਵਾਬਦੇਹੀ ਤੈਅ ਕਰਨ ’ਚ ਨਾਕਾਮ ਹੁੰਦਾ ਹੈ ਤਾਂ ਇਨ੍ਹਾਂ ਨੂੰ ਹੋਰ ਸ਼ਹਿ ਮਿਲਦੀ ਹੈ, ਅਤੇ ਸ਼ੋਸ਼ਣ ਤੇ ਦੁਰਵਿਹਾਰ ਦਾ ਇਹ ਚੱਕਰ ਚੱਲਦਾ ਰਹਿੰਦਾ ਹੈ।

ਪੰਜਾਬ ਨੂੰ ਇਸ ਅਲਾਮਤ ਨਾਲ ਨਜਿੱਠਣ ਲਈ ਵਿਆਪਕ ਪਹੁੰਚ ਅਪਣਾਉਣੀ ਪਵੇਗੀ। ਵਿਗਿਆਨਕ ਸੋਚ–ਸਮਝ ਨੂੰ ਉਤਸ਼ਾਹਿਤ ਕਰਨ ਲਈ ਵਿਦਿਅਕ ਉੱਦਮ ਕਰਨੇ ਪੈਣਗੇ ਅਤੇ ਲੋਕਾਂ ਨੂੰ ਸਮਝਾਉਣਾ ਪਵੇਗਾ ਕਿ ਉਹ ਅਪੁਸ਼ਟ ਸਰੋਤਾਂ ਤੋਂ ਮਦਦ ਨਾ ਮੰਗਣ। ਸਮਾਜ ਨੂੰ ਐਨਾ ਯੋਗ ਬਣਾਉਣਾ ਪਵੇਗਾ ਕਿ ਉਹ ਅਸਲ ਅਧਿਆਤਮਕ ਸੇਧ ਤੇ ਨੁਕਸਾਨਦੇਹ ਅੰਧ–ਵਿਸ਼ਵਾਸ ਵਿਚਾਲੇ ਫ਼ਰਕ ਪਛਾਣੇ। ਇਸ ਦੇ ਨਾਲ ਹੀ ਸਰਕਾਰ ਨੂੰ ਵੀ ਕਰੜੇ ਕਾਨੂੰਨ ਲਾਗੂ ਕਰਨੇ ਚਾਹੀਦੇ ਹਨ। ਇਹ ਜ਼ਰੂਰੀ ਹੈ ਕਿ ਅਸੀਂ ਸਮਾਜ ਵਜੋਂ ਆਪਣਾ ਭਰੋਸਾ ਤਰਕ, ਪ੍ਰਮਾਣਿਤ ਮੈਡੀਕਲ ਤੇ ਮਨੋਵਿਗਿਆਨਕ ਮਦਦ ’ਤੇ ਰੱਖੀਏ ਤਾਂ ਹੀ ਅਸੀਂ ਇਨ੍ਹਾਂ ਅਖੌਤੀ ਭੂਤ–ਪ੍ਰੇਤ ਕੱਢਣ ਵਾਲੇ ਖ਼ਤਰਨਾਕ ਲੋਕਾਂ ਵੱਲੋਂ ਫੈਲਾਏ ਜਾਂਦੇ ਕੂੜ–ਪ੍ਰਚਾਰ ਤੋਂ ਬਚ ਸਕਾਂਗੇ ਤੇ ਇਸ ਦਾ ਟਾਕਰਾ ਕਰ ਸਕਾਂਗੇ। ਅਜਿਹੇ ਘਾਤਕ ਢਕੋਸਲਿਆਂ ਵਿੱਚ ਹੋਰ ਜਾਨਾਂ ਨਹੀਂ ਜਾਣੀਆਂ ਚਾਹੀਦੀਆਂ।

-ਪੀਤਾਂਬਰ ਸ਼ਰਮਾ

# ਸਿਵਲ ਸੇਵਾਵਾਂ ’ਚ ਸਿਆਸੀ ਦਖ਼ਲ ਦੇ ਮਾਇਨੇ

**ਗੁਰਬਚਨ ਜਗਤ**



ਇਹ ਗੱਲ ਨੱਬੇ ਦੇ ਦਹਾਕੇ ਦੇ ਲਗਪਗ ਅੱਧ ਦੀ ਹੈ ਜਦੋਂ ਮੈਂ ਇਕ ਪ੍ਰਸ਼ਾਸਕੀ ਅਹੁਦੇ ’ਤੇ ਚੰਡੀਗੜ੍ਹ ਸਥਿਤ ਪੁਲੀਸ ਹੈੱਡਕੁਆਰਟਰ ’ਚ ਤਾਇਨਾਤ ਸੀ। ਇਕ ਦਿਨ ਦੁਪਹਿਰ ਬਾਅਦ, ਡਾਇਰੈਕਟਰ ਜਨਰਲ–ਪੁਲੀਸ (ਡੀਜੀਪੀ) ਨੇ ਮੈਨੂੰ ਫੋਨ ਕੀਤਾ ਅਤੇ ਇੱਛਾ ਜ਼ਾਹਿਰ ਕੀਤੀ ਕਿ ਮੈਂ ਪੰਜਾਬ ਭਵਨ ’ਚ ਮੁੱਖ ਮੰਤਰੀ ਨਾਲ ਇਕ ਮੀਟਿੰਗ ਲਈ ਉਨ੍ਹਾਂ ਦੇ ਨਾਲ ਚੱਲਾਂ। ਅਸੀਂ ਦੋਵੇਂ ਉੱਥੇ ਮਿੱਥੇ ਸਮੇਂ ’ਤੇ ਪਹੁੰਚ ਗਏ ਪਰ ਮੁੱਖ ਮੰਤਰੀ ਅਜੇ ਨਹੀਂ ਆਏ ਸਨ; ਕੁਝ ਸਮੇਂ ਬਾਅਦ, ਮੁੱਖ ਮੰਤਰੀ ਦਾ ਇਕ ਸਹਿਯੋਗੀ ਉਨ੍ਹਾਂ ਵੱਲੋਂ ਉੱਥੇ ਅੱਪੜਿਆ। ਹਾਲ–ਚਾਲ ਪੁੱਛਣ ਤੋਂ ਬਾਅਦ, ਮੰਤਰੀ ਨੇ ਆਪਣੀ ਜੇਬ ਵਿਚੋਂ ਕਾਗਜ਼ ਦਾ ਇਕ ਟੁਕੜਾ ਕੱਢਿਆ ਤੇ ਡੀਜੀਪੀ ਨੂੰ ਫੜਾ ਦਿੱਤਾ। ਮੇਰਾ ਅਫ਼ਸਰ ਗੁੱਸੇ ’ਤੇ ਕਾਬੂ ਨਾ ਰੱਖ ਸਕਣ ਵਾਲੇ ਅਧਿਕਾਰੀ ਵਜੋਂ ਜਾਣਿਆ ਜਾਂਦਾ ਸੀ ਤੇ ਮੈਂ ਉਨ੍ਹਾਂ ਨੂੰ ਲਾਲ ਹੁੰਦਿਆਂ ਦੇਖ ਸਕਦਾ ਸੀ। ਉਨ੍ਹਾਂ ਨੇ ਕਾਗਜ਼ ਮੈਨੂੰ ਫੜਾ ਦਿੱਤਾ; ਇਸ ’ਚ ਕਰੀਬ 20 ਤਬਾਦਲਿਆਂ ਦੀ ਸੂਚੀ ਸੀ। ਤਜਵੀਜ਼ਤ ਤਬਾਦਲੇ ਇਕੋ ਸਿਧਾਂਤ ’ਤੇ ਅਧਾਰਿਤ ਸਨ: ਸਾਰੇ ਕੰਮਚੋਰ ਫੀਲਡ ’ਚ ਜਾਣਗੇ ਤੇ ਸਾਰੇ ਚੰਗੇ ਅਧਿਕਾਰੀ ਡੈਸਕ ’ਤੇ ਆਉਣਗੇ। ਡੀਜੀਪੀ ਨੇ ਮੇਰੀ ਰਾਇ ਪੁੱਛੀ, ਮੈਂ ਉਨ੍ਹਾਂ ਦਾ ਪੱਖ ਪੂਰਿਆ ਤੇ ਕਿਹਾ ਕਿ ਇਕ ਵੀ ਪ੍ਰਸਤਾਵ ਸਵੀਕਾਰਨ ਯੋਗ ਨਹੀਂ ਹੈ। ਡੀਜੀਪੀ ਉੱਠ ਖੜ੍ਹੇ ਹੋਏ, ਤੇ ਜਿਵੇਂ ਹੀ ਅਸੀਂ ਉੱਥੋਂ ਤੁਰਨ ਲੱਗੇ, ਮੰਤਰੀ ਨੇ ਸੁਝਾਅ ਦਿੱਤਾ ਕਿ ਅਸੀਂ ਮਾਮਲੇ ’ਤੇ ਵਿਚਾਰ ਕਰ ਸਕਦੇ ਹਾਂ ਤੇ ਕੁਝ ਤਬਦੀਲੀਆਂ ਵੀ ਕਰ ਸਕਦੇ ਹਾਂ। ਡੀਜੀਪੀ ਨੂੰ ਲਗਭਗ ਸਾਫ਼–ਸਪੱਸ਼ਟ ਦੱਸ ਦਿੱਤਾ ਗਿਆ ਸੀ ਕਿ ਕੋਈ ਤੋਲ–ਮੋਲ ਨਹੀਂ ਹੋਣਾ, ਤੇ ਇਸ ਮਗਰੋਂ ਅਸੀਂ ਮੀਟਿੰਗ ’ਚੋਂ ਉੱਠ ਤੁਰੇ। ਮੈਂ ਡੀਜੀਪੀ ਨੂੰ ਉਨ੍ਹਾਂ ਦੇ ਘਰੇ ਲਾਹਿਆ ਅਤੇ ਕਿਹਾ ਕਿ ਤਬਾਦਲੇ ਲਈ ਤਿਆਰ ਰਹੀਏ। ਦੋ ਦਿਨਾਂ ਬਾਅਦ, ਸਾਨੂੰ ਦੋਵਾਂ ਨੂੰ ਬਦਲ ਦਿੱਤਾ ਗਿਆ ਤੇ ਨਾਲ ਹੀ ਮੁੱਖ ਸਕੱਤਰ ਨੂੰ ਵੀ (ਸਾਫ਼ ਸੀ ਕਿ ਉਨ੍ਹਾਂ ਨਾਲ ਵੀ ਇਸੇ ਤਰ੍ਹਾਂ ਹੋਇਆ ਸੀ)। ਹਾਲਾਂਕਿ, ਸਮੇਂ ਵੱਖਰੇ ਸਨ ਅਤੇ ਕਦਰਾਂ ਤੇ ਸਿਧਾਂਤਾਂ ਦੀ ਹੋਂਦ ਅਜੇ ਹੈ ਸੀ, ਜਿਨ੍ਹਾਂ ਕਰ ਕੇ ਸਾਡਾ ਕਿਸੇ ਦਾ ਵੀ ਕਰੀਅਰ ਬੁਰੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਇਆ। ਬਲਕਿ, ਡੀਜੀਪੀ ਇਕ ਸੂਬੇ ਦੇ ਰਾਜਪਾਲ ਬਣ ਕੇ ਵਿਦਾ ਹੋਏ, ਮੁੱਖ ਸਕੱਤਰ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਬਣ ਗਏ ਤੇ ਮੈਨੂੰ ਜੰਮੂ ਕਸ਼ਮੀਰ ਦਾ ਡੀਜੀਪੀ ਲਾ ਦਿੱਤਾ ਗਿਆ।

ਇਹ ਘਟਨਾ ਉਦੋਂ ਵਾਪਰੀ ਸੀ ਜਦ ਅਸੀਂ ਅਜੇ ਅਤਿਵਾਦ ਦੇ ਮੁਸ਼ਕਲ ਦੌਰ ’ਚੋਂ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਸਕੇ ਸੀ। ਨਹੀਂ ਤਾਂ, ਨਿਯੁਕਤੀਆਂ ਤੇ ਤਬਾਦਲਿਆਂ ਸਬੰਧੀ ਪੁਰਾਣੇ ਨਿਯਮ ਤੇ ਕਾਇਦੇ ਹੀ ਵਰਤੇ ਜਾ ਰਹੇ ਸਨ। ਤਜਵੀਜ਼ਾਂ ਡੀਜੀਪੀ ਤੋਂ ਗ੍ਰਹਿ ਵਿਭਾਗ ਨੂੰ ਭੇਜੀਆਂ ਜਾਂਦੀਆਂ ਸਨ ਤੇ ਜੇ ਕੋਈ ਫ਼ਰਕ ਰਹਿ ਜਾਂਦਾ ਸੀ, ਉਸ ਨੂੰ ਗ੍ਰਹਿ ਸਕੱਤਰ ਤੇ ਡੀਜੀਪੀ ਮਿਲ ਕੇ ਦੂਰ ਕਰ ਲੈਂਦੇ ਸਨ ਅਤੇ ਨਾਂ ਮੁੱਖ ਮੰਤਰੀ ਨੂੰ ਭੇਜ ਦਿੱਤੇ ਜਾਂਦੇ ਸਨ। ਅਤਿਵਾਦ ਦੇ ਕਾਰਨ, ਡੀਜੀਪੀ ਦੇ ਪ੍ਰਸਤਾਵਾਂ ਨੂੰ ਹੀ ਜ਼ਿਆਦਾਤਰ ਮੰਨਿਆ ਜਾਂਦਾ ਸੀ। ਹਾਲਾਂਕਿ ਇਸ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਪਹਿਲਾਂ ਦੇ ਵੇਲਿਆਂ ’ਚ ਵੀ ਇਹੀ ਪ੍ਰਕਿਰਿਆ ਹੁੰਦੀ ਸੀ ਅਤੇ ਇਸ ਦਾ ਪਾਲਣ ਕੀਤਾ ਜਾਂਦਾ ਸੀ। ਇਨ੍ਹਾਂ ਮਾਮਲਿਆਂ ’ਚ ਵਿਆਪਕ ਪੱਧਰ ’ਤੇ ਸਿਆਸੀ ਦਖ਼ਲ ਦਾ ਸਵਾਲ ਹੀ ਨਹੀਂ ਸੀ ਹੁੰਦਾ। ਉੱਨ੍ਹੀਵੀਂ ਸਦੀ ਦੇ ਅੱਧ ’ਚ ਭਾਰਤੀ ਸਿਵਲ ਸੇਵਾਵਾਂ (ਆਈਸੀਐੱਸ) ਵਿਚ ਸੁਧਾਰ ਕੀਤੇ ਗਏ (ਆਈਸੀਐੱਸ ’ਤੇ ਲਾਰਡ ਮੈਕਾਲੇ ਦੀ 1854 ਦੀ ਰਿਪੋਰਟ ਦੇ ਅਧਾਰ ਉਤੇ) ਤੇ ਭਰਤੀ ਨੂੰ ਸਰਪ੍ਰਸਤੀ ਤੋਂ ਮੈਰਿਟ ਆਧਾਰਿਤ ਢਾਂਚੇ ਵੱਲ ਲਿਆਂਦਾ ਗਿਆ। ਇਹੀ ਸੁਧਾਰ ਬਰਤਾਨਵੀ ਗ੍ਰਹਿ ਸਿਵਲ ਸੇਵਾ ਵਿਚ ਵੀ ਲਾਗੂ ਕੀਤੇ ਗਏ। ਐਲਕੇ ਫਰੈਂਕ (ਹੰਟਰ ਕਾਲਜ, ਸਿਟੀ ਯੂਨੀਵਰਸਿਟੀ ਆਫ ਨਿਊਯਾਰਕ) ਵੱਲੋਂ ਲਿਖੇ ਇਕ ਪੇਪਰ ਵਿਚ, ਉਨ੍ਹਾਂ ਪਰਿਵਰਤਨ ਵੇਲੇ ਨੌਕਰਸ਼ਾਹੀ ਦੀ ਅਹਿਮੀਅਤ ਬਾਰੇ ਦੱਸਿਆ ਹੈ: “ਕਿਉਂਕਿ ਨੌਕਰਸ਼ਾਹੀ ‘ਆਧੁਨਿਕ ਸ਼ਾਸਨ ਪ੍ਰਬੰਧ ਦਾ ਮੂਲ ਹੈ’, ਇਸ ਲਈ ਸਿਆਸੀ ਤਬਦੀਲੀ ਦੀ ਪ੍ਰਕਿਰਿਆ ਵਿਚ ਨੌਕਰਸ਼ਾਹਾਂ ਦਾ ਰੋਲ ਵਿਸ਼ੇਸ਼ ਤੌਰ ’ਤੇ ਅਹਿਮ ਹੁੰਦਾ ਹੈ। ਜਦ ਇਕ ਸਰਕਾਰ ਦੂਜੀ ਦੀ ਥਾਂ ਲੈਂਦੀ ਹੈ, ਉਦੋਂ ਸੱਤਾ ਦਾ ਤਬਾਦਲਾ ਜਾਂ ਤਾਂ ਸਿਆਸੀ ਢਾਂਚੇ ਵਿਚ ਕ੍ਰਾਂਤੀਕਾਰੀ ਬਦਲਾਅ ਨੂੰ ਦਰਸਾਉਂਦਾ ਹੈ, ਜਾਂ ਫੇਰ ਇਹ ਸਥਾਪਿਤ ਸੰਵਿਧਾਨਕ ਢਾਂਚੇ ਦੇ ਅੰਦਰ ਮਹਿਜ਼ ਇਕ ਧਿਰ ਦੀ ਹੋਣੀ ’ਚ ਹੋ ਰਿਹਾ ਪਰਿਵਰਤਨ ਹੁੰਦਾ ਹੈ, ਨੌਕਰਸ਼ਾਹਾਂ ਤੋਂ ਅਹੁਦਿਆਂ ’ਤੇ ਬਣੇ ਰਹਿਣ ਅਤੇ ਆਮ ਵਾਂਗ ਸਰਕਾਰੀ ਗਤੀਵਿਧੀਆਂ ’ਚ ਸ਼ਾਮਲ ਹੁੰਦੇ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ। ਨੀਤੀਆਂ ’ਚ ਭਾਵੇਂ ਕਿੰਨੇ ਵੀ ਕਠੋਰ ਬਦਲਾਅ ਕਿਉਂ ਨਾ ਆ ਜਾਣ, ਸਰਕਾਰ ਦਾ ਪਹੀਆ ਸ਼ਾਇਦ ਪੂਰੀ ਤਰ੍ਹਾਂ ਕਦੇ ਨਾ ਰੁਕੇ। ਜ਼ਰੂਰੀ ਯੋਜਨਾਵਾਂ ਤੇ ਗਤੀਵਿਧੀਆਂ ਚੱਲਦੀਆਂ ਹੀ ਰਹਿਣੀਆਂ ਚਾਹੀਦੀਆਂ ਹਨ; ਬੁਨਿਆਦੀ ਵਚਨਬੱਧਤਾਵਾਂ ਦਾ ਹਰ ਹਾਲ ਸਤਿਕਾਰ ਹੋਣਾ ਚਾਹੀਦਾ ਹੈ, ਤਾਂ ਕਿ ਸੰਪੂਰਨ ਸਮਾਜਿਕ ਤਾਣਾ–ਬਾਣਾ ਟੁਕੜੇ–ਟੁਕੜੇ ਨਾ ਹੋਵੇ।”

ਸ੍ਰੇਸ਼ਠਤਾ ਦੀ ਬੁਨਿਆਦ ਇਹੀ ਹੈ ਕਿ ਮੁੱਢਲੀਆਂ ਵਚਨਬੱਧਤਾਵਾਂ ਦਾ ਹਰ ਹਾਲ ਸਤਿਕਾਰ ਹੋਵੇ, ਜੋ ਜਮਹੂਰੀਅਤ ਤੇ ਇਕ ਸਮਰੱਥ ਸਰਕਾਰ ਦਾ ਕੇਂਦਰ ਬਿੰਦੂ ਹਨ। ਹਾਲਾਂਕਿ ਸਿਆਸੀ ਤੇ ਪ੍ਰਸ਼ਾਸਕੀ ਸਮਰੱਥਾ, ਜਵਾਬਦੇਹੀ ਅਤੇ ਨੈਤਿਕਤਾ ਦੇ ਮਿਆਰਾਂ ’ਚ ਨਿਘਾਰ ਦੇ ਨਾਲ ਹੀ ਸਿਵਲ ਸੇਵਾਵਾਂ ’ਚ ਬਾਹਰੀ ਦਖ਼ਲ ਸ਼ੁਰੂ ਹੋ ਗਿਆ। ਇਹ ਸੱਤਾ ਵਿਚ ਬੈਠੇ ਉਨ੍ਹਾਂ ਲੋਕਾਂ ਨਾਲ ਸ਼ੁਰੂ ਹੋਇਆ ਜਿਹੜੇ ਆਪਣੇ ਰਸੂਖ਼ ਵਾਲੇ ਖੇਤਰਾਂ ’ਚ ਆਪਣੀ ਮਰਜ਼ੀ ਦੇ ਅਫ਼ਸਰ ਚਾਹੁੰਦੇ ਸਨ ਤੇ ਅਧਿਕਾਰੀਆਂ ਨੇ ਵੀ ਆਪਣੀ ਮਰਜ਼ੀ ਦੀਆਂ ਪਦਵੀਆਂ ਲੈਣ ਲਈ ਸਿਆਸੀ ਸੰਪਰਕ ਵਰਤਣੇ ਸ਼ੁਰੂ ਕਰ ਦਿੱਤੇ। ਇਕ ਤਰ੍ਹਾਂ ਦਾ ਲੈਣ–ਦੇਣ ਸਥਾਪਿਤ ਹੋ ਗਿਆ। ਬੂੰਦ–ਬੂੰਦ ਤੋਂ ਸ਼ੁਰੂ ਹੋਇਆ ਵਰਤਾਰਾ ਮਗਰੋਂ ਹੜ੍ਹ ਬਣ ਗਿਆ ਜਿਸ ਲਈ ‘ਫਲੱਡਗੇਟ’ ਖੋਲ੍ਹਣੇ ਪਏ। ਇਸ ਦਾ ਕਾਰਨ ਸੀ ਸਿਵਲ ਸੇਵਾਵਾਂ ਦਾ ਸਿਆਸੀਕਰਨ ਤੇ ਰਾਜਸੀ ਆਗੂਆਂ–ਅਪਰਾਧੀਆਂ–ਪੁਲੀਸ ਦੀ ਮਿਲੀਭੁਗਤ, ਜਿਸ ਨੂੰ ਸਿਆਸੀ ਧਿਰਾਂ ਵੱਲੋਂ ਸ਼ੁਰੂ ਕੀਤੇ ਹਲਕਾ ਇੰਚਾਰਜਾਂ (ਵੱਖ–ਵੱਖ ਰਾਜਾਂ ਵਿਚ ਹਲਕਾ ਇੰਚਾਰਜਾਂ ਲਈ ਕਈ ਤਰ੍ਹਾਂ ਦੇ ਨਾਂ ਵਰਤੇ ਜਾਂਦੇ ਹਨ) ਦੇ ਤੰਤਰ ਨੇ ਹੋਰ ਤਿੱਖਾ ਕੀਤਾ। ਸਿਵਲ ਅਧਿਕਾਰੀਆਂ ਨੇ ਸ਼ਰੇਆਮ ਆਪਣੇ ਸਿਆਸੀ ਸਰਪ੍ਰਸਤਾਂ ਨਾਲ ਕਤਾਰਬੰਦੀ ਕਰ ਲਈ ਤੇ ਬਦਲੇ ’ਚ ਆਪਣੇ ਸਿਆਸੀ ਆਕਾਵਾਂ ਦੀ ਪੈਸੇ ਅਤੇ ਬਾਹੂਬਲ ਨਾਲ ਮਦਦ ਕਰਨ ਲਈ ਅਪਰਾਧਕ ਗੈਂਗਾਂ ਨੂੰ ਸਰਪ੍ਰਸਤੀ ਦਿੱਤੀ। ਜ਼ਿਲ੍ਹਾ ਤੇ ਸਬ–ਡਿਵੀਜ਼ਨ ਪੱਧਰਾਂ ਉਤੇ ਡੀਐੱਸਪੀ, ਐੱਸਡੀਐੱਮ ਤੇ ਐੱਸਐੱਚਓ ਜਿਹੇ ਅਧਿਕਾਰੀਆਂ ਦੇ ਤਬਾਦਲੇ ਹਲਕਾਂ ਇੰਚਾਰਜਾਂ ਹਵਾਲੇ ਕਰ ਦਿੱਤੇ ਗਏ, ਜੋ ਇਨ੍ਹਾਂ ਅਧਿਕਾਰੀਆਂ ਲਈ ਇਕ ਮਾਧਿਅਮ ਬਣ ਗਏ, ਜਿਨ੍ਹਾਂ ਦੀ ਵਫ਼ਾਦਾਰੀ ਉਨ੍ਹਾਂ ਦੇ ਸੀਨੀਅਰਾਂ ਲਈ ਖ਼ਤਮ ਹੋ ਗਈ ਤੇ ਉਹ ਮਾਫੀਆ ਦੀ ਸੇਵਾ ’ਚ ਲੱਗ ਗਏ। ਇਸ ਚੀਜ਼ ਨੇ ਸਿਵਲ ਸੇਵਾਵਾਂ ਵਿਚ ਲੜੀ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਤੇ ਨੈਤਿਕ ਕਦਰਾਂ–ਕੀਮਤਾਂ ਵੀ ਖੁੰਜੇ ਲੱਗ ਗਈਆਂ। ਇਸ ਦੇ ਨਾਲ ਹੀ ਉਹ ਦਿਨ ਵੀ ਲੱਦ ਗਏ ਜਦ ਸਿਵਲ ਸੇਵਾਵਾਂ ਕਾਨੂੰਨ ਦੇ ਸ਼ਾਸਨ ਪ੍ਰਤੀ ਸਮਰਪਿਤ ਹੁੰਦੀਆਂ ਸਨ। ਕਈ ਚੰਗੇ ਅਧਿਕਾਰੀਆਂ ਨੂੰ ਜਾਂ ਤਾਂ ਪਾਸੇ ਕਰ ਦਿੱਤਾ ਗਿਆ ਜਾਂ ਫੇਰ ਉਨ੍ਹਾਂ ਭਾਰਤ ਸਰਕਾਰ ਵਿਚ ਡੈਪੂਟੇਸ਼ਨ ਲਈ ਅਰਜ਼ੀ ਦੇ ਦਿੱਤੀ (ਉੱਥੇ ਇਹ ਅਲਾਮਤ ਥੋੜ੍ਹੀ ਦੇਰ ਬਾਅਦ ਫੈਲੀ, ਪਰ ਹੁਣ ਪੂਰੀਆਂ ਜੜ੍ਹਾਂ ਫੜ ਚੁੱਕੀ ਹੈ)।

ਪੈਸੇ ਤੇ ਤਾਕਤ ਲਈ ਵਧਦੀ ਲਾਲਸਾ ਕਾਰਨ, ਭ੍ਰਿਸ਼ਟਾਚਾਰ ਵੀ ਕਈ ਗੁਣਾ ਵਧ ਗਿਆ ਤੇ ਸੰਗਠਿਤ ਅਪਰਾਧਕ ਗਰੁੱਪਾਂ ਤੋਂ ਖੁੱਲ੍ਹਾ ‘ਨਾਜਾਇਜ਼’ ਪੈਸਾ ਆਉਣਾ ਸ਼ੁਰੂ ਹੋ ਗਿਆ ਜਿਹੜੇ ਬਾਹੂਬਲ ਵੀ ਉਪਲੱਬਧ ਕਰਾ ਰਹੇ ਸਨ। ਇੱਥੋਂ ਤਸਕਰਾਂ, ਨਸ਼ਿਆਂ ਤੇ ਕਾਲੇ ਧਨ ਨੂੰ ਸਫੈਦ ਕਰਨ ਵਾਲੇ ਮਾਫੀਆ ਦੀ ਸ਼ੁਰੂਆਤ ਹੋਈ–– ਜਿਨ੍ਹਾਂ ਨੂੰ ਗੈਂਗ ਕਿਹਾ ਗਿਆ। ਗੈਂਗ, ਜਿਨ੍ਹਾਂ ਬਾਰੇ ਪਹਿਲਾਂ ਕਿਸੇ ਨੇ ਵੀ ਨਹੀਂ ਸੁਣਿਆ ਸੀ, ਹੁਣ ਇਨ੍ਹਾਂ ਦੇ ਪਸਾਰੇ ਨਾਲ ਨਜਿੱਠਣਾ ਵੀ ਮੁਸ਼ਕਲ ਹੋ ਗਿਆ ਹੈ। ਗੈਂਗਾਂ ’ਚ ਆਪਸੀ ਗੋਲੀਬਾਰੀ, ਜੇਲ੍ਹਾਂ ਵਿਚ ਲੜਾਈਆਂ ਤੇ ਡਰੱਗ ਮਾਫੀਆ ’ਚ ਹੱਤਿਆਵਾਂ ਵਰਗੀਆਂ ਘਟਨਾਵਾਂ ਆਮ ਵਾਪਰ ਰਹੀਆਂ ਹਨ। ਇੱਥੇ ਤੇ ਬਾਹਰ ਫੈਲੇ ਹੋਏ ਤੰਤਰ ’ਚ, ਕਿਤੇ–ਨਾ–ਕਿਤੇ ਸਿਆਸੀ ਪਾਰਟੀਆਂ ਦਾ ਹੱਥ ਜ਼ਰੂਰ ਹੁੰਦਾ ਹੈ। ਜਿਸ ਤਰੀਕੇ ਨਾਲ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ, ਇਹ ਤੰਤਰ ਹੋਰ ਵੀ ਜ਼ਿਆਦਾ ਮਜ਼ਬੂਤ ਹੋ ਗਿਆ ਹੈ, ਕਿਉਂਕਿ ਦੋਵਾਂ ਵਿਚ ਪਹਿਲਾਂ ਨਾਲੋਂ ਵੱਧ ਪੈਸੇ ਤੇ ਬਾਹੂਬਲ ਦੀ ਲੋੜ ਹੈ।

ਮੈਂ ਕਈ ਥਾਵਾਂ ’ਤੇ ਵੱਖ–ਵੱਖ ਅਹੁਦਿਆਂ ਉਤੇ ਰਹਿੰਦਿਆਂ ਕਈ ਚੋਣ ਪ੍ਰਕਿਰਿਆਵਾਂ ਦਾ ਹਿੱਸਾ ਰਿਹਾ ਹਾਂ। ਸਾਰੀ ਜ਼ਿੰਦਗੀ, ਮੈਨੂੰ ਇਹ ਸਮਝ ਨਹੀਂ ਆ ਸਕਿਆ ਕਿ ਚੋਣਾਂ ਤੋਂ ਬਿਲਕੁਲ ਪਹਿਲਾਂ ਪੁਲੀਸ ਤੇ ਹੋਰ ਸਿਵਲ ਅਧਿਕਾਰੀਆਂ ਦੇ ਤਬਾਦਲਿਆਂ ਦਾ ਇਨ੍ਹਾਂ ਦੇ ਨਤੀਜਿਆਂ ’ਤੇ ਕੀ ਅਸਰ ਹੋ ਸਕਦਾ ਹੈ। ਉਦਾਹਰਨ ਵਜੋਂ, ਪੁਲੀਸ ਨੂੰ ਚੰਗੇ ਸਮਿਆਂ ਵਿਚ ਵੀ ਲੋਕ ਪਸੰਦ ਨਹੀਂ ਕਰਦੇ; ਲੋਕ ਇਸ ਤੋਂ ਸਿਰਫ਼ ਡਰਦੇ ਹਨ, ਇਸ ਦਾ ਸਤਿਕਾਰ ਨਹੀਂ ਕਰਦੇ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ‘ਚੁਣੇ’ ਗਏ ਪੁਲੀਸ ਅਧਿਕਾਰੀ ਕਿਵੇਂ ਮਦਦ ਕਰ ਸਕਦੇ ਹਨ, ਪੈਸੇ ਤੇ ਬੰਦੇ ਉਪਲਬਧ ਕਰਾਉਣ ਤੋਂ ਬਿਨਾਂ। ਇਹ ਲਾਹੇਵੰਦ ਹੋ ਸਕਦੇ ਹਨ ਜੇ ਖੁੱਲ੍ਹੇਆਮ ਤੇ ਮੁਕੰਮਲ ਹੇਰ–ਫੇਰ ਹੋਵੇ, ਖ਼ੁਸ਼ਕਿਸਮਤੀ ਨਾਲ ਅਜਿਹਾ ਅਜੇ ਨਹੀਂ ਹੈ। ਉਹ ਮਸ਼ੀਨਾਂ ਨਾਲ ਵੀ ਛੇੜਛਾੜ ਕਰਨ ਦੇ ਯੋਗ ਨਹੀਂ ਹਨ ਤੇ ਇਹ ਦੋਸ਼ ਕਦੇ ਸਾਬਿਤ ਨਹੀਂ ਹੋ ਸਕਿਆ, ਖਾਸ ਤੌਰ ’ਤੇ ਜਦ ਵੱਖ–ਵੱਖ ਸਿਆਸੀ ਧਿਰਾਂ ਜਿੱਤ ਰਹੀਆਂ ਹਨ ਤੇ ਸੱਤਾ ਵਿਚ ਆ ਰਹੀਆਂ ਹਨ। ਜੋ ਵੀ ਹੈ, ਪੁਲੀਸ ਤੇ ਬਾਕੀ ਸਿਵਲ ਸੇਵਾਵਾਂ, ਜਿਹੜੀਆਂ ਅਪਰਾਧਕ ਨਿਆਂ ਤੰਤਰ ਨੂੰ ਬਣਾਉਂਦੀਆਂ ਹਨ, ਦੀ ਬੁਨਿਆਦ ਟੁੱਟ ਚੁੱਕੀ ਹੈ, ਅਤੇ ਇਹ ਪਛਾਣ ’ਚ ਨਹੀਂ ਆ ਰਹੀਆਂ। ਇਸ ਢਾਂਚੇ ਦੇ ਇਕ ਅਹਿਮ ਥੰਮ੍ਹ–ਨਿਆਂਪਾਲਿਕਾ ’ਚ ਵੀ ਮੰਥਨ ਦੀ ਲੋੜ ਹੈ ਤਾਂ ਕਿ ਬਕਾਇਆ ਪਏ ਲੱਖਾਂ ਕੇਸਾਂ ਦਾ ਕੋਈ ਹੱਲ ਤਲਾਸ਼ਿਆ ਜਾ ਸਕੇ। ਜਦ ਵੀ ਕੋਈ ਘਿਣਾਉਣੀ ਘਟਨਾ ਵਾਪਰਦੀ ਹੈ ਤਾਂ ਅਸੀਂ ਸੰਘਰਸ਼ ਵਿੱਢਦੇ ਹਾਂ ਅਤੇ ਟਾਸਕ ਫੋਰਸ ਬਣਾਉਂਦੇ ਹਾਂ। ਪਰ, ਸਮੇਂ ਦੇ ਨਾਲ, ਸਭ ਭੁਲਾ ਦਿੱਤਾ ਜਾਂਦਾ ਹੈ–– ਮਿਲੀਭੁਗਤ ਚੱਲਦੀ ਰਹਿੰਦੀ ਹੈ। ਕੀ ਇਹ ਨਾਪਾਕ ਗੱਠਜੋੜ ਕਦੇ ਟੁੱਟੇਗਾ ? ਅਜਿਹਾ ਜਾਪਦਾ ਹੈ ਕਿ ਸਾਂਝੀ ਇੱਛਾ ਸ਼ਕਤੀ ਤੇ ਲੋਕਾਂ ਦੀ ਇਕਜੁੱਟਤਾ ’ਚੋਂ ਹੀ ਇਸ ਰੋਗ ਦਾ ਕੋਈ ਇਲਾਜ ਲੱਭੇਗਾ।

# ‘ਖੇਡਾਂ ਵਤਨ ਪੰਜਾਬ ਦੀਆਂ’ ਸੀਜ਼ਨ-3 ਪੰਜਾਬ ਦੇ ਰੰਗਲੇ ਪੰਜਾਬ ਬਣਨ ਵੱਲ ਵਧਦੇ ਕਦਮ :ਵਿਧਾਇਕ ਮਾਲੇਰਕੋਟਲਾ

- ਪੰਜਾਬ ਸਰਕਾਰ ਰਾਜ ਦੀ ਜਵਾਨੀ ਦੀ ਤਰੱਕੀ ਅਤੇ ਭਲਾਈ ਲਈ ਹਮੇਸਾ ਹੀ ਵਚਨਬੱਧ: ਡਾ ਜਮੀਲ ਉਰ ਰਹਿਮਾਨ
- ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਸਿਹਤਮੰਦ ਤੇ ਨਰੋਏ ਪੰਜਾਬ ਦੀ ਸਿਰਜਣਾ ਲਈ ਅਹਿਮ ਉਪਰਾਲਾ

**ਮਲੇਰਕੋਟਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਖੇਡ ਸੱਭਿਆਚਾਰ ਪੈਦਾ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉਤੇ ਸ਼ੁਰੂ ਕੀਤੀਆਂ ਗਈਆਂ ‘ਖੇਡਾਂ ਵਤਨ ਪੰਜਾਬ ਦੀਆਂ’ ਦੋ ਸਾਲ ਦੀ ਸਫਲਤਾ ਤੋਂ ਬਾਅਦ ਸੀਜ਼ਨ–3 ਦੀ ਸ਼ੁਰੂਆਤ 29 ਅਗਸਤ 2024 ਤੋਂ ਸੰਗਰੂਰ ਤੋਂ ਹੋਣ ਜਾ ਰਹੀ ਹੈ। ਖੇਡਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਲੁਧਿਆਣਾ ਤੋਂ ਸ਼ੁਰੂ ਹੋਈ ਮਸ਼ਾਲ ਵੱਖ ਵੱਖ ਜ਼ਿਲ੍ਹਿਆਂ ਤੋਂ ਹੁੰਦੀ ਹੋਈ ਅੱਜ ਜ਼ਿਲ੍ਹਾ ਮਾਲੇਰਕੋਟਲਾ ਦੇ ਸਦਰ ਮੁਕਾਮ ਤੇ ਪੁਜਣ ਤੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਵਲੋਂ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਗਿਆ । ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਗੁਰਦੀਪ ਸਿੰਘ,ਡੀ.ਐਸ.ਪੀ (ਐਚ) ਸ੍ਰੀ ਕਰਮਜੀਤ ਸਿੰਘ,ਪ੍ਰਧਾਨ ਘੱਟ ਗਿਣਤੀ ਦਲ ਮਾਲੇਰਕੋਟਲਾ ਜਾਫਰ ਅਲੀ , ਪੀ.ਏ ਗੁਰਮੁੱਖ ਸਿੰਘ ਖਾਨਪੁਰ, ਬਲਾਕ ਸੋਸਲ ਮੀਡੀਆ ਇੰਚਾਰਜ ਯਾਸਰ ਅਰਫਾਤ, ਅਬਦੁਲ ਸਕੂਰ ਕਿਲਾ, ਬਲਾਕ ਪ੍ਰਧਾਨ ਮੁਹੰਮਦ ਹਲੀਮ, ਮੁਹੰਮਦ ਯਾਸੀਨ, ਜਸਪਾਲ ਸਿੰਘ ਤੋਂ ਇਲਾਵਾ ਖਿਡਾਰੀ ਅਤੇ ਖੇਡ ਪ੍ਰੇਮੀ ਮੌਜੂਦ ਸਨ ।

ਜਿਕਰਯੋਗ ਹੈ ਕਿ ਇਸ ਖੇਡ ਜਾਗਰੂਕਤਾ ਮਸ਼ਾਲ ਦਾ ਪਟਿਆਲਾ ਤੋਂ ਜ਼ਿਲ੍ਹਾ ਮਾਲੇਰਕੋਟਲਾ ਦੀ ਹਦੂਦ ਅਮਰਗੜ੍ਹ ਵਿਖੇ ਦਾਖਲ ਹੋਣ ਤੇ ਜ਼ਿਲ੍ਹਾ ਪ੍ਰਸਾਸ਼ਨ, ਖਿਡਾਰੀਆਂ, ਕੋਚਾਂ, ਖੇਡ ਪ੍ਰੇਮੀਆਂ , ਵਿਧਾਇਕ ਅਮਰਗੜ੍ਹ ਜਸਵੰਤ ਸਿੰਘ ਗੱਜਣਮਾਜਰਾ ਦੇ ਭਰਾ ਸ੍ਰੀ ਕੁਲਵੰਤ ਸਿੰਘ ਗੱਜਣਮਾਜਰਾ, ਰਾਜੀਵ ਤੋਂ ਇਲਾਵਾ ਇਲਾਕਾ ਨਿਵਾਸੀ ਮੌਜੂਦ ਸਨ ।

ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ÷ਖੇਡਾਂ ਵਤਨ ਪੰਜਾਬ ਦੀਆਂ÷ਸੀਜ਼ਨ–3 ਦੀ ਖੇਡਾਂ ਬਾਰੇ ਜਾਗਰੂਕਤਾ ਮਸ਼ਾਲ ਪਟਿਆਲਾ ਤੋਂ ਸਦਰ ਮੁਕਾਮ ਤੇ ਪੁਜਣ ਤੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਪ੍ਰੇਰਿਤ ਕਰਦਿਆ ਕਿਹਾ ਕਿ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰਾਜ ਦੀ ਜਵਾਨੀ ਦੀ ਤਰੱਕੀ ਅਤੇ ਭਲਾਈ ਲਈ ਹਮੇਸ਼ਾ ਹੀ ਵਚਨਬੱਧ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਸਿਹਤਮੰਦ ਤੇ ਨਰੋਏ ਪੰਜਾਬ ਦੀ ਸਿਰਜਣਾ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ‘ਖੇਡਾਂ ਵਤਨ ਪੰਜਾਬ ਦੀਆਂ@ ਰਾਹੀਂ ਨੌਜਵਾਨਾਂ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦਾ ਖਿਡਾਰੀ ਬਣਾਉਣ ਲਈ ਵਧੀਆ ਮੰਚ ਪ੍ਰਦਾਨ ਕੀਤਾ ਜਾ ਰਿਹਾ ਹੈ । ਉਨ੍ਹਾਂ ਰੰਗਲਾ ਪੰਜਾਬ ਬਣਾਉਣ ਦਾ ਪਹਿਲਾ ਕਦਮ ਖੇਡਾਂ ਨੂੰ ਕਰਾਰ ਦਿੱਤਾ ਤੇ ਕਿਹਾ ਕਿ ਖੇਡਾਂ ਨੂੰ ਪ੍ਰਫੁਲਤ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਦੁਨੀਆਂ ਦੇ ਨਕਸ਼ੇ ਵਿੱਚ ਪੰਜਾਬ ਖੇਡਾਂ ਦੇ ਖੇਤਰ ਵਿੱਚ ਮੁੜ ਤੋਂ ਆਪਣੀ ਖੋਈ ਛਾਪ ਮੁੜ ਸੁਰਜੀਤ ਕਰ ਸਕੇ ।

ਉਹਨਾਂ ਸੂਬੇ ਦੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਸਿ਼ਆਂ ਤੋਂ ਦੂਰ ਰਹਿਣ ਅਤੇ ਖੇਡਾਂ ਵਿੱਚ ਵੱਧ ਚੜ ਕੇ ਹਿੱਸਾ ਲੈਣ, ਕਿਉਂਕਿ ਪੰਜਾਬ ਇੱਕ ਅਜਿਹਾ ਸੂਬਾ ਹੈ ਜਿਸ ਨੇ ਰਾਸ਼ਟਰੀ ਪੱਧਰ ਦੇ ਨਾਮਵਰ ਖਿਡਾਰੀ ਪੈਦਾ ਕੀਤੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਜੀ ਦਾ ਸੁਪਨਾ ਹੈ ਕਿ ਪੰਜਾਬ ਇੱਕ ਨਸ਼ਾ ਮੁਕਤ ਸੂਬਾ ਹੋਵੇ। ਉਹਨਾਂ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਸਰਕਾਰ ਸਮੁੱਚੇ ਸੂਬੇ ਦੇ ਨੌਜਵਾਨਾਂ ਦੇ ਸਹਿਯੋਗ ਲਈ ਤੱਤਪਰ ਹਨ ਅਤੇ ਉਨ੍ਹਾਂ ਦੇ ਚੰਗੇਰੇ ਅਤੇ ਉੱਜਵਲ ਭਵਿੱਖ ਲਈ ਦ੍ਰਿੜ ਸੰਕਲਪ ਹਨ।

ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਗੁਰਦੀਪ ਸਿੰਘ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ–3 ਤਹਿਤ ਜ਼ਿਲ੍ਹਾ ਸਬੰਧੀ ਬਲਾਕ ਪੱਧਰੀ ਖੇਡਾਂ 01 ਸਤੰਬਰ ਤੋਂ 10 ਸਤੰਬਰ, ਜ਼ਿਲ੍ਹਾ ਪੱਧਰੀ ਖੇਡਾਂ 15 ਸਤੰਬਰ ਤੋਂ 22 ਸਤੰਬਰ ਤੱਕ ਕਰਵਾਈਆਂ ਜਾਣਗੀਆਂ।

ਇਸ ਉਪਰੰਤ ਰਾਜ ਪੱਧਰੀ ਖੇਡਾਂ ਦਾ ਆਯੋਜਨ ਕੀਤਾ ਜਾਵੇਗਾ ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਅਤੇ ਖਿਡਾਰੀਆਂ ਨੂੰ ਆਨਲਾਈਨ ਲਿੰਕ https://eservices. punjab.gov.in ਤੇ ਰਜਿਸਟ੍ਰੇਸ਼ਨ ਕਰਨ ਲਈ ਵੀ ਕਿਹਾ । ਇਸ ਉਪਰੰਤ ਇਹ ਮਸ਼ਾਲ ਪਿੰਡ ਦਸੌਂਧਾਂ ਸਿੰਘ ਵਾਲਾ ਵਿਖੇ ਜਿਲ੍ਹਾ ਬਰਨਾਲਾ ਨੂੰ ਸੌਂਪੀ ਗਈ।

# ਨੂਰਪੁਰ ਬੇਟ: ਅੱਠ ਕਰੋੜੀ ਕਾਰਕਸ ਪਲਾਂਟ ਨੂੰ ਤਬਦੀਲ ਕਰਨ ਦੀ ਤਿਆਰੀ

## ਐਨਜੀਟੀ ਨੂੰ ਦਿੱਤੀ ਰਿਪੋਰਟ ਵਿੱਚ ਨਿਗਮ ਨੇ ਪਲਾਂਟ ਤਬਦੀਲ ਕਰਨ ਬਾਰੇ ਕੀਤਾ ਖੁਲਾਸਾ

**ਲੁਧਿਆਣਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤਲੁਜ ਦਰਿਆ ’ਤੇ ਬਣੀ ਹੱਡਾ–ਰੋੜੀ ਨੂੰ ਖ਼ਤਮ ਕਰਨ ਲਈ ਨਗਰ ਨਿਗਮ ਨੇ ਕਈ ਸਾਲ ਪਹਿਲਾਂ ਸਮਾਰਟ ਸਿਟੀ ਮਿਸ਼ਨ ਤਹਿਤ 7.98 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਨੂਰਪੁਰ ਬੇਟ ਵਿੱਚ ਇੱਕ ਮਾਡਰਨ ਕਾਰਕਸ ਪਲਾਂਟ ਬਣਾਇਆ ਪਰ ਲੋਕ ਰੋਹ ਕਾਰਨ ਪਿਛਲੇ ਤਿੰਨ ਸਾਲਾਂ ਤੋਂ ਇਹ ਪਲਾਂਟ ਚਾਲੂ ਨਹੀਂ ਹੋ ਸਕਿਆ। ਇਸ ਪਲਾਂਟ ਨੇੜਲੇ 12 ਪਿੰਡਾਂ ਦੇ ਲੋਕ ਜਨਵਰੀ ਮਹੀਨੇ ਤੋਂ ਲਗਾਤਾਰ ਇਸ ਪਲਾਂਟ ਦੇ ਬਾਹਰ ਧਰਨਾ ਦੇ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਸ ਪਲਾਂਟ ਦੇ ਚਾਲੂ ਹੋਣ ਨਾਲ ਉਨ੍ਹਾਂ ਦੇ ਪਿੰਡਾਂ ਵਿੱਚ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਹੈ ਅਤੇ ਇਸ ਨਾਲ ਜ਼ਮੀਨੀ ਤੇ ਪਾਣੀ ਦੂਸ਼ਿਤ ਹੋਵੇਗਾ ਅਤੇ ਵਾਤਾਵਰਨ ਖ਼ਰਾਬ ਹੋਵੇਗਾ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਜੁਆਕਾਂ ਨੂੰ ਰਿਸ਼ਤੇ ਨਹੀਂ ਹੋਣਗੇ ਤੇ ਜ਼ਮੀਨਾਂ ਦੇ ਭਾਅ ਡਿੱਗ ਜਾਣਗੇ ਪਰ ਪ੍ਰਸ਼ਾਸਨ ਨੇ ਜਿੰਨੇ ਵਾਰ ਜ਼ਬਰਦਸਤੀ ਇਸ ਪਲਾਂਟ ਨੂੰ ਚਾਲੂ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਪਿੰਡ ਵਾਸੀਆਂ ਨੇ ਡਟ ਕੇ ਵਿਰੋਧ ਕੀਤਾ ਅਤੇ ਪ੍ਰਸ਼ਾਸਨ ਨੂੰ ਕਾਮਯਾਬੀ ਨਹੀਂ ਮਿਲੀ।

ਹੁਣ ਪਿਛਲੇ ਦਿਨੀਂ ਐੱਨਜੀਟੀ ਵਿੱਚ ਐੱਨਜੀਓ ਤੇ ਵਾਤਾਵਰਨ ਪ੍ਰੇਮੀ ਵੱਲੋਂ ਪਲਾਂਟ ਚਾਲੂ ਕਰਨ ਲਈ ਪਾਈ ਗਈ ਪਟੀਸ਼ਨ ’ਤੇ ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਨਿਗਮ ਦੇ ਅਫ਼ਸਰਾਂ ਨੇ ਰਿਪੋਰਟ ਦਿੱਤੀ ਹੈ ਕਿ ਪਿੰਡ ਵਾਸੀ ਪਲਾਂਟ ਦਾ ਵਿਰੋਧ ਕਰ ਰਹੇ ਹਨ। ਇਸ ਕਰਕੇ ਇਸ ਪਲਾਂਟ ਨੂੰ ਚਾਲੂ ਨਹੀਂ ਕੀਤਾ ਜਾ ਸਕਦਾ। ਪ੍ਰਸ਼ਾਸਨ ਨੇ ਰਿਪੋਰਟ ਵਿੱਚ ਲਿਖਿਆ ਹੈ ਕਿ ਹੁਣ ਉਹ ਇਸ ਪਲਾਂਟ ਦੀ ਥਾਂ ਨੂੰ ਤਬਦੀਲ ਕਰਨ ਦੀ ਤਿਆਰੀ ਕਰ ਰਹੇ ਹਨ।



ਪਿੰਡ ਨੂਰਪੁਰ ਬੇਟ ਵਿੱਚ ਲੱਗੇ ਮਾਡਰਨ ਕਾਰਕਸ ਪਲਾਂਟ ਦੀ ਬਾਹਰੀ ਝਲਕ।

ਇਸ ਲਈ ਠੇਕੇਦਾਰ ਕੋਲੋਂ ਐਸਟੀਮੇਟ ਤਿਆਰ ਕਰਵਾਇਆ ਜਾ ਰਿਹਾ ਹੈ ਕਿ ਇਸ ਪਲਾਂਟ ਨੂੰ ਤਬਦੀਲ ਕਰਨ ਲਈ ਕਿੰਨਾ ਖ਼ਰਚਾ ਆਏਗਾ। ਨਗਰ ਨਿਗਮ ਦੇ ਅਧਿਕਾਰੀ ਨੇ ਕਿਹਾ ਕਿ ਪਲਾਂਟ ਨੂੰ ਤਾਜਪੁਰ ਰੋਡ ਸਥਿਤ ਕੂੜੇ ਵਾਲੀ ਥਾਂ ਨੇੜੇ ਤਬਦੀਲ ਕਰਨ ਦੀ ਤਿਆਰੀ ਹੈ।

ਪਿੰਡ ਰਸੂਲਪੁਰ ਦੇ ਸਾਬਕਾ ਸਰਪੰਚ ਬਲਬੀਰ ਸਿੰਘ ਨੇ ਦੱਸਿਆ ਕਿ ਇਸ ਪਲਾਂਟ ਦੇ ਲਈ ਆਲੇ–ਦੁਆਲੇ ਦੇ ਪਿੰਡਾਂ ਦੇ ਲੋਕਾਂ ਦੀ ਜ਼ਿੰਦਗੀ ਨਰਕ ਹੋ ਜਾਵੇਗੀ ਅਤੇ ਉਹ ਕਿਸੇ ਵੀ ਕੀਮਤ ’ਤੇ ਇਸ ਪਲਾਂਟ ਨੂੰ ਚੱਲਣ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਉਹ ਜੋਧਪੁਰ ਵਿੱਚ ਲੱਗੇ ਪਲਾਂਟ ਨੂੰ ਦੇਖ ਕੇ ਆਏ ਹਨ ਜਿਸ ਦੇ 6 ਕਿਲੋਮੀਟਰ ਦੇ ਘੇਰੇ ਵਿੱਚ ਲੋਕਾਂ ਦੀ ਜ਼ਿੰਦਗੀ ਬਹੁਤ ਖ਼ਰਾਬ ਹੈ।

ਸਮਾਜਸੇਵੀ ਸਾਬਕਾ ਕਰਨਲ ਜਸਜੀਤ ਸਿੰਘ ਗਿੱਲ ਨੇ ਕਿਹਾ ਇਹ ਭਾਰਤ ਵਿੱਚ ਤੀਜਾ ਪਲਾਂਟ ਹੈ। ਜੋਧਪੁਰ ਤੇ ਦਿੱਲੀ ਤੋਂ ਬਾਅਦ ਇਹ ਪਲਾਂਟ ਲੁਧਿਆਣਾ ਵਿੱਚ ਲਾਇਆ ਗਿਆ ਹੈ ਜਿਸ ਵਿੱਚ 150 ਤੋਂ ਵੱਧ ਮਰੇ ਪਸ਼ੂਆਂ ਦੇ ਪਿੰਜਰਾਂ ਦਾ ਪ੍ਰਬੰਧਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵੀ ਪਤਾ ਚੱਲਿਆ ਹੈ ਕਿ ਪਲਾਂਟ ਨੂੰ ਤਬਦੀਲ ਕੀਤਾ ਜਾ ਰਿਹਾ ਹੈ ਪਰ ਉਹ ਚਾਹੁੰਦੇ ਹਨ ਕਿ ਤਬਦੀਲ ਕਰਨ ਤੋਂ ਪਹਿਲਾਂ ਉਥੇ ਦੀ ਪੂਰੀ ਸਟੱਡੀ ਕੀਤੀ ਜਾਵੇ ਤਾਂ ਜੋ ਨੂਰਪੁਰ ਵਾਂਗ ਵੀ ਉਥੇ ਵੀ ਹਾਲਾਤ ਖ਼ਰਾਬ ਨਾ ਹੋਣ।

# ਪਟਿਆਲਾ ਨੇੜਲੇ ਪਿੰਡਾਂ ਵਿੱਚ ਤੇਂਦੂਏ ਦੀ ਦਹਿਸ਼ਤ

**ਪਟਿਆਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਬਾਰਨ ਅਤੇ ਹਰਦਾਸਪੁਰ ਦੇ ਖੇਤਰ ਵਿੱਚ ਤੇਂਦੂਏ ਦੀ ਦਹਿਸ਼ਤ ਕਾਰਨ ਲੋਕ ਪ੍ਰੇਸ਼ਾਨ ਹਨ। ਇਸ ਤੋਂ ਪਹਿਲਾਂ ਇਕ ਤੇਂਦੂਆ ਪਟਿਆਲਾ ਜੰਗਲਾਤ ਵਿਭਾਗ ਨੇ ਫੜਨ ਦਾ ਦਾਅਵਾ ਕੀਤਾ ਸੀ ਪਰ ਇਕ ਹੋਰ ਤੇਂਦੂਆ ਹੁਣ ਲੋਕਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਇਸ ਸਬੰਧੀ ਕਈ ਪਿੰਡਾਂ ਵਿੱਚ ਜਾਨ ਮਾਲ ਦੀ ਰਾਖੀ ਲਈ ਮੁਨਿਆਦੀ ਵੀ ਹੋਣ ਲੱਗੀ ਹੈ। ਹੁਣ ਤੇਂਦੂਏ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ। ਇਸ ਵਿੱਚ ਪਿੰਡਾਂ ਦੇ ਲੋਕਾਂ ਖੇਤ ਵਿੱਚ ਲੁਕੇ ਤੇਂਦੂਏ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹਨ ਪਰ ਉਹ ਅਗਲੇ ਖੇਤਾਂ ਵਿੱਚ ਭੱਜ ਜਾਂਦਾ ਹੈ।

ਨੰਬਰਦਾਰ ਭਾਗ ਸਿੰਘ ਹਰਦਾਸਪੁਰ ਨੇ ਦੱਸਿਆ ਕਿ ਸਾਡੇ ਪਿੰਡਾਂ ਵਿਚ ਤੇਂਦੂਆ ਘੁੰਮ ਰਿਹਾ ਹੈ ਜਿਸ ਕਾਰਨ ਲੋਕਾਂ ਵਿੱਚ ਸਹਿਮ ਹੈ, ਪਰ ਪ੍ਰਸ਼ਾਸਨ ਕੋਈ ਪੁਖ਼ਤਾ ਕਾਰਵਾਈ ਨਹੀਂ ਕਰ ਰਿਹਾ। ਤੇਂਦੂਆ ਖੇਤਾਂ ਵਿੱਚ ਘਾਤ ਲਗਾ ਕੇ ਬੈਠਾ ਰਹਿੰਦਾ ਹੈ ਜਾਂ ਕਿਸੇ ਦਰਖਤ ’ਤੇ ਚੜ੍ਹ ਜਾਂਦਾ ਹੈ। ਬੀਤੇ ਦਿਨਾਂ ਵਿੱਚ ਤੇਂਦੂਏ ਨੇ ਪਿੰਡ ਦੇ ਬਾਹਰ ਦੋ ਕੁੱਤਿਆਂ ਨੂੰ ਵੀ ਆਪਣਾ ਸ਼ਿਕਾਰ ਬਣਾਇਆ ਹੈ। ਜੰਗਲੀ ਜੀਵ ਵਿਭਾਗ ਦੀਆਂ ਟੀਮਾਂ ਤੇਂਦੂਏ ਨੂੰ ਫੜਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ।

ਖੇਤਾਂ ਵਿੱਚ ਪਿੰਜਰਾ ਰੱਖਿਆ ਗਿਆ ਹੈ, ਵਿਭਾਗ ਦੇ ਕਰਮਚਾਰੀ ਜਾਲ ਵੀ ਲਗਾ ਰਹੇ ਹਨ ਪਰ ਅਜੇ ਤੱਕ ਸਫਲਤਾ ਨਹੀਂ ਮਿਲੀ। ਇਸ ਤੋਂ ਪਹਿਲਾਂ ਘਨੌਰ ਹਲਕੇ ਵਿੱਚ ਤੇਂਦੂਆ ਦੇਖਿਆ ਗਿਆ ਸੀ ਜਿਸ ਨੂੰ ਫੜਨ ਦਾ ਦਾਅਵਾ ਕਰਦਿਆਂ ਜੰਗਲਾਤ ਵਿਭਾਗ ਨੇ ਫ਼ੋਟੋਆਂ ਵੀ ਜਾਰੀ ਕੀਤੀਆਂ ਸਨ।

# ਭਗਵੰਤ ਹੁਣ ਰਾਜਿਆਂ ਵਰਗੀ ਸ਼ਾਹੀ ਜ਼ਿੰਦਗੀ ਦੀ ਰੀਝ ਪੂਰੀ ਕਰਨਗੇ: ਬਾਜਵਾ

**ਚੰਡੀਗੜ੍ਹ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਲੰਧਰ ਵਿੱਚ ਪਹਿਲੀ ਆਜ਼ਾਦੀ ਦੀ ਲੜਾਈ ਤੋਂ ਵੀ ਪੁਰਾਣੇ ਮਕਾਨ ਵਿੱਚ ਰਹਿਣ ਸਬੰਧੀ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਆਮ ਲੋਕਾਂ ਵਰਗੀ



ਜ਼ਿੰਦਗੀ ਜਿਉਣ ਦਾ ਦਾਅਵਾ ਕਰਦੇ ਸਨ ਪਰ ਚੋਣਾਂ ਜਿੱਤਣ ਮਗਰੋਂ ਉਨ੍ਹਾਂ ਆਪਣਾ ਅਸਲੀ ਰੰਗ ਦਿਖਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਹੁਣ ਮੁੱਖ ਮੰਤਰੀ ਨੇ ਜਲੰਧਰ ਵਿੱਚ 11 ਏਕੜ ਰਕਬੇ ਵਿੱਚ 1857 ਦੀ ਪਹਿਲੀ ਆਜ਼ਾਦੀ ਦੀ ਲੜਾਈ ਤੋਂ ਵੀ ਪੁਰਾਣੇ ਬਣੇ ਮਕਾਨ ਵਿੱਚ ਰਹਿ ਕੇ ਆਲੀਸ਼ਾਨ ਸ਼ਾਹੀ ਜ਼ਿੰਦਗੀ ਜਿਉਣ ਦੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਤਿਆਰੀ ਕਰ ਲਈ ਹੈ।

# ਹਥਿਆਰਬੰਦ ਵਿਅਕਤੀਆਂ ਵੱਲੋਂ ਨੌਜਵਾਨ ਦੀ ਕੁੱਟਮਾਰ

**ਪਾਤੜਾਂ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਹਾਮਝੇੜ੍ਹੀ ਦੇ ਇੱਕ ਵਿਅਕਤੀ ਨੇ ਦੋਸ਼ ਲਾਏ ਹਨ ਕਿ ਮਾਮੂਲੀ ਤਕਰਾਰ ਕਾਰਨ ਅੱਧੀ ਦਰਜਨ ਤੋਂ ਵੱਧ ਵਿਅਕਤੀਆਂ ਨੇ ਉਸ ਦੀ ਕੁੱਟਮਾਰ ਕੀਤੀ। ਪਾਤੜਾਂ ਪੁਲੀਸ ਨੇ ਅੱਧੀ ਦਰਜਨ ਤੋਂ ਵੱਧ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਜਗਵੀਰ ਸਿੰਘ ਨੇ ਪੁਲੀਸ ਨੂੰ ਬਿਆਨ ਦਰਜ



ਕਰਵਾਏ ਕਿ ਉਹ ਕਾਰ ’ਤੇ ਸਵਾਰ ਹੋ ਕੇ ਪਾਤੜਾਂ ਆਇਆ ਸੀ। ਪ੍ਰਿੰਸ ਵਾਸੀ ਸ਼ੁਤਰਾਣਾ, ਡੇਵਿਡ ਵਾਸੀ ਮੌਲਵੀਵਾਲਾ ਅਤੇ ਉਨ੍ਹਾਂ ਨਾਲ ਆਏ ਅੱਧੀ ਦਰਜਨ ਹਥਿਆਰਬੰਦ ਵਿਅਕਤੀਆਂ ਨੇ ਉਸ ਦੀ ਕੁੱਟਮਾਰ ਕੀਤੀ ਤੇ ਜਾਨੋਂ ਮਾਰਨ ਦੀ ਨੀਅਤ ਨਾਲ ਫਾਇਰ ਕੀਤੇ ਜੋ ਉਸ ਦੇ ਸਿਰ ਤੋਂ ਲੰਘ ਗਿਆ। ਸ਼ਹਿਰੀ ਪੁਲੀਸ ਚੌਂਕੀ ਪਾਤੜਾਂ ਦੇ ਇੰਚਾਰਜ ਕਰਨੈਲ ਸਿੰਘ ਨੇ ਕਿਹਾ ਕਿ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਕੁਝ ਕਹਿੰਦੀ ਏ ਤਸਵੀਰ...

• ਜੱਗਾ ਸਿੰਘ ਆਦਮਕੇ



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

# ਟਾਈਮ ਪਾਸ ਦੇ ਘਰੇਲੂ ਨੁਸਖੇ

• ਡਾ. ਅਨਿਲ ਕੁਮਾਰ ਬੱਗਾ

ਅੱਜ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿਚ ਹਾਲੇ ਵੀ ਕੁਝ ਮਹਾਨ ਹਸਤੀਆਂ ਹਨ ਜਿਨ੍ਹਾਂ ਦਾ ਟਾਈਮ ਪਾਸ ਨਹੀ ਹੋ ਰਿਹਾ ਹੈ। ਅਜਿਹੇ ਵਿਹਲੜ ਟਾਈਮ ਪਾਸ ਕਰਨ ਲਈ ਬਚਪਨ ਵਾਲੀਆਂ ਖੇਡਾਂ ਖੇਡਣ ਤੋਂ ਬਾਜ ਨਹੀ ਆਉਂਦੇ। ਇਨ੍ਹਾਂ ਸ਼ੁਦਾਈਆਂ ਨੇ ਤਾਂ ਮੂੰਗਫ਼ਲੀ ਦਾ ਨਾਂ ਵੀ ਟਾਈਮਪਾਸ ਹੀ ਰੱਖਿਆ ਹੋਇਆ ਹੈ। ਇਨ੍ਹਾਂ ਕੋਲ ਕੰਮ ਤੋਂ ਬਚਣ ਦੇ ਬਹਾਨੇ ਬਹੁਤ ਹਨ। ਇਹ ਸਮਾਂ ਟਪਾਉਣ ਲਈ ਵਾਰ-ਵਾਰ ਘੜੀ ਦੇਖਦੇ ਹੋਏ ਕਚੀਚੀਆਂ ਵੱਟਦੇ ਹੋਏ ਸੋਚਦੇ ਹਨ ਕਿ ਅੱਜ ਟਾਈਮ ਪਾਸ ਨਹੀ ਹੋ ਰਿਹਾ ਹੈ। ਇਹ ਆਪਣੀ ਯੋਗਤਾ ਵਿਚ ਮੀਨ ਮੇਖ ਨਾ ਕੱਢਦੇ ਹੋਏ ਸਰਕਾਰਾਂ ਨੂੰ ਕੋਸਦੇ ਰਹਿੰਦੇ ਹਨ।

ਇਹ ਕਹਾਵਤ ਸ਼ਾਇਦ ਵਿਹਲੜਾਂ ਵਾਸਤੇ ਬਣਾਈ ਗਈ ਲੱਗਦੀ ਹੈ ਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਇਹ ਪੈਸਾ ਕਮਾਉਣ ਦੇ ਚੱਕਰ ਵਿਚ ਸੱਟੇ ਵਰਗੀਆਂ ਸ਼ੈਤਾਨੀਆਂ ਵੀ ਕਰਦੇ ਹਨ। ਇਨ੍ਹਾਂ ਦਾ ਸੋਸ਼ਲ ਮੀਡੀਆ ਨਾਲ ਕੋਈ ਵਾਸਤਾ ਨਹੀਂ ਹੁੰਦਾ ਸਗੋਂ ਇਹ ਤਾਂ ਦੋ ਰੁਪਏ ਦੇ ਅਖ਼ਬਾਰ ਪਿੱਛੇ ਹਾਕਰਾਂ ਨਾਲ ਛਿੱਤਰੋ ਛਿੱਤਰੀ ਹੁੰਦੇ ਅੱਖੀ ਦੇਖੇ ਜਾ ਸਕਦੇ ਹਨ। ਇਹ ਖ਼ਬਰ ਵੀ ਪੱਕੀ ਹੈ ਕਿ ਮੰਗ ਕੇ ਅਖ਼ਬਾਰ ਪੜ੍ਹਨਾ ਇਨ੍ਹਾਂ ਨੂੰ ਸ਼ਹਿਦ ਤੋਂ ਵੀ ਮਿੱਠਾ ਲਗਦਾ ਹੈ। ਫਿਰ ਵੀ ਧੰਨ ਹਨ ਇਨ੍ਹਾਂ ਦੇ ਜਿਗਰੇ ਜੋ ਇਸ ਮਹਿੰਗਾਈ ਦੇ ਦੌਰ ਵਿਚ ਕੀਮਚੋਰਾਂ ਵਰਗਾ ਜੀਵਨ ਬਤੀਤ ਕਰਦੇ ਹੋਏ ਹਮੇਸ਼ਾ ਚਿਹਰੇ 'ਤੇ ਮੁਸਕਾਨ ਰੱਖਦੇ ਹਨ। ਇਹ ਸਦੀਆਂ ਤੋਂ ਇੱਕੋ ਕਹਾਵਤ ਦੇ ਪਿੱਛੇ ਹੱਥ ਧੋ ਕੇ ਪਏ ਹਨ ਕਿ ਪਹਿਲਾਂ ਮੁਰਗੀ ਆਈ ਕਿ ਆਂਡਾ। ਜੇ ਇਹ ਸਵਾਲ ਕਿਸੇ ਸ਼ਰਾਬੀ ਨੂੰ ਪੁੱਛਿਆ ਜਾਵੇ ਤਾਂ ਉਹ ਹੱਸਦਾ ਹੋਇਆ ਕਹੇਗਾ ਕਿ ਪਹਿਲਾਂ ਬੋਤਲ ਆਈ ਫਿਰ ਮੁਰਗੀ ਤੇ ਫਿਰ ਆਂਡਾ ਤੇ ਫਿਰ ਆਇਆ ਮੈਂ।

ਜੇ ਤੁਸੀ ਓਹੀ ਮਹਾਂਪੁਰਸ਼ ਹੋ ਜਿਨ੍ਹਾਂ ਦਾ ਟਾਈਮ ਪਾਸ ਨਹੀ ਹੋ ਰਿਹਾ ਤਾਂ ਅਸੀ ਤੁਹਾਡੇ ਲਈ ਫਰੀ ਘਰੇਲੂ ਨੁਸਖੇ ਲੈ ਕੇ ਆਏ ਹਾਂ। ਇਹ ਇੰਨੇ ਕਾਰਗਰ ਹਨ ਕਿ ਇਨ੍ਹਾਂ ਸਾਹਮਣੇ ਦਾਦੀ ਮਾਂ ਦੇ ਨੁਸਖੇ ਵੀ ਬੌਣੇ ਨਜ਼ਰ ਆਉਂਦੇ ਹਨ। ਹੁਣ ਪਾਠਕ ਸੋਚ ਰਹੇ ਹੋਣਗੇ ਕਿ ਪਤਾ ਨਹੀ ਲੇਖਕ ਪਟਾਰੀ ਵਿੱਚੋਂ ਕਿਹੜਾ ਨੁਸਖਿਆਂ ਦਾ ਸੱਪ ਕੱਢਣ ਵਾਲਾ ਹੈ। ਜਿਸ ਨਾਲ ਜਲਦੀ ਹੀ ਟਾਈਮ ਪਾਸ ਹੋਣ ਵਾਲਾ ਹੈ। ਇਨ੍ਹਾਂ ਘਰੇਲੂ ਨੁਸਖਿਆਂ ਰਾਹੀ ਤੁਸੀ ਕਿਸੇ ਅਜਨਬੀ, ਡਾਕਟਰ, ਇੰਜੀਨੀਅਰ, ਸਰਕਾਰੀ ਅਫਸਰ, ਵਕੀਲ ਤੇ ਨੌਕਰੀ ਪੇਸ਼ੇ ਵਾਲੇ ਦਾ ਟਾਈਮ ਖ਼ਰਾਬ ਕਰ ਕੇ ਆਪਣਾ ਟਾਈਮ ਪਾਸ ਕਰ ਸਕਦੇ ਹੋ।

ਪਹਿਲਾ ਨੁਸਖਾ ਜੋ ਸੱਚ 'ਤੇ ਪਹਿਰਾ ਦੇਣ ਵਰਗਾ ਹੈ ਕਿਸੇ ਅਣਜਾਣ ਬੰਦੇ ਨੂੰ ਮਿਸ ਕਾਲ ਮਾਰ ਦਿਓ ਉਹ ਵਿਚਾਰਾ ਸਾਰਾ ਦਿਨ ਇਹ ਹੀ ਸੋਚਦਾ ਰਹਿੰਦਾ ਹੈ ਪਤਾ ਨਹੀ ਕਿਸ ਨੇ ਮਿਸ ਕਾਲ ਮਾਰੀ ਸੀ। ਆਖ਼ਰਕਾਰ ਸਾਰਾ ਦਿਨ ਕਾਲ ਆਉਣ ਦੀ ਉਡੀਕ ਤੋਂ ਬਾਅਦ ਉਹ ਸੋਸ਼ਲ ਮੀਡੀਆ 'ਤੇ ਸਟੇਟਸ ਪਾ ਦੇਵੇਗਾ ਕਿ ਉਸ ਨੂੰ ਅਣਜਾਣ ਨੰਬਰ ਤੋਂ 22 ਮਿਸ ਕਾਲਾਂ ਆਈਆਂ ਹਨ।

ਵੀਰੋ ਦੂਜਾ ਨੁਸਖਾ ਤਾਂ ਦੀਵਾਲੀ ਦੇ ਤਿਉਹਾਰ ਵਰਗਾ ਹੈ। ਰਾਤ ਬਰਾਤੇ ਕਿਸੇ ਘਰ ਦੀ ਡੋਰ ਬੈੱਲ ਵਜਾ ਕੇ ਭੱਜ ਜਾਓ ਤੇ ਨਾਲ ਹੀ ਭੋਲੇ ਬਣਨ ਦੀ ਕੋਸ਼ਿਸ਼ ਕਰੋ ਜਿਵੇਂ ਤੁਸੀ ਇਸ ਸ਼ਰਾਰਤ ਬਾਰੇ ਅਣਜਾਣ ਹੋ। ਅਜਿਹੀਆਂ ਮਸ਼ਕਰੀਆਂ ਨਾਲ ਤੁਹਾਡਾ ਟਾਈਮ ਪਾਸ ਹੋ ਜਾਵੇਗਾ ਪਰ ਪੀੜ੍ਹਤ ਗੁਆਂਢੀ ਸਾਰੀ ਰਾਤ ਉਸਲ ਵੱਟੇ ਲੈਂਦਾ ਰਹੇਗਾ ਸ਼ਾਇਦ ਇਹ ਸੋਚ ਕੇ ਪਤਾ ਨਹੀ ਡੋਰ ਬੈੱਲ ਕਿਸ ਨੇ ਮਾਰੀ ਸੀ। ਉਸ ਦੀ ਰਾਤ ਕਾਲੀ ਹੋਵੇਗੀ ਤੇ ਤੁਸੀ ਪਟਾਕਿਆਂ ਵਰਗਾ ਨਜ਼ਾਰਾ ਲੈਂਦੇ ਹੋਏ ਆਪਣਾ ਟਾਈਮ ਪਾਸ ਕਰ ਰਹੇ ਹੋਵੋਂਗੇ।

ਤੀਜਾ ਨੁਸਖਾ ਕਾਲੇ ਸੋਨੇ ਵਰਗਾ ਹੈ। ਕਿਸੇ ਅਣਜਾਣ ਵਿਅਕਤੀ ਨੂੰ ਸਲਿਊਟ ਮਾਰ ਦਿਓ ਉਹ ਸਾਰਾ ਦਿਨ ਘੁੰਮਣਘੇਰੀਆਂ ਵਿਚ ਪਿਆ ਹੋਇਆ ਸੋਚਦਾ ਰਹੇਗਾ ਕਿ ਇਸ ਆਦਮੀ ਨੂੰ ਕਿਤੇ ਵੇਖਿਆ ਲੱਗਦਾ ਹੈ। ਇਸ ਸੋਚ ਵਿਚਾਰ ਵਿਚ ਉਸ ਦਾ ਵੀ ਟਾਈਮ ਪਾਸ ਹੋ ਜਾਵੇਗਾ। ਇਹ ਵੀ ਦੱਸਣਾ ਜ਼ਿਕਰਯੋਗ ਹੈ ਕਿ ਟਾਈਮ ਪਾਸ ਦੀ ਯੂਨੀਅਨ ਨੇ ਸਰਬਸੰਮਤੀ ਨਾਲ ਇਹ ਮਤਾ ਪਾਸ ਕੀਤਾ ਹੈ ਕਿ ਗੱਡੀ ਆਉਣ ਤੋਂ ਪਹਿਲਾਂ ਫਾਟਕ ਖੁੱਲ੍ਹਣ ਦਾ ਇੰਤਜ਼ਾਰ ਕਮਜ਼ੋਰ ਲੋਕ ਕਰਦੇ ਹਨ ਪਰ ਆਲਸੀ ਸੁਭਾਅ ਦੇ ਮਾਲਕ ਇੰਤਜ਼ਾਰ ਕਰਨ ਦੀ ਬਜਾਏ ਮੋਟਰ ਸਾਈਕਲ ਨੂੰ ਟੇਢਾ ਕਰਕੇ ਥੱਲੋਂ ਲੰਘਾ ਕੇ ਤਿੱਤਰ ਬਿੱਤਰ ਹੋ ਜਾਂਦੇ ਹਨ। ਸ਼ਾਇਦ ਉਹ ਲੋਕਾਂ ਨੂੰ ਵਿਖਾਵਾ ਕਰਦੇ ਹਨ ਕਿ ਉਨ੍ਹਾਂ ਦਾ ਪਲ-ਪਲ ਕੀਮਤੀ ਹੈ।

*ਇਹ ਗੱਲ ਸੁਣਨ ਵਿਚ ਆਈ ਹੈ ਕਿ ਕਈ ਟਾਈਮ ਪਾਸ ਕਰਨ ਵਾਲੇ ਮਾਹਿਰ ਫੋੜੇ ਨੂੰ ਕੈਂਸਰ ਦੱਸ ਕੇ ਸਮਾਜ ਵਿਚ ਝੂਠੀਆਂ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ। ਕਈ ਮਿਸ ਕਾਲ ਮਾਰ ਕੇ ਦੂਜੇ ਨੂੰ ਰੁਝਿਆ ਕਰੀ ਰੱਖਦੇ ਹਨ...*



ਚੌਥਾ ਨੁਸਖਾ ਇਕ ਪੰਥ ਦੋ ਕਾਜ ਦੇ ਮੁਹਾਵਰੇ ਵਰਗਾ ਹੈ ਇਸ ਦਾ ਵਾਸਤਾ ਰਾਜਨੀਤੀ ਨਾਲ ਹੈ ਕਿਸੇ ਲਾਈਲੱਗ ਨੂੰ ਵੋਟਾਂ ਵਿਚ ਖੜ੍ਹਾ ਕਰ ਦਿਉ ਤੇ ਆਪ ਦੂਰ ਖੜ੍ਹੇ ਹੋ ਕੇ ਰਾਜਨੀਤੀ ਦਾ ਤਮਾਸ਼ਾ ਵੇਖਦੇ ਰਹੋ। ਚੋਣਾਂ ਦਾ ਮੈਦਾਨ ਇਕ ਅਜਿਹਾ ਅਖਾੜਾ ਹੈ ਜਿਸ ਦੇ ਸ਼ੋਰਗੁਲ ਨਾਲ ਤੁਹਾਡਾ ਵਧੀਆ ਟਾਈਮ ਪਾਸ ਹੋ ਜਾਂਦਾ ਹੈ ਨਾਲੇ ਤੁਸੀ ਰਾਜਨੀਤੀ ਦੇ ਗਲਿਆਰਿਆਂ ਦੀਆਂ ਚੁਸਤੀਆਂ ਚਲਾਕੀਆਂ ਦੇ ਮਾਹਿਰ ਹੋ ਜਾਂਦੇ ਹੋ।

ਪੰਜਵਾਂ ਨੁਸਖਾ ਸੋਨੇ 'ਤੇ ਸੁਹਾਗੇ ਵਰਗਾ ਹੈ। ਕਿਤੇ ਵੀ ਕੋਈ ਨਵੀ ਸੜਕ ਜਾਂ ਪੁੱਲ ਦਾ ਨਿਰਮਾਣ ਹੋ ਰਿਹਾ ਹੋਵੇ ਤੁਸੀ ਸਿਆਣੇ ਬਣਦੇ ਹੋਏ ਕੰਮ ਵਿਚ ਵਿਘਨ ਪਾਉਂਦੇ ਹੋਏ ਕੋਰਟ ਤੋਂ ਸਟੇਅ ਆਰਡਰ ਲੈ ਆਓ। ਇਸ ਤਰ੍ਹਾਂ ਸਰਕਾਰ ਦਾ ਕੰਮ ਰੁਕ ਜਾਣ ਨਾਲ ਤੁਸੀ ਮੁਹੱਲੇ ਦੇ ਲੀਡਰ ਬਣ ਕੇ ਟਾਈਮ ਪਾਸ ਕਰ ਰਹੇ ਹੁੰਦੇ ਹੋ।

ਛੇਵੇਂ ਨੁਸਖੇ ਵਿਚ ਕਾਮਯਾਬ ਹੋਣ ਲਈ ਤੁਹਾਨੂੰ ਸਿਰਫ਼ 10 ਰੁਪਏ ਦਾ ਪੋਸਟਲ ਆਰਡਰ ਹੀ ਕਾਫ਼ੀ ਹੈ। ਤੁਸੀ ਆਪਣੇ ਖ਼ਾਲੀ ਦਿਮਾਗ਼ ਨੂੰ ਸੂਚਨਾ ਨਾਲ ਭਰਨ ਲਈ ਸੂਚਨਾ ਐਕਟ 2005 ਦਾ ਇਸਤੇਮਾਲ ਕਰਦੇ ਹੋਏ ਸਰਕਾਰੀ ਮਹਿਕਮੇ ਦੀ ਆਰ.ਟੀ.ਆਈ. ਪਾ ਦਿਉ। ਤੁਸੀ ਵਿਹਲੇ ਹੋ ਪਰ ਮਹਿਕਮਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਵਿਚ ਵਿਅਸਤ ਹੋ ਜਾਵੇਗਾ। ਤੁਸੀ ਹਿੰਮਤੀ ਹੋ ਜੋ ਸਰਕਾਰ ਦੇ ਕੰਮਾਂ ਵਿਚ ਮੀਨ ਮੇਖ ਕੱਢਦੇ ਹੋਏ ਆਪਣਾ ਟਾਈਮ ਪਾਸ ਕਰ ਰਹੇ ਹੋ।

ਸੱਤਵਾਂ ਨੁਸਖਾ ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ ਵਰਗਾ ਹੈ। ਜੇ ਘਰ ਜੀਅ ਨਹੀ ਲੱਗ ਰਿਹਾ ਤਾਂ ਸਬਜ਼ੀ ਮੰਡੀ ਚਲੇ ਜਾਓ ਜਿੱਥੇ ਰੰਗ ਬਰੰਗੀਆਂ ਸਬਜ਼ੀਆਂ ਤੇ ਫਰੂਟ ਦੀਆਂ ਰੇਹੜੀਆਂ ਦੇਖ ਕੇ ਤੁਹਾਨੂੰ ਭੁੱਖੇ ਹੋਣ ਦਾ ਅਹਿਸਾਸ ਨਹੀ ਹੋਵੇਗਾ। ਇਨ੍ਹਾਂ ਚੀਜ਼ਾਂ ਦਾ ਭਾਅ ਪੁੱਛਦੇ ਹੋਏ ਤੁਸੀ ਵਧੀਆ ਟਾਈਮ ਪਾਸ ਕਰ ਸਕਦੇ ਹੋ।

ਅੱਠਵਾਂ ਨੁਸਖਾ ਚੌਕੀਦਾਰ ਨਾਲ ਭਾਈਵਾਲੀ ਵਰਗਾ ਹੈ ਜੇ ਤੁਹਾਨੂੰ ਰਾਤ ਨੂੰ ਨੀਂਦ ਨਹੀਂ ਆ ਰਹੀ ਤਾਂ ਕੋਈ ਗੱਲ ਨਹੀਂ। ਇਸ ਦਾ ਵੀ ਆਪਣਾ ਮਜ਼ਾ ਹੈ। ਰੇਲਵੇ ਸਟੇਸ਼ਨ 'ਤੇ ਜਾ ਕੇ ਗੱਡੀਆਂ ਦੀ ਸਮਾਂ ਸਾਰਣੀ ਪੁੱਛ ਕੇ ਤੁਸੀ ਆਪਣਾ ਟਾਈਮ ਪਾਸ ਕਰ ਸਕਦੇ ਹੋ।

ਨੌਵਾਂ ਨੁਸਖਾ ਡਾਇਰੀ 'ਤੇ ਨੋਟ ਕਰ ਲਵੋ। ਟੈਂਟ ਵਾਲਿਆਂ ਤੋਂ ਪੁੱਛ ਪੜਤਾਲ ਕਰ ਕੇ ਲੋਕਾਂ ਦੇ ਭੋਗਾਂ 'ਤੇ ਬਿਨਾਂ ਬੁਲਾਏ ਮਹਿਮਾਨ ਵਾਂਗੂ ਚਲੇ ਜਾਉ। ਇਹ ਇਕ ਅਜਿਹੀ ਥਾਂ ਹੈ ਜਿੱਥੇ ਕੋਈ ਮਾਈ ਦਾ ਲਾਲ ਤੁਹਾਡਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

ਦਸਵਾਂ ਨੁਸਖਾ ਹੋਰ ਵੀ ਦਿਲਚਸਪ ਹੈ। ਬਹੁਤ ਸਾਰੀਆਂ ਨਾਮੀ ਕੰਪਨੀਆਂ ਆਪਣੇ ਗਾਹਕਾਂ ਦੀ ਸੰਤੁਸ਼ਟੀ ਲਈ ਪ੍ਰੋਡਕਟਸ ਤੇ ਟੋਲ ਫ਼ਰੀ ਨੰਬਰ ਲਿਖਦੀਆਂ ਹਨ ਤੇ ਤੁਸੀ ਇਨ੍ਹਾਂ ਨੰਬਰਾਂ 'ਤੇ ਫਰੀ ਗੱਲਬਾਤ ਕਰ ਕੇ ਆਪਣੀ ਜ਼ਬਾਨ ਨੂੰ ਚਾਕੂ ਵਾਂਗੂ ਤਿੱਖਾ ਕਰਦੇ ਹੋਏ ਆਪਣਾ ਟਾਈਮ ਪਾਸ ਕਰ ਸਕਦੇ ਹੋ।

ਗਿਆਰਵੇਂ ਨੁਸਖੇ ਦਾ ਸਬੰਧ ਸਾਹਿਤਕਾਰਾਂ ਨਾਲ ਹੈ। ਤੁਸੀ ਉਨ੍ਹਾਂ ਦੀ ਛਪੀ ਹੋਈ ਰਚਨਾ ਦੀ ਤਾਰੀਫ਼ ਕਰ ਕੇ ਉਨ੍ਹਾਂ ਨੂੰ ਆਪਣਾ ਮੁਰੀਦ ਬਣਾ ਸਕਦੇ ਹੋ। ਤੁਸੀ ਚਲਾਕ ਹੋ ਕਿਉਂਕਿ ਤੁਸੀ ਤਾਰੀਫ਼ ਨੂੰ ਹਥਿਆਰ ਬਣਾ ਕੇ ਆਪਣਾ ਤੇ ਸਾਹਿਤਕਾਰਾਂ ਦਾ ਵਧੀਆ ਟਾਈਮ ਪਾਸ ਕਰ ਰਹੇ ਹੁੰਦੇ ਹੋ। •

# ਠੰਢੀ ਰਾਖ

ਕਹਾਣੀ



• ਰਾਜਿੰਦਰ ਸਿੰਘ ਢੱਡਾ
82849-16049

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

*ਕਹਿੰਦੇ ਨੇ ਸ਼ਰੀਕ ਮਿੱਟੀ ਦਾ ਵੀ ਮਾੜਾ ਹੁੰਦਾ ਪਰ ਇਸ ਕਹਾਣੀ ਵਿਚਲੇ ਸ਼ਰੀਕ ਤਾਂ ਧਨਾਢ ਹਨ। ਅਮੀਰ ਬੰਦਾ ਕਦੋਂ ਬਰਦਾਸ਼ਤ ਕਰਦਾ ਕਿ ਕੋਈ ਉਸ ਨੂੰ ਨਾਂਹ ਕਰੇ। ਆਪਣੀ ਜ਼ਿੱਦ ਪੁਗਾਉਣ ਅਤੇ ਜ਼ਮੀਨ ਹੜੱਪਣ ਲਈ ਉਸ ਇਕ ਮਾਸੂਮ ਦੀ ਬਲੀ ਲੈ ਲਈ...*



ਇਕ ਦਿਨ ਉਹ ਧੀ ਨੂੰ ਮਿਲਣ ਵੀ ਗਿਆ ਸੀ ਪਰ ਧੀ ਦੀ ਸੱਸ ਨੇ ਚਾਹ-ਪਾਣੀ ਪਿਲਾਉਂਦਿਆ ਕਿਹਾ 'ਭਾਜੀ ਤੁਸੀ ਥੋੜ੍ਹਾ ਲੇਟ ਹੋ ਗਏ। ਕਾਕਾ ਤੇ ਵਹੁਟੀ ਸ਼ਹਿਰ ਕੋਈ ਫਿਲਮ ਫੁਲਮ ਦੇਖਣ ਚਲੇ ਗਏ। ਮੈਂ 'ਤੇ ਕਈ ਵਾਰ ਆਖਿਆ ਜਾਹ ਜਾ ਕੇ ਆਪਣੇ ਬਾਪੂ ਨੂੰ ਮਿਲ ਆ ਅੱਗੋਂ ਇਹੋ ਜਵਾਬ ਦਿੰਦੀ ਆ ਮਾਂ ਜੀ ਸਾਰੀ ਉਮਰ ਤਾਂ ਬਾਪੂ ਪਾਸ ਹੀ ਰਹੀ ਹਾਂ ਥੋੜ੍ਹੇ ਦਿਨ ਠਹਿਰ ਕੇ ਚਲੀ ਜਾਵਾਂਗੀ।'

ਬਾਬਾ ਬਿਸ਼ਨਾ ਕੁਝ ਤਸੱਲੀ ਨਾਲ ਵਾਪਸ ਮੁੜ ਗਿਆ। ਇਹੋ ਸੋਚਕੇ ਕਿ ਧੀ ਤਾਂ ਇਥੇ ਖ਼ੁਸ਼ ਹੈ ਨਾ। ਅਗਲੇ ਹੀ ਦਿਨ ਉਹ ਆਪਣੇ ਖੇਤਾਂ ਵੱਲ ਗੇੜਾ ਮਾਰਨ ਗਿਆ। ਦੂਰੋਂ ਹੀ ਉਹ ਦੇਖਦਾ ਕਿ ਵਲੈਤੀਆਂ ਦਾ ਸਵਰਨਾ ਟਰੈਕਟਰ ਨਾਲ ਖੇਤਾਂ ਦੀ ਵਹਾਈ ਕਰ ਰਿਹਾ ਸੀ। ਬਾਬਾ ਹੈਰਾਨ ਹੁੰਦਾ ਵਗਦੇ ਟਰੈਕਟਰ ਨੂੰ ਵੇਖ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਮੈਂ ਤਾਂ ਸਵਰਨੇ ਨੂੰ ਖੇਤ ਵਾਹੁਣ ਲਈ ਕਿਹਾ ਹੀ ਨਹੀਂ ਫਿਰ ਇਹ ਆਪਣੇ ਆਪ ਮੇਰੇ ਖੇਤਾਂ ਦੀ ਵਹਾਈ ਕਿਵੇਂ ਕਰ ਰਿਹਾ ਹੈ। ਉਹ ਬੰਨ੍ਹੇ 'ਤੇ ਖੜ੍ਹਾ ਸਵਰਨੇ ਨੂੰ ਘੂਰ ਰਿਹਾ ਸੀ। ਗੇੜੇ ਲਾ ਕੇ ਵਾਪਸ ਆਉਂਦਾ ਸਵਰਨਾ ਟਰੈਕਟਰ ਰੋਕ ਕੇ ਬਾਬਾ ਬਿਸ਼ਨੇ ਪਾਸ ਆ ਕੇ ਖੜ੍ਹਾ ਹੋ ਗਿਆ।

'ਭਾਈਆ ਆਹ ਤੇਰੀ ਪੈਲੀ ਤੇਰਾ ਜੁਆਈ ਸਾਡੇ ਪਾਸ ਇਕ ਕਰੋੜ ਦੀ ਵੇਚ ਗਿਆ। ਕੱਲ੍ਹ ਹੀ ਰਜਿਸਟਰੀ ਹੋਈ ਆ। ਖੇਤਾਂ ਵਿਚ ਘਾਹ-ਪੱਠਾ ਉਗਿਆ ਹੋਇਆ ਸੀ ਮੈਂ ਸੋਚਿਆ ਚਾਰ ਗੇੜੇ ਲਾ ਹੀ ਦਿਆਂ।"

'ਪਰ ਕਾਕਾ ਇਹ ਜ਼ਮੀਨ ਮੈਂ ਤਾਂ ਆਪਣੀ ਧੀ ਸਿਮਰ ਦੇ ਨਾਂ ਕੀਤੀ ਹੋਈ ਸੀ ਫਿਰ ਮੇਰਾ ਜਵਾਈ ਇਹ ਕਿਵੇਂ ਵੇਚ ਗਿਆ।' ਬਾਬੇ ਬਿਸ਼ਨੇ ਨੇ ਹੈਰਾਨ ਹੁੰਦੇ ਹੋਏ ਨੇ ਪੁੱਛਿਆ।

'ਭਾਈਆ ਤੂੰ ਆਪਣੀ ਕੁੜੀ ਦਾ ਤਾਂ ਵਿਆਹ ਕਰ ਹੀ ਦਿੱਤਾ। ਹੁਣ ਤੇਰੀ ਕੁੜੀ ਵੀ ਹੋ ਗਈ ਸਹੁਰਿਆਂ ਦੀ ਤੇ ਤੇਰੀ ਜ਼ਮੀਨ ਜੋ ਤੇਰੀ ਕੁੜੀ ਦੇ ਨਾਂ 'ਤੇ ਹੈ ਉਹ ਵੀ ਹੋ ਗਈ ਉਹਦੇ ਸਹੁਰਿਆਂ ਦੀ।' ਇਹ ਸੁਣਕੇ ਬਾਬੇ ਨੂੰ ਗੁੱਸਾ ਚੜ੍ਹ ਗਿਆ।

'ਉਨ੍ਹਾਂ ਦੀ ਇੰਨੀ ਹਿੰਮਤ ਕਿ ਉਹ ਮੈਨੂੰ ਪੁੱਛੇ ਤੋਂ ਬਿਨਾਂ ਹੀ ਜ਼ਮੀਨ ਵੇਚ ਦੇਣ।'

'ਭਾਈਆ ਸਿਆਂ ਥੋੜ੍ਹੀ ਠੰਢ ਰੱਖ। ਗੁੱਸਾ ਕੀਤਿਆਂ ਹੁਣ ਕੁਝ ਨੀ ਬਣਨਾ, ਕੁਝ ਗੱਲਾਂ ਦੱਸਕੇ ਨਹੀ ਕੀਤੀਆਂ ਜਾਂਦੀਆਂ ਉਹ ਅੰਦਰੋਂ ਅੰਦਰੀ ਸਕੀਮਾਂ ਬਣਾਕੇ ਹੀ ਕੀਤੀਆਂ ਜਾਂਦੀਆਂ।' ਸਵਰਨੇ ਦੇ ਬੁੱਲ੍ਹਾਂ 'ਤੇ ਖਚਰੀ ਜਿਹੀ ਮੁਸਕਾਨ ਬਾਬੇ ਨੇ ਵੇਖੀ।

'ਕੀ ਮਤਲਬ ਆ ਤੇਰਾ?' ਬਾਬੇ ਨੇ ਹੈਰਾਨ ਹੁੰਦਿਆਂ ਪੁੱਛਿਆ।

'ਭਾਈਆ ਤੂੰ ਚੰਗੀ ਤਰ੍ਹਾਂ ਜਾਣਦੈਂ ਆਹ ਤੇਰੇ ਇਕ ਕਨਾਲ ਥਾਂ ਤੋਂ ਅੱਗੇ ਸਾਡੀ ਪੈਲੀ ਲੱਗਦੀ ਆ। ਅਸੀਂ ਤੈਥੋਂ ਆਪਣੀ ਪੈਲੀ ਤਕ ਜਾਣ ਲਈ ਰਸਤਾ ਮੰਗਿਆ ਸੀ ਪਰ ਤੂੰ ਇੱਟ ਅਰਗਾ ਜਵਾਬ ਦਿੱਤਾ ਸੀ। ਸਾਨੂੰ ਆਪਣੀ ਜ਼ਮੀਨ ਤਕ ਜਾਣ ਲਈ ਕੋਈ ਦੋ ਕੋਹ ਦਾ ਪੈਂਡਾ ਤਹਿ ਕਰਨਾ ਪੈਂਦਾ ਸੀ। ਤੂੰ ਤਾਂ ਉਦੋਂ ਦਾ ਹੀ ਸਾਡੀਆਂ ਅੱਖਾਂ ਵਿਚ ਰੜਕਦਾ ਸੀ। ਅਸੀਂ ਆਪਣੇ ਗੁੱਸੇ ਨੂੰ ਅੰਦਰੋਂ ਅੰਦਰ ਹੀ ਪੀ ਲਿਆ ਤੇ ਅਸੀਂ ਇਸ ਬਾਰੇ ਤੈਨੂੰ ਕਦੇ ਵੀ ਚਿਤਾਰਿਆ ਨਹੀ ਸੀ।' ਬਾਬਾ ਬਿਸ਼ਨਾ ਹੈਰਾਨ ਹੁੰਦਾ ਸਵਰਨੇ ਦੇ ਮੂੰਹ ਵੱਲ ਵੇਖ ਰਿਹਾ ਸੀ।

'ਅਸੀਂ ਆਪਣੀ ਕਿੜ ਤੇਰੀ ਕੁੜੀ ਨੂੰ ਵਿਆਹ ਕੇ ਕੱਢ ਲਈ।'

'ਮੇਰੀ ਕੁੜੀ ਦੇ ਵਿਆਹ ਦਾ ਤੁਹਾਡੀ ਕਿੜ ਨਾਲ ਕੀ ਸਬੰਧ।'

'ਕਿਸੇ ਨੂੰ ਅੱਜ ਤਕ ਨਹੀਂ ਪਤਾ ਕਿ ਤੇਰੀ ਕੁੜੀ ਦਾ ਵਿਆਹ ਸਾਡੀ ਹੀ ਸਕੀਮ ਨਾਲ ਹੋਇਆ।'

'ਉਹ ਕਿਵੇਂ?'

'ਉਹ ਬੁੜੀ ਜੋ ਇਸੇ ਪਿੰਡ ਦੀ ਭੂਆ ਭਾਬਾ ਲੱਗਦੀ ਆ ਉਹ ਦੂਰੋਂ ਨੇੜਿਓਂ ਸਾਡੀ ਵੀ ਰਿਸ਼ਤੇਦਾਰ ਲੱਗਦੀ ਆ ਅਤੇ ਉਨ੍ਹਾਂ ਏਜੰਟਾਂ ਦੀ ਵੀ ਰਿਸ਼ਤੇਦਾਰ ਆ। ਉਸ ਨੂੰ ਅਸੀਂ ਹੀ ਤੇਰੀ ਕੁੜੀ ਦੇ ਰਿਸ਼ਤੇ ਲਈ ਤੇਰੇ ਪਾਸ ਭੇਜਿਆ ਸੀ। ਇਸ ਜ਼ਮੀਨ ਦੀ ਖਾਤਰ ਅਸੀਂ ਉਸ ਬੁੜੀ ਨੂੰ ਪਟਾ ਲਿਆ ਸੀ। ਸਾਨੂੰ ਪਤਾ ਸੀ ਕਿ ਇਹ ਜ਼ਮੀਨ ਸਿਮਰ ਦੇ ਨਾਂ 'ਤੇ ਹੈ। ਸਾਡੀ ਹੀ ਸਕੀਮ ਅਨੁਸਾਰ ਸਿਮਰ ਏਜੰਟਾਂ ਦੇ ਮੁੰਡੇ ਨਾਲ ਵਿਆਹੀ ਗਈ। ਭਾਈਆ ਸਾਨੂੰ ਪਤਾ ਸੀ ਤੂੰ ਇਕ ਸ਼ਰੀਫ ਤੇ ਸਿੱਧਾ ਸਾਦਾ ਬੰਦਾ ਆਂ। ਉਹੀ ਗੱਲ ਹੋਈ ਤੂੰ ਉਨ੍ਹਾਂ ਬਾਰੇ ਕੋਈ ਪੁੱਛ-ਪੜਤਾਲ ਨਹੀਂ ਕੀਤੀ। ਤੂੰ ਉਸ ਬੁੜੀ ਦੀਆਂ ਮੋਮੋਠਗਣੀਆਂ ਗੱਲਾਂ ਵਿਚ ਫਸ ਗਿਆ ਤੇ ਆਪਣੀ ਕੁੜੀ ਨੂੰ ਵਿਆਹ ਦਿੱਤਾ। ਸਾਨੂੰ ਪਤਾ ਸੀ ਵਿਆਹ ਤੋਂ ਬਾਅਦ ਉਨ੍ਹਾਂ ਧੱਕੇ ਨਾਲ ਇਹ ਪੈਲੀ ਵੇਚਣੀ ਆ ਤੇ ਅਸੀਂ ਇਹ ਪੈਲੀ ਲੈਣੀ ਆ। ਬਸ ਚੜ੍ਹ ਗਈ ਸਕੀਮ ਸਾਡੀ ਸਿਰੇ।'

ਇਹ ਸੁਣ ਬਾਬੇ ਬਿਸ਼ਨੇ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਹੀ ਰਹਿ ਗਈਆਂ। ਉਹ ਬੁੱਤ ਬਣਿਆ ਸਵਰਨੇ ਦੇ ਮੂੰਹ ਵੱਲ ਵੇਖਦਾ ਹੀ ਰਹਿ ਗਿਆ। ਸਵਰਨਾ ਆਪਣੇ ਪੈਰਾਂ ਦੀ ਜੁੱਤੀ ਦੀ ਮਿੱਟੀ ਝਾੜਦਾ ਫਿਰ ਟਰੈਕਟਰ 'ਤੇ ਜਾ ਬੈਠਾ। ਡੌਰ-ਭੌਰ ਹੋਏ ਬਾਬੇ ਨੂੰ ਲੱਗ ਰਿਹਾ ਸੀ ਉਸਦੀ ਜ਼ਿੰਦਗੀ ਤਾਂ ਸਵਰਨੇ ਦੀ ਝੜੀ ਹੋਈ ਜੁੱਤੀ ਦੀ ਮਿੱਟੀ ਤੋਂ ਵੀ ਹੌਲੀ ਹੋ ਗਈ ਹੋਵੇ। ਟਰੈਕਟਰ ਫਿਰ ਬਾਬੇ ਦੇ ਖੇਤਾਂ ਵਿਚ ਧੂੜ ਉਡਾਉਣ ਲੱਗਾ ਜੋ ਹੁਣ ਪਰਾਏ ਹੋ ਚੁੱਕੇ ਸਨ। ਬਾਬੇ ਬਿਸ਼ਨੇ ਦਾ ਖ਼ੂਨ ਖ਼ੁਸ਼ਕ ਹੁੰਦਾ ਜਾ ਰਿਹਾ ਸੀ। ਉਸ ਨੂੰ ਹਨੇਰਾ ਹੀ ਹਨੇਰਾ ਦਿਖਾਈ ਦੇਣ ਲੱਗਾ। ਸਵਰਨੇ ਦੇ ਬੋਲਾਂ ਨੇ ਬਾਬੇ ਦਾ ਸੀਨਾ ਛਲਣੀ ਕਰ ਦਿੱਤਾ। ਉਸ ਤੋਂ ਖੜ੍ਹਾ ਨਹੀਂ ਹੋ ਰਿਹਾ ਸੀ। ਉਸ ਨੂੰ ਚੱਕਰ ਆਉਣ ਲੱਗੇ। ਉਹ ਡਿੱਗਦਾ-ਡਿੱਗਦਾ ਮਸਾਂ ਹੀ ਬਚਿਆ। ਉਸ ਦੀਆਂ ਅੱਖਾਂ ਵਿੱਚੋਂ ਤ੍ਰਿਪ-ਤ੍ਰਿਪ ਹੰਝੂ ਕਿਰਨ ਲੱਗੇ। ਸਵਰਨੇ ਦੇ ਬੋਲ ਹਥੌੜੇ ਵਾਂਗ ਉਸਦੇ ਸਿਰ 'ਚ ਵੱਜਣ ਲੱਗੇ। ਉਹ ਲੜਖੜਾਉਂਦਾ ਆਪਣੇ ਘਰ ਵੱਲ ਮੁੜ ਗਿਆ। ਏਡਾ ਵੱਡਾ ਧੋਖਾ, ਇੰਨੇ ਕਮੀਨੇ ਲੋਕ, ਜਿਨ੍ਹਾਂ ਜ਼ਮੀਨ ਦੀ ਖਾਤਰ ਮੇਰੀ ਧੀ ਦੀ ਬਲੀ ਦੇ ਦਿੱਤੀ। ਹੁਣ ਮੈਂ ਕਿੱਥੇ ਜਾਵਾਂ ਕੀ ਕਰਾਂ। ਇਉਂ ਸੋਚਦਾ-ਸੋਚਦਾ, ਡਿੱਗਦਾ-ਢਹਿੰਦਾ ਉਹ ਘਰ ਪਹੁੰਚ ਗਿਆ। ਸਿਰ ਫੜ੍ਹ ਕੇ ਉਹ ਮੰਜੀ 'ਤੇ ਬੈਠ ਗਿਆ। ਤਪਦੇ ਹਿਰਦੇ ਨੂੰ ਅੱਖਾਂ ਦਾ ਨੀਰ ਵੀ ਠੰਢਾ ਨਹੀਂ ਕਰ ਰਿਹਾ ਸੀ। ਕੋਈ ਭਾਈ ਭਤੀਜਾ ਵੀ ਨਹੀਂ ਸੀ। ਜਿਸ ਨਾਲ ਉਹ ਆਪਣਾ ਦੁੱਖ ਵੰਡਾ ਸਕਦਾ। ਅੱਜ ਬਾਬੇ ਨੂੰ ਆਪਣੇ ਘਰ ਤੋਂ ਡਰ ਮਹਿਸੂਸ ਹੋਣ ਲੱਗਾ। ਕਾਫੀ ਚਿਰਾਂ ਤੋਂ ਧੀ ਦੀ ਵੀ ਕੋਈ ਖ਼ਬਰ ਸੁਰਤ ਨਹੀਂ ਆਈ ਸੀ। ਉਹ ਧੀ ਦੇ ਘਰ ਗਿਆ ਵੀ ਸੀ ਪਰ ਸਿਮਰ ਦੀ ਸੱਸ ਨੇ ਮੋਮੋਠਗਣੀਆਂ ਗੱਲਾਂ ਕਰਕੇ ਉਸ ਨੂੰ ਧੀ ਨਾਲ ਮਿਲਣ ਨਹੀਂ ਦਿੱਤਾ ਸੀ। ਵਿਆਹ ਕੇ ਧੀ ਤਾਂ ਬੇਗਾਨੀ ਹੋਣੀ ਸੀ ਅੱਜ ਉਸ ਦੀ ਜ਼ਮੀਨ ਵੀ ਬੇਗਾਨੀ ਹੋ ਗਈ ਸੀ। ਸਰੀਰ ਵਿਚ ਸੱਤਿਆ ਖ਼ਤਮ ਹੁੰਦੀ ਜਾ ਰਹੀ ਸੀ। ਧੀ ਬਾਰੇ ਬੁਰੇ-ਬੁਰੇ ਖ਼ਿਆਲਾਂ ਨਾਲ ਉਹ ਪਾਗ਼ਲ ਹੁੰਦਾ ਜਾ ਰਿਹਾ ਸੀ। ਤੜਕਸਾਰ ਨੀਂਦ ਦਾ ਝੋਂਕਾ ਆਇਆ। ਗੁਰਦੁਆਰੇ ਦੇ ਭਾਈ ਦੇ ਪਾਠ ਦੀ ਆਵਾਜ਼ ਨਾਲ ਫਿਰ ਉਸ ਦੀਆਂ ਅੱਖਾਂ ਖੁੱਲ੍ਹ ਗਈਆਂ। ਹੌਲੀ-ਹੌਲੀ ਹਨੇਰਾ ਘੱਟਦਾ ਜਾ ਰਿਹਾ ਸੀ ਤੇ ਚਾਨਣ ਨੇ ਵੀ ਦਸਤਕ ਦੇਣੀ ਸ਼ੁਰੂ ਕਰ ਦਿੱਤੀ ਸੀ। ਬੈਠੇ-ਬੈਠੇ ਉਸਦੀ ਸੋਚਾਂ ਦੀ ਲੜੀ ਪਿੱਛੇ ਘੁੰਮ ਗਈ। ਜਦ ਮੰਗਣੀ ਤੋਂ ਕੁਝ ਦਿਨ ਪਹਿਲਾਂ ਭੂਆ ਵਿਚੋਲਣ ਘਰ ਆਈ ਤੇ ਕਹਿਣ ਲੱਗੀ,'ਦੇਖੀਂ ਭਰਾ ਮੰਗਣੀ ਵਿਚ ਕੋਈ ਕਸਰ ਬਾਕੀ ਨਾ ਰਹੇ ਆਂਢ-ਗੁਆਂਢ, ਰਿਸ਼ਤੇਦਾਰ, ਸੰਗੀ ਸਾਥੀ, ਸਭ ਉੱਥੇ ਇਕੱਠੇ ਹੋਏ ਹੋਣੇ ਆ ਇਕ ਵਾਰ ਪਤਾ ਲੱਗ ਜਾਏ ਉਨ੍ਹਾਂ ਨੂੰ ਕਿ ਕੁੜੀ ਵਾਲੇ ਵੀ ਕੋਈ ਮਾੜੇ-ਧੀੜੇ ਨੀ, ਠੋਕ-ਵਜਾ ਕੇ ਮੰਗਣੀ ਕਰਨੀ ਆਂ। ਐਂ ਕਰੀ ਮੁੰਡੇ ਲਈ ਤੋਲੇ ਦਾ ਕੜਾ, ਮੁੰਡੇ ਦੇ ਪਿਉ ਲਈ ਮੁੰਦੀ ਉਹ ਅੱਧੇ ਤੋਲੇ ਤੋਂ ਘੱਟ ਨਾ ਹੋਵੇ, ਮਾਂ ਤੇ ਧੀ ਲਈ ਵਧੀਆ ਸੂਟ ਹੋਣੇ ਚਹੀਦੇ ਆ। ਮੈਂ ਕੁਝ ਨੀ ਮੰਗਦੀ ਵਿਆਹ ਵੇਲੇ ਜੋ ਮਰਜ਼ੀ ਦੇ ਦੇਵੀਂ।' ਮੰਗਣੀ ਵਾਲੇ ਦਿਨ ਕੁੜੀ ਦੇ ਮਾਮੇ ਅਤੇ ਹੋਰ ਰਿਸ਼ਤੇਦਾਰਾਂ ਨੂੰ ਲੈ ਕੇ ਬਾਬਾ ਏਜੰਟਾਂ ਦੇ ਘਰ ਪਹੁੰਚ ਗਿਆ। ਛੁਆਰਾ ਮੂੰਹ ਲਾਉਣ ਤੋਂ ਬਾਅਦ ਬਾਬੇ ਨੇ ਇਕਵੰਜਾ ਸੌ ਰੁਪਇਆ ਤੇ ਕੜਾ ਮੁੰਡੇ ਦੀ ਝੋਲੀ ਪਾ ਦਿੱਤਾ। ਉਸੀ ਵਕਤ ਮੁੰਡੇ ਦਾ ਪਿਉ ਖੜ੍ਹਾ ਹੋ ਗਿਆ। ਉਸਨੇ ਮੁੰਡੇ ਦੀ ਝੋਲੀ ਵਿੱਚੋਂ ਸਿਰਫ਼ ਸੌ ਰੁਪਇਆ ਰੱਖਕੇ ਬਾਕੀ ਸਾਰੇ ਪੈਸੇ ਤੇ ਕੜਾ ਬਾਬੇ ਨੂੰ ਵਾਪਸ ਕਰ ਦਿੱਤਾ ਤੇ ਹੱਥ ਜੋੜ ਕੇ ਕਹਿਣ ਲੱਗਾ,'ਭਾਈ ਸਾਬ ਸਾਡੇ ਘਰੇ ਰੱਬ ਨੇ ਬਹੁਤ ਕੁਝ ਦਿੱਤਾ ਹੋਇਆ ਹੈ ਅਸੀਂ ਰਸਮ ਮੁਜਬ ਸੌ ਰੁਪਈਆ ਰੱਖ ਲਿਆ ਬਾਕੀ ਸਾਨੂੰ ਕੁਝ ਨਹੀਂ ਚਾਹੀਦਾ। ਵਿਆਹ ਵੀ ਅਸੀਂ ਸਾਦੇ ਢੰਗ ਨਾਲ ਕਰਾਂਗੇ। ਸਿਰਫ਼ ਤਿੰਨਾਂ ਕੱਪੜਿਆਂ ਵਿਚ ਕੁੜੀ ਨੂੰ ਲੈ ਕੇ ਆਵਾਂਗੇ, ਇਹੀ ਮੇਰੀ ਬੇਨਤੀ ਆ।'

ਫਿਰ ਬਾਬਾ ਸੋਚਣ ਲੱਗਾ ਕਿਸ ਤਰ੍ਹਾਂ ਸਾਰਿਆਂ ਸਾਹਮਣੇ ਉਨ੍ਹਾਂ ਬਿਨਾਂ ਲਾਲਚ ਤੋਂ ਸਾਦੇ ਹੋਣ ਦਾ ਪਰਪੰਚ ਕੀਤਾ ਸੀ। ਉਸ ਦੀਆਂ ਸੋਚਾਂ ਦੀ ਲੜੀ ਉਦੋਂ ਟੁੱਟੀ ਜਦ ਗੁਆਂਢੀਆਂ ਦੇ ਮੁੰਡੇ ਸ਼ਿੰਦੇ ਨੇ ਉਸ ਨੂੰ ਮੋਢੇ ਤੋਂ ਫੜ ਕੇ ਕਿਹਾ,'ਬਾਬਾ ਆਹ ਭੈਣ ਸਿਮਰ ਦਾ ਰੁਕਾ ਕੋਈ ਸ਼ਾਮੀ ਘਰੇ ਦੇ ਗਿਆ ਸੀ ਉਸ ਵੇਲੇ ਤੁਸੀਂ ਘਰ ਨਹੀਂ ਸੀ। ਬਾਬਾ ਜੀ ਮੈਂ ਉਸੇ ਵੇਲੇ ਹੀ ਇਸ ਦੀ ਇਕ ਫੋਟੋ ਸਟੇਟ ਕਾਪੀ ਕਰਵਾ ਲਿਆ ਹਾਂ। ਬਾਬੇ ਨੇ ਹਾਬੜਿਆਂ ਵਾਂਗ ਉਸ ਰੁੱਕੇ ਨੂੰ ਫੜਿਆ ਪਰ ਉਸ ਨੂੰ ਪੜ੍ਹਨਾ ਤਾਂ ਆਉਂਦਾ ਹੀ ਨਹੀਂ ਸੀ ਉਸ ਨੇ ਮੁੰਡੇ ਨੂੰ ਰੁੱਕਾ ਪੜ੍ਹਨ ਲਈ ਕਿਹਾ। ਮੁੰਡਾ ਰੁੱਕਾ ਪੜ੍ਹਨ ਲੱਗਾ, 'ਸਾਸਰੀਕਾਲ ਬਾਪੂ ਤੂੰ ਸੋਚਿਆ ਹੋਵੇਗਾ ਕਿ ਮੈਂ ਤੈਨੂੰ ਭੁੱਲ ਚੁੱਕੀ ਹੋਵਾਂਗੀ ਪਰ ਮੈਂ ਬਾਪੂ ਤੈਨੂੰ ਕਿਵੇਂ ਭੁੱਲ ਸਕਦੀ ਹਾਂ। ਤੂੰ ਮੈਨੂੰ ਦੱਸਦਾ ਹੁੰਦਾ ਸੀ ਕਿ ਤੇਰੀ ਮਾਂ ਤਾਂ ਤੈਨੂੰ ਜਨਮ ਦੇ ਕੇ ਰੱਬ ਨੂੰ ਪਿਆਰੀ ਹੋ ਗਈ ਸੀ। ਇਕ ਫੁੱਲ ਅਰਗੀ ਬੱਚੀ ਨੂੰ ਤੂੰ ਕਿਵੇਂ ਦੁੱਖ ਝੱਲ ਕੇ ਪਾਲਿਆ ਹੋਵੇਗਾ। ਮੈਂ ਹੁਣ ਮਹਿਸੂਸ ਕਰਦੀ ਹਾਂ। ਬਾਪੂ ਤੂੰ ਤਾਂ ਹਰ ਵੇਲੇ ਮੈਨੂੰ ਆਪਣੀਆਂ ਅੱਖਾਂ ਅੱਗੇ ਰੱਖਦਾ ਸੀ। ਬਾਪੂ ਮੈਨੂੰ ਆਪਣੇ ਮੋਢੇ 'ਤੇ ਬਹਾ ਕੇ ਤੂੰ ਕਿੰਨਾ-ਕਿੰਨਾ ਚਿਰ ਹਲ ਵਾਹੁੰਦਾ ਹੁੰਦਾ ਸੀ ਤੇ ਮੈਂ ਤੇਰੇ ਮੋਢੇ 'ਤੇ ਹੀ ਸੌਂ ਜਾਂਦੀ ਸਾਂ। ਇਹ ਸਭ ਤੂੰ ਮੈਨੂੰ ਦੱਸਦਾ ਹੁੰਦਾ ਸੀ ਤੇ ਫਿਰ ਤੂੰ ਮੈਨੂੰ ਅੱਗੋਂ ਵੱਡੇ ਸਕੂਲ 'ਚ ਪੜ੍ਹਨ ਨਹੀਂ ਦਿੱਤਾ। ਤੂੰ ਮੈਨੂੰ ਆਪਣੀਆਂ ਅੱਖਾਂ ਤੋਂ ਓਹਲੇ ਹੋਣ ਹੀ ਨਹੀਂ ਦਿੰਦਾ ਸੀ। ਬਾਪੂ ਇਕ ਰੱਬ ਤਾਂ ਉੱਪਰ ਬੈਠਾ ਹੋਇਆ ਪਰ ਇਥੇ ਤਾਂ ਤੂੰ ਹੀ ਮੇਰਾ ਰੱਬ ਸੀ। ਤੂੰ ਮੇਰੀ ਮਾਂ ਸੀ ਤੇ ਤੂੰ ਹੀ ਮੇਰਾ ਪਿਉ ਸੀ। ਬਾਪੂ ਮੈਂ ਤਾਂ ਉਡਕੇ ਤੇਰੇ ਪਾਸ ਆਉਣਾ ਚਾਹੁੰਦੀ ਹਾਂ। ਪਰ ਇਨ੍ਹੀਂ ਤਾਂ ਮੇਰੇ ਖੰਭ ਹੀ ਕੁਤਰ ਦਿੱਤੇ ਨੇ। ਮੈਂ ਦੌੜ ਕੇ ਕਿਵੇਂ ਆਵਾਂ। ਮੈਂ ਤਾਂ ਕਮਰੇ ਅੰਦਰ ਬੰਦ ਹਾਂ। ਦੇਖ ਬਾਪੂ ਮੈਂ ਕਿੰਨੀ ਖ਼ੁਸ਼ ਹਾਂ ਜਿਵੇਂ ਪਿੰਜਰੇ ਅੰਦਰ ਪੰਛੀ।

ਬਾਪੂ ਮੈਂ ਤੈਨੂੰ ਇਹ ਅੱਖਰ ਲਿਖ ਰਹੀ ਹਾਂ ਇਹ ਮੈਂ ਕਰਮੀ ਨੂੰ ਦੇ ਦਿਆਂਗੀ ਜੋ ਇਥੇ ਸਾਫ਼-ਸਫ਼ਾਈ ਕਰਦੀ ਹੈ। ਇਕ ਉਹੀ ਇੱਥੇ ਮੇਰੀ ਹਮਦਰਦਨ ਹੈ। ਡਰ ਲੱਗਦਾ ਅਗਰ ਇਹ ਇਨ੍ਹਾਂ ਦੇ ਹੱਥ ਲੱਗ ਗਿਆ ਤਾਂ ਇਹ ਮੇਰੀ ਆਖਰੀ ਰਾਤ ਹੋਵੇਗੀ। ਬਾਪੂ ਜਦ ਵਿਆਹ ਤੋਂ ਬਾਅਦ ਤੈਨੂੰ ਮਿਲਣ ਆਈ ਸੀ ਤਾਂ ਮੈਂ ਕਿੰਨਾ ਚਿਰ ਤੇਰੇ ਸੀਨੇ ਲੱਗਕੇ ਰੋਂਦੀ ਰਹੀ ਸੀ। ਮੇਰੀ ਮਾਂ ਹੁੰਦੀ ਤਾਂ ਉਹ ਮੇਰੀ ਸ਼ਕਲ ਵੇਖਕੇ ਹੀ ਸਮਝ ਜਾਂਦੀ ਕਿ ਇਹ ਹੰਝੂ ਖ਼ੁਸ਼ੀ ਦੇ ਹਨ ਜਾਂ ਗ਼ਮੀ ਦੇ। ਬਸ ਬਾਪੂ ਪੱਥਰ ਸੀਨੇ 'ਤੇ ਰੱਖ ਕੇ ਮੈਂ ਜੀ ਰਹੀ ਹਾਂ। ਤੈਥੋਂ ਕਾਹਦਾ ਲੁਕਾ, ਤੂੰ ਹੀ ਮੇਰੀ ਮਾਂ ਹੈ ਤੇ ਤੂੰ ਹੀ ਬਾਪ। ਬਾਪੂ ਤੇਰੀ ਧੀ ਵਿਆਹੀ ਹੋਈ ਅੱਜ ਵੀ ਕੁਆਰੀ ਹੈ। ਤੇਰੇ ਜਵਾਈ ਨੂੰ ਕੋਈ ਭੈੜੀ ਜਿਹੀ ਬਿਮਾਰੀ ਲੱਗੀ ਹੋਈ ਹੈ। ਕਰਮੀ ਨੇ ਮੈਨੂੰ ਸਭ ਦੱਸ ਦਿੱਤਾ ਕਿ ਕਿਸ ਤਰ੍ਹਾਂ ਸ਼ਹਿਰ ਗੰਦੀਆਂ ਜਨਾਨੀਆਂ ਕੋਲ ਜਾ ਕੇ ਉਸ ਨੂੰ ਇਹ ਬਿਮਾਰੀ ਲੱਗੀ ਹੈ। ਜਦ ਵੀ ਉਹ ਬੈਡ 'ਤੇ ਆ ਕੇ ਸ਼ਰਾਬੀ ਹੋਇਆ ਮੇਰੇ ਪਾਸ ਪੈ ਜਾਂਦਾ ਤਾਂ ਇਕ ਅਜੀਬ ਜਿਹੀ ਦਵਾਈ ਦੀ ਹਵਾੜ ਨਾਲ ਸਾਰਾ ਕਮਰਾ ਬਦਬੂ ਮਾਰਦਾ। ਹਰ ਰਾਤ ਇਥੇ ਮੇਰੀ ਮੌਤ ਹੁੰਦੀ ਆ। ਉਸ ਤੋਂ ਆਉਂਦੀ ਬਦਬੂ ਅਤੇ ਉਸ ਦੇ ਘਰਾੜਿਆਂ ਨੇ ਮੇਰੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ। ਅੱਜ ਮੈਨੂੰ ਕਰਮੀ ਨੇ ਦੱਸਿਆ ਕਿ ਇਨ੍ਹਾਂ ਨੇ ਮੇਰੀ ਹੀ ਜ਼ਮੀਨ ਸਾਡੇ ਹੀ ਪਿੰਡ ਦੇ ਸਵਰਨੇ ਨੂੰ ਇਕ ਕਰੋੜ ਦੀ ਵੇਚ ਦਿੱਤੀ ਹੈ। ਬਾਪੂ ਮੈਂ ਤਾਂ ਪੜ੍ਹੀ-ਲਿਖੀ ਹੈ ਨੀ ਪਤਾ ਮੇਰੀ ਜਗ੍ਹਾ ਮੇਰੀ ਨਨਾਣ ਨੂੰ ਹੀ ਖੜ੍ਹੀ ਕਰ ਦਿੱਤਾ ਹੋਣਾ ਰਜਿਸਟਰੀ ਕਰਵਾਉਣ ਨੂੰ। ਜਦੋਂ ਤੂੰ ਜ਼ਮੀਨ ਮੇਰੇ ਨਾਂ ਕੀਤੀ ਸੀ ਸ਼ਹਿਰ ਤਹਿਸੀਲਦਾਰ ਦੇ ਤੇਰੀ ਮੇਰੀ, ਲੰਬੜਦਾਰ ਤੇ ਦੋ ਗਵਾਹਾਂ ਦੀ ਫੋਟੋ ਹੋਈ ਸੀ। ਪਰ ਇੱਥੇ ਤਾਂ ਫੋਟੋ-ਫੂਟੋ ਹੀ ਨਹੀਂ ਹੋਈ। ਬਾਕੀ ਬਾਪੂ ਸ਼ਾਇਦ ਇਹ ਮੈਨੂੰ ਮਾਰਨ ਦੀਆਂ ਸਕੀਮਾਂ ਘੜਦੇ ਰਹਿੰਦੇ ਆ ਕਿ ਅਗਰ ਸਿਮਰ ਜੀਂਦੀ ਰਹੀ ਤਾਂ ਇਹ ਜ਼ਮੀਨ ਸਬੰਧੀ ਕਿਸੇ ਕੋਲ ਗੱਲ ਨਾ ਕਰ ਦੇਵੇ।'

ਰੁੱਕਾ ਪੜ੍ਹ ਰਹੇ ਮੁੰਡੇ ਦੀਆਂ ਅੱਖਾਂ ਵੀ ਗਿੱਲੀਆਂ ਹੋ ਗਈਆਂ। ਉਸਨੇ ਹੱਥਾਂ ਨਾਲ ਆਪਣੀਆਂ ਅੱਖਾਂ ਸਾਫ਼ ਕੀਤੀਆਂ।

'ਪੁੱਤ ਪੜ੍ਹ ... ਅੱਗੇ ਪੜ੍ਹ।" ਮੁੰਡੇ ਨੇ ਫਿਰ ਪੜ੍ਹਨਾ ਸ਼ੁਰੂ ਕੀਤਾ, 'ਹੋਰ ਸੁਣ ਬਾਪੂ ਮੇਰੀ ਨਨਾਣ ਕਾਲਜ ਵਿਚ ਪੜ੍ਹਦੀ ਆ। ਇਕ ਰਾਤ ਮੈਨੂੰ ਨੀਂਦ ਨਹੀਂ ਆ ਰਹੀ ਸੀ। ਰਾਤ ਤਾਂ ਅਕਸਰ ਮੇਰੀ ਜਾਗ ਕੇ ਹੀ ਨਿਕਲਦੀ ਹੈ। ਕਮਰੇ ਵਿਚ ਤਾਂ ਮੇਰਾ ਸਾਹ ਘੁੱਟ ਹੋਣ ਲੱਗ ਪੈਂਦਾ। ਉਸ ਰਾਤ ਮੈਂ ਥੋੜ੍ਹੀ ਠੰਢੀ ਹਵਾ ਵਿਚ ਸਾਹ ਲੈਣ ਲਈ ਬਾਹਰ ਨਿਕਲੀ ਤਾਂ ਮੈਂ ਦੇਖਿਆ ਤਾਂ ਘਰ ਵਿਚ ਲੱਗੇ ਹੋਏ ਨਿੰਬੂਆਂ ਦੇ ਬੂਟੇ ਪਿੱਛੇ ਮੈਨੂੰ ਕੋਈ ਹਿੱਲ-ਜੁੱਲ ਜਿਹੀ ਮਹਿਸੂਸ ਹੋਈ। ਮੈਂ ਅੱਗੇ ਜਾ ਕੇ ਦੇਖਣ ਲੱਗੀ ਤਾਂ ਮੇਰੀ ਨਨਾਣ ਨਾਲ ਇਕ ਮੁੰਡਾ ਲਿਪਟਿਆ ਹੋਇਆ ਸੀ। ਮੈਨੂੰ ਦੇਖ ਕੇ ਕੰਧ ਟੱਪ ਕੇ ਦੌੜ ਗਿਆ। ਮੈਨੂੰ ਲਾਗੇ ਖੜ੍ਹੀ ਦੇਖ ਮੇਰੀ ਨਨਾਣ ਘਬਰਾ ਗਈ। ਉਹ ਹੱਥ ਜੋੜਦੀ ਮੇਰੇ ਪਾਸ ਆਈ ਤਾਂ ਅਚਾਨਕ ਉਸ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਭਾਬੀ ਨੂੰ ਕੋਈ ਆਦਮੀ ਮਿਲਣ ਆਇਆ ਹੋਇਆ ਸੀ ਤੇ ਮੈਨੂੰ ਦੇਖ ਕੇ ਉਹ ਕੰਧ ਟੱਪ ਕੇ ਦੌੜ ਗਿਆ। ਇਸ ਕੋਰੇ ਝੂਠ ਨੂੰ ਸੁਣ ਕੇ ਮੇਰੀ ਜ਼ਬਾਨ ਤਾਲੂ ਨਾਲ ਲੱਗ ਗਈ। ਪਲਾਂ ਵਿਚ ਹੀ ਮੇਰਾ ਸੱਸ-ਸਹੁਰਾ ਤੇ ਆਦਮੀ ਬਾਹਰ ਆ ਗਏ। ਉਨ੍ਹਾਂ ਨੂੰ ਤਾਂ ਜਿਵੇਂ ਮੌਕਾ ਮਿਲ ਗਿਆ ਹੋਵੇ। ਮੇਰਾ ਆਦਮੀ ਤੇ ਮੇਰੀ ਸੱਸ ਮੈਨੂੰ ਵਾਲਾਂ ਤੋਂ ਫੜ ਕੇ ਧੂੰਦੇ ਅੰਦਰ ਲੈ ਗਏ। ਫਿਰ ਪਤਾ ਨਹੀਂ ਜਦੋਂ ਮੈਨੂੰ ਹੋਸ਼ ਆਈ ਤਾਂ ਮੇਰਾ ਸਾਰਾ ਸਰੀਰ ਗਰਮ ਲੋਹੇ ਦੀ ਕਿਸੇ ਚੀਜ਼ ਨਾਲ ਦਾਗਿਆ ਪਿਆ ਸੀ। ਪਤਾ ਨੀ ਆ ਕਿਵੇਂ ਮੇਰਾ ਸੱਜਾ ਹੱਥ ਬੱਚ ਗਿਆ ਜਿਸ ਨਾਲ ਮੈਂ ਤੈਨੂੰ ਕੁਝ ਅੱਖਰ ਲਿਖ ਰਹੀ ਹਾਂ। ਬਾਪੂ ਮੈਨੂੰ ਬਚਾ ਲੈ ਇਨ੍ਹਾਂ ਕਸਾਈਆਂ ਤੋਂ। ਮੈਂ ਤੇਰੇ ਅੱਗੇ ਹੱਥ ਜੋੜਦੀ ਹਾਂ। ਮੈਨੂੰ ਬਚਾ ਲੈ ਬਾਪੂ, ਮੈਨੂੰ ਬਚਾ ਲੈ।

ਤੇਰੀ ਸਿਮਰ

ਕੁਝ ਪਲ ਚੁੱਪ ਰਹਿਣ 'ਤੇ ਮੁੰਡਾ ਬੋਲਿਆ, 'ਬਾਬਾ ਜੀ ਭੈਣ ਤਾਂ ਬਹੁਤ ਅੱਤਿਆਚਾਰ ਸਹਿ ਰਹੀ ਆ। ਉਸ ਨੂੰ ਬਚਾਉਣ ਲਈ ਸਾਨੂੰ ਕੁਝ ਕਰਨਾ ਚਾਹੀਦਾ ਆ। ਇਹ ਰੁੱਕਾ ਭੈਣ 'ਤੇ ਹੋ ਰਹੇ ਜ਼ੁਲਮਾਂ ਦਾ ਗਵਾਹ ਹੈ। ਬਾਕੀ ਇਕ ਵਾਰ ਤੁਸੀਂ ਜਾ ਕੇ ਭੈਣ ਨੂੰ ਲਿਆਉਣ ਦੀ ਕੋਸ਼ਿਸ਼ ਕਰੋ ਨਹੀਂ ਤਾਂ ਮੈਂ ਭਾਪਾ ਜੀ ਨੂੰ ਕਹਿ ਕੇ ਪਿੰਡ ਦੀ ਪੰਚਾਇਤ ਨੂੰ ਭੇਜਾਂਗਾ ਭੈਣ ਨੂੰ ਲੈਣ ਤੁਹਾਡੇ ਨਾਲ। ਆਪਣੇ ਪਾਸ ਸਿਰਫ਼ ਇਸ ਦੀ ਫੋਟੋ ਸਟੇਟ ਦੀ ਕਾਪੀ ਹੀ ਲੈ ਕੇ ਜਾਣਾ। ਅਸਲੀ ਰੁੱਕਾ ਘਰ ਛੱਡਕੇ ਜਾਣਾ।"

ਇੰਨਾ ਕਹਿੰਦਾ ਮੁੰਡਾ ਦਰਵਾਜ਼ਿਓਂ ਬਾਹਰ ਹੋ ਗਿਆ। ਧੀ ਦੇ ਲਿਖੇ ਅੱਖਰ ਸੁਣ ਕੇ ਬਾਬੇ ਬਿਸ਼ਨੇ ਵਿੱਚੋਂ ਰਹਿੰਦੀ ਖੂਹਿੰਦੀ ਸੱਤਿਆ ਵੀ ਮੁਕ ਗਈ। ਧੀ ਨੇ ਆਪਣੀ ਜੋ ਹਾਲਤ ਦੱਸੀ ਉਹ ਸੁਣ ਕੇ ਬਾਬੇ ਦੇ ਦਿਲ ਦੀ ਭੱਠੀ ਵਿਚ ਭਾਂਬੜ ਮੱਚਣ ਲੱਗੇ। (ਜਾਰੀ)

# ਪੁਸਤਕ ਚਰਚਾ

ਕੱਚੀ ਕੰਧ ਨਾਵਲ ਦੇ ਰਚੇਤਾ ਪਵਨ ਗਿੱਲਾਂਵਾਲਾ ਨੇ ਇਸ ਤੋਂ ਪਹਿਲਾਂ ਕਈ ਕਾਵਿ ਸੰਗ੍ਰਹਿ ਤੇ ਗੀਤ ਮਾਂ ਬੋਲੀ ਦੀ ਝੋਲੀ ਪਾਏ ਹਨ। ਇਹ ਨਾਵਲ ਸਾਡੇ ਸਮਾਜ ਦੀ ਉਹ ਤਸਵੀਰ ਪੇਸ਼ ਕਰਦਾ ਹੈ ਜਿੱਥੇ ਅਸੀ ਔਰਤ ਨੂੰ ਅੱਜ ਵੀ ਉਹ ਸਥਾਨ ਨਹੀ ਦੇ ਰਹੇ ਜਿਸ ਦੀ ਉਹ ਹੱਕਦਾਰ ਹੈ। ਰਿਸ਼ਤੇ-ਨਾਤਿਆਂ ਦੀ ਜਗ੍ਹਾ ਅਸੀ ਲੋਕ ਆਪਣੀ ਇੱਜ਼ਤ ਨੂੰ ਜ਼ਿਆਦਾ ਤਰਜੀਹ ਦਿੰਦੇ ਹਾਂ। ਬੇਸ਼ੱਕ ਸਾਡੇ ਸਮਾਜ ਵਿਚ ਔਰਤਾਂ ਦੀ ਸਥਿਤੀ ਪਹਿਲਾਂ ਤੋਂ ਬਿਹਤਰ ਹੈ ਪਰ ਪਿੰਡਾਂ ਵਿਚ ਅਜੇ ਵੀ ਲੋਕਾਂ ਦਾ ਔਰਤਾਂ ਪ੍ਰਤੀ ਨਜ਼ਰੀਆ ਪੁਰਾਣਾ ਹੈ। ਇਸ ਨਾਵਲ ਵਿਚ ਲੇਖਕ ਨੇ ਇਕ ਪਰਿਵਾਰ ਦੀ ਕਹਾਣੀ ਨੂੰ ਬਹੁਤ ਵਧੀਆ ਢੰਗ ਨਾਲ ਬਿਆਨ ਕੀਤਾ ਹੈ। ਪਰਿਵਾਰ ਦਾ ਮੁੱਖ ਪਾਤਰ ਨਾਜਰ ਸਿੰਘ ਜਿੱਥੇ ਬਹੁਤ ਚੰਗਾ ਪਿਤਾ ਦਿਖਾਇਆ ਹੈ ਉੱਥੇ ਉਹ ਆਪਣੇ ਪਰਿਵਾਰ ਦੀ ਇੱਜ਼ਤ ਲਈ ਕਿਸੇ ਵੀ ਹੱਦ ਤਕ ਜਾ ਸਕਦਾ ਹੈ। ਉਸ ਦਾ ਪੁੱਤਰ ਮਨਰਾਜ ਵਿਦੇਸ਼ ਵਿਚ ਜਾ ਕੇ ਆਪਣਾ ਰੁਜ਼ਗਾਰ ਕਰਦਾ ਹੈ ਤੇ ਧੀ ਦੀਪ ਪੜ੍ਹਾਈ ਲਈ ਕੈਨੇਡਾ ਜਾਂਦੀ ਹੈ ਤੇ ਉੱਥੋਂ ਦੇ ਮਾਹੌਲ ਵਿਚ ਰੰਗੀ ਜਾਂਦੀ ਹੈ ਤੇ ਇਕ ਗੋਰੇ ਮੁੰਡੇ ਨੂੰ ਪਿਆਰ ਕਰਨ ਦੀ ਗ਼ਲਤੀ ਕਰ ਬੈਠਦੀ ਹੈ ਤੇ ਚਾਹੁੰਦੀ ਹੈ ਕਿ ਉਸ ਦਾ ਵਿਆਹ ਉਸੇ ਨਾਲ ਹੀ ਹੋਵੇ ਜੋ ਕਿ ਉਸ ਦੇ ਪਿਤਾ ਤੇ ਭਰਾ ਨੂੰ ਪਸੰਦ ਨਹੀ ਜਿਸ ਕਾਰਨ ਉਨ੍ਹਾਂ ਦੇ ਘਰ ਵਿਚ ਕਲੇਸ਼ ਰਹਿਣ ਲੱਗ ਪੈਂਦਾ ਹੈ ਤੇ ਉਸ ਦੇ ਪਿਤਾ ਦੇ ਬੁਲਾਉਣ 'ਤੇ ਉਹ ਵਾਪਸ ਇੰਡੀਆ ਆਉਂਦੀ ਹੈ। ਮਾਪਿਆਂ ਦੇ ਸਮਝਾਉਣ ਦੇ ਬਾਵਜੂਦ ਉਹ ਆਪਣੀ ਗੱਲ ਤੋਂ ਟਸ ਤੋਂ ਮਸ ਨਹੀ ਹੁੰਦੀ ਜਿਸ ਕਾਰਨ ਨਾਜਰ ਸਿੰਘ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਘਰ ਦੀ ਇੱਜ਼ਤ ਹੁਣ ਗੁਆਂਢੀਆਂ ਵੱਲ ਨੂੰ ਝੁਕ ਰਹੀ ਹੈ ਤੇ ਉਹ ਆਪਣੀ ਹੀ ਧੀ ਦਾ ਕਤਲ ਕਰ ਦਿੰਦਾ ਹੈ ਤੇ ਸੋਚਦਾ ਹੈ ਕਿ ਇਕ ਵਾਰ ਫਿਰ ਉਸ ਨੇ ਇਕ ਕੱਚੀ ਕੰਧ ਨੂੰ ਡਿੱਗਣ ਤੋਂ ਬਚਾ ਲਿਆ ਹੈ। ਉਸ ਦੀ ਇਹੀ ਸੋਚ ਆਪਣੀ ਹੀ ਧੀ ਦਾ ਕਾਤਲ ਬਣਦੀ ਹੈ।



ਇਸ ਨਾਵਲ ਵਿਚ ਲੇਖਕ ਨੇ ਬਹੁਤ ਹੀ ਵਧੀਆ ਢੰਗ ਨਾਲ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡਾ ਸਮਾਜ ਕਿਵੇਂ ਪੜ੍ਹ ਲਿਖ ਕੇ ਵੀ ਪੁਰਾਣੀ ਸੱਭਿਅਤਾ ਨੂੰ ਮੁੱਖ ਰੱਖ ਕੇ ਚਲਦਾ ਹੈ। ਲੇਖਕ ਨੇ ਇਸ ਨਾਵਲ ਵਿੱਚ ਸਮਾਜਿਕ ਤੇ ਪਰਿਵਾਰਕ ਮਾਹੌਲ ਖ਼ੂਬ ਉਭਾਰਿਆ ਹੈ। ਲੇਖਕ ਨੇ ਭਾਸ਼ਾ ਦੀ ਰੰਗਤ ਪੇਂਡੂ ਰੱਖੀ ਹੈ ਜੋ ਕਿ ਹਰ ਇਕ ਦੀ ਸਮਝ ਵਿਚ ਆਉਣ ਵਾਲੀ ਹੈ। ਨਾਵਲ ਪੜ੍ਹ ਕੇ ਮਨ ਗਹਿਰੀ ਸੋਚ ਵਿਚ ਚਲਾ ਜਾਂਦਾ ਹੈ। ਇਹ ਨਾਵਲ ਜਿੰਨਾ ਪੜ੍ਹਨ ਵਿਚ ਦਿਲਚਸਪ ਹੈ ਓਨੀ ਹੀ ਇਸ ਦੀ ਦਿੱਖ ਵਧੀਆ ਹੈ।

| | | | |
|---|---|---|---|
| ਪੁਸਤਕ | : ਕੱਚੀ ਕੰਧ (ਨਾਵਲ) | ਪੰਨੇ | : 28 |
| ਲੇਖਕ | : ਪਵਨ ਗਿੱਲਾਂਵਾਲਾ | ਮੁੱਲ | : 20/- |
| ਪ੍ਰਕਾਸ਼ਕ | : ਚੇਤਨਾ ਪ੍ਰਕਾਸ਼ਨ, ਲੁਧਿਆਣਾ। | | |

'ਰੋਂਦਾ ਪਾਣੀ' ਕਰਮ ਕੌਰ ਦੁਆਰਾ ਰਚਿਤ ਨਾਵਲ ਰੁਮਾਂਟਿਕਤਾ ਨੂੰ ਪੇਸ਼ ਕਰਦਾ ਹੈ। ਲੇਖਿਕਾ ਨੇ ਇਸ ਨਾਵਲ ਰਾਹੀ ਪਿਆਰ ਦੀ ਤਸਵੀਰ ਪਾਠਕਾਂ ਸਾਹਮਣੇ ਪੇਸ਼ ਕੀਤੀ ਹੈ। ਨਾਵਲ ਵਿਚਲੀ ਕਹਾਣੀ ਸਹਿਜ ਤੋਰ ਤੁਰਦੀ ਹੈ ਜਿਸ ਕਰਕੇ ਰੋਚਿਕਤਾ ਕਾਇਮ ਰਹਿੰਦੀ ਹੈ। ਇਸ ਨਾਵਲ ਦਾ ਮੁੱਖ ਪਾਤਰ ਜਿੰਦਰ ਬਹੁਤ ਹੀ ਸੂਝਵਾਨ ਤੇ ਕੁੜੀਆਂ ਦੀ ਇੱਜ਼ਤ ਕਰਨ ਵਾਲਾ ਮੁੰਡਾ ਹੈ। ਉਸ ਲਈ ਪਿਆਰ ਦਾ ਭਾਵ ਸਰੀਰਕ ਛੋਹ ਨਾ ਹੋ ਕੇ ਦੋ ਰੂਹਾਂ ਦਾ ਮੇਲ ਹੈ ਪਰ ਕਾਲਜ ਵਿਚ ਜਾ ਕੇ ਨਾ ਚਾਹੁੰਦਿਆਂ ਹੋਇਆਂ ਵੀ ਉਹ ਇਕ ਕੁੜੀ ਨੂੰ ਪਿਆਰ ਕਰ ਬੈਠਦਾ ਹੈ ਤੇ ਜਦ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਕੁੜੀ ਦਾ ਰਿਸ਼ਤਾ ਕਿਤੇ ਹੋਰ ਹੋ ਗਿਆ ਹੈ ਤਾਂ ਉਹ ਅੰਦਰੋ ਇੰਨਾ ਟੁੱਟ ਜਾਂਦਾ ਹੈ ਕਿ ਉਹ ਨਸ਼ੇ ਵਿਚ ਧੁੱਤ ਹੋ ਕੇ ਕਿਸੇ ਮਾਸੂਮ ਦੀ ਜ਼ਿੰਦਗੀ ਖਰਾਬ ਕਰ ਦਿੰਦਾ ਹੈ। ਪਰ ਜਦ ਉਹ ਹੋਸ਼ ਵਿਚ ਆਉਂਦਾ ਹੈ ਤਾਂ ਇਸ ਘਟਨਾ ਦਾ ਉਸ 'ਤੇ ਡੂੰਘਾ ਅਸਰ ਪੈਂਦਾ ਹੈ ਤੇ ਉਹ ਉਸ ਮਾਸੂਮ ਕੁੜੀ ਤੋਂ ਮਾਫ਼ੀ ਮੰਗਣਾ ਚਾਹੁੰਦਾ ਹੈ ਪਰ ਹਾਲਾਤ ਉਸ ਵੱਲ ਨਹੀ ਹੁੰਦੇ ਤੇ ਉਹ ਅਜਿਹਾ ਕਰਨ ਵਿਚ ਸਫਲ ਨਹੀ ਹੁੰਦਾ ਕਿਤੇ-ਕਿਤੇ ਜਿੰਦਰ ਇਹ ਵੀ ਮਹਿਸੂਸ ਕਰਦਾ ਹੈ ਕਿ ਉਸ ਨੂੰ ਉਸੀ ਕੁੜੀ ਨਾਲ ਪਿਆਰ ਹੋ ਗਿਆ ਹੈ ਜਿਸ ਦੀ ਉਸ ਨੇ ਜ਼ਿੰਦਗੀ ਖਰਾਬ ਕੀਤੀ ਸੀ ਤੇ ਕਾਫ਼ੀ ਸੰਘਰਸ਼ ਕਰ ਕੇ ਉਹ ਉਸ ਤੋਂ ਮਾਫ਼ੀ ਮੰਗਣ ਵਿਚ ਸਫਲ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਨਾਵਲ ਇਕ ਪ੍ਰੀਤ ਕਹਾਣੀ ਹੈ ਜਿਸ ਵਿਚ ਨਾਵਲ ਦਾ ਮੁੱਖ ਪਾਤਰ ਆਪਣੇ ਪਿਆਰ ਨੂੰ ਪਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਤੇ ਉਸ ਦੇ ਦਿਮਾਗ਼ ਤੋਂ ਉਮਰ ਭਰ ਦਾ ਬੋਝ ਉਤਰ ਜਾਂਦਾ ਹੈ।



ਨਾਵਲ ਵਿਚ ਕਈ ਦੁੱਖ ਤਕਲੀਫਾਂ ਤੇ ਕਸ਼ਟ ਵੀ ਦਿਖਾਏ ਗਏ ਹਨ ਜੋ ਕਿ ਹਰ ਇਕ ਪ੍ਰੀਤ ਕਹਾਣੀ ਵਿਚ ਆਉਂਦੇ ਹਨ। ਲੇਖਿਕਾ ਨੇ ਨਾਵਲ ਦਾ ਅੰਤ ਸੁਖਾਂਤਕ ਦਿਖਾਇਆ ਹੈ। ਨਾਵਲ ਵਿਚ ਲੇਖਿਕਾ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਗ਼ਲਤ ਬੰਦਾ ਸਦਾ ਹੀ ਗ਼ਲਤ ਨਹੀ ਹੁੰਦਾ। ਕਈ ਵਾਰ ਇਨਸਾਨ ਨਾ ਚਾਹੁੰਦਿਆਂ ਹੋਇਆਂ ਕੋਈ ਗ਼ਲਤ ਕਦਮ ਉਠਾ ਲੈਂਦਾ ਹੈ ਪਰ ਜੇ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੈ ਤਾਂ ਉਹ ਮਾਫ਼ੀ ਦਾ ਵੀ ਹੱਕਦਾਰ ਹੁੰਦਾ ਹੈ।

• ਇੰਦਰਪ੍ਰੀਤ ਕੌਰ

| | | | |
|---|---|---|---|
| ਪੁਸਤਕ | : ਰੋਂਦਾ ਪਾਣੀ (ਨਾਵਲ) | ਪੰਨੇ | : 97 |
| ਲੇਖਕ | : ਕਰਮ ਕੌਰ | ਮੁੱਲ | : 250/- |
| ਪ੍ਰਕਾਸ਼ਕ | : ਲੋਕਗੀਤ ਪ੍ਰਕਾਸ਼ਨ, ਮੋਹਾਲੀ। | | |

ਇਹ ਪੁਸਤਕ ਸਿੱਖ ਇਤਿਹਾਸ ਦੇ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦੁਰ ਦੇ ਅਲੌਕਿਕ ਜੀਵਨ, ਸ਼ਹਾਦਤ ਤੇ ਉਨ੍ਹਾਂ ਦੀ ਧਰਮ ਨਿਰਪੱਖਤਾ ਬਾਰੇ ਕਈ ਨਿਵੇਕਲੀਆਂ ਪਰਤਾਂ ਦੀ ਜਾਣਕਾਰੀ ਦਿੰਦੀ ਹੈ। ਆਰੰਭ ਵਿਚ ਲਿਖੇ ਦੀਦਾਰੀ ਹਰਫ਼ ਵਿਚ ਲੇਖਕ ਦਾ ਕਥਨ ਹੈ -ਦਸਵੇਂ ਪਾਤਸ਼ਾਹ ਦੇ ਥਾਪੜੇ ਨਾਲ ਬਾਬਾ ਬੰਦਾ ਸਿੰਘ ਬਹਾਦੁਰ ਨੇ ਪੰਜਾਬ ਦੀ ਪਵਿਤਰ ਧਰਤੀ ਤੇ ਪਹਿਲੀ ਵਾਰ ਸਿੱਖ ਰਾਜ ਦਾ ਝੰਡਾ ਗੱਡਿਆ। ਸਮਕਾਲੀ ਫਾਰਸੀ ਲਿਖਤਾਂ ਵਿਚ ਬਾਬਾ ਜੀ ਬਾਰੇ ਨਫ਼ਰਤ ਤੇ ਤੁਅੱਸਬ ਭਰੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਕਈ ਅਸਲ ਤੱਥਾਂ ਨੂੰ ਛੁਪਾਇਆ ਗਿਆ ਹੈ। ਬਾਬਾ ਜੀ ਦਾ ਸੰਸਾਰਿਕ ਜੀਵਨ ਛਿਆਲੀ ਸਾਲ ਦਾ ਹੈ। ਜਿਸ ਵਿੱਚੋਂ ਅੱਠ ਸਾਲ ਪੂਰਨ ਗੁਰਸਿੱਖ ਵਾਲਾ ਜੀਵਨ ਰਿਹਾ। ਦਸਵੇਂ ਗੁਰੂ ਜੀ ਤੋਂ ਅੰਮ੍ਰਿਤ ਛਕਣ ਵੇਲੇ ਬਾਬਾ ਜੀ ਦੀ ਉਮਰ ਅਠੱਤੀ ਸਾਲ ਸੀ। ਕੁਲ ਚਾਰ ਸੰਖੇਪ ਕਾਂਡ ਹਨ। ਜਨਮ ਤੋਂ ਲੈ ਕੇ ਖੰਡੇ ਦੀ ਪਾਹੁਲ ਤਕ ਵਿਚ ਲੇਖਕ ਦੀ ਖੋਜ ਹੈ ਕਿ ਬਾਬਾ ਜੀ ਦਾ ਜਨਮ ਸਥਾਨ ਡਡਾਂ ਵਾਲੀ ਬਾਵਲੀ ਦੇ ਪਹਾੜੀ ਸਥਾਨ ਦਾ ਹੈ। ਇਹ ਥਾਂ ਤਹਿਸੀਲ ਤੇ ਜ਼ਿਲ੍ਹਾ ਰਾਜੌਰੀ ਪਟਵਾਰ ਹਲਕਾ ਫਤਹਿਪੁਰ ਹੈ। ਜਨਮ 16 ਅਕਤੂਬਰ ,1670 ਤੇ ਨਾਂ ਲਛਮਣ ਦੇਵ ਹੈ। ਆਰੰਭਿਕ ਜੀਵਨ ਸ਼ਿਕਾਰੀ ਦਾ ਹੈ। ਘਰਾਣਾ ਰਾਜਪੂਤ ਹੈ। ਵੱਡੀ ਭੈਣ ਸ਼ੋਭਾ ਦਈ ਤੇ ਛੋਟਾ ਭਰਾ ਸਹਿਦੇਵ ਹੈ (ਪੰਨਾ 3), ਜੋਗੀ ਔਗੜ ਨਾਥ ਕੋਲੋਂ ਰਿਧੀਆਂ ਸਿਧੀਆਂ ਮਿਲੀਆਂ।

ਦਸਵੇਂ ਗੁਰੂ ਜੀ ਤੇ ਮਾਧੋ ਦਾਸ ਦੀ ਦਿਲਚਸਪ ਵਾਰਤਾ ਪੰਨਾ 6 ਉੱਪਰ ਦਰਜ ਹੈ। ਗੁਰੂ ਜੀ ਨੇ ਬਹਾਦੁਰ ਦਾ ਖਿਤਾਬ ਦਿੱਤਾ ਸੀ। ਖੰਡੇ ਬਾਟੇ ਦੀ ਪਾਹੁਲ ਛਕੀ ਤੇ ਬਾਬਾ ਬੰਦਾ ਸਿੰਘ ਬਹਾਦੁਰ ਨਾਮ ਪ੍ਰਚਲਿਤ ਹੋਇਆ। ਭੱਟ ਵਹੀਆਂ ਦੀ ਗਵਾਹੀ ਹੈ। 78 ਹੋਰ ਹਵਾਲੇ ਹਨ। ਅਗਲੇ ਕਾਂਡ ਵਿਚ ਬਾਬਾ ਜੀ ਦੀਆਂ ਜਿੱਤਾਂ ਹਨ। ਪੁਸਤਕ ਵਿਚ ਲੇਖਕ ਦੀ ਖੋਜ ਹੈ ਕਿ ਬਾਬਾ ਜੀ ਦੀ ਦੂਸਰੀ ਪਤਨੀ ਸਾਹਿਬ ਕੌਰ ਸੀ। ਜਿਸ ਦੇ ਪਰਿਵਾਰ ਦੀ ਬੰਸਾਵਲੀ ਪੰਨਾ 40 'ਤੇ ਹੈ। ਇਸ ਨਾਲ ਹਰਦੁਆਰ ਦੀ ਵਹੀ ਸੋਢੀਆਂ ਦਾ ਹਵਾਲਾ ਹੈ। ਪੁਸਤਕ ਸਿੱਖ ਇਤਿਹਾਸ ਦੀ ਅਹਿਮ ਦਸਤਾਵੇਜ਼ ਅਤੇ ਖ਼ਜ਼ਾਨਾ ਹੈ। ਟਾਈਟਲ ਖ਼ੂਬਸੂਰਤ ਤੇ ਕੀਮਤ ਵਾਜਿਬ ਹੈ।



• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

| | | | |
|---|---|---|---|
| ਪੁਸਤਕ | : ਤੇਗ-ਏ-ਆਤਿਸ਼ਬਾਰ ਬਾਬਾ ਬੰਦਾ ਸਿੰਘ ਬਹਾਦੁਰ | ਪੰਨੇ | : 56 |
| ਲੇਖਕ | : ਡਾ. ਜਸਬੀਰ ਸਿੰਘ ਸਰਨਾ | ਮੁੱਲ | : 50/- |
| ਪ੍ਰਕਾਸ਼ਕ | : ਬਾਬਾ ਬੰਦਾ ਸਿੰਘ ਬਹਾਦੁਰ ਸਿੱਖ ਨੌਜਵਾਨ ਸਭਾ (ਰਜਿ.) ਰਾਜੌਰੀ (ਜੰਮੂ ਕਸ਼ਮੀਰ) | | |

ਜਗਜੀਤ ਸਿੰਘ ਨੂਰ ਸੁਹਿਰਦ, ਸੰਵੇਦਨਸ਼ੀਲ ਅਤੇ ਆਪਣੇ ਆਲੇ-ਦੁਆਲੇ ਪ੍ਰਤੀ ਜਾਗਰੂਕ ਸ਼ਾਇਰ ਹੈ। ਹੱਥਲਾ ਸੰਗ੍ਰਹਿ 'ਦਰਦਾਂ ਦੀ ਦਾਸਤਾਨ' ਉਸ ਦਾ ਦੂਜਾ ਕਾਵਿ ਸੰਗ੍ਰਹਿ ਹੈ। ਪੁਸਤਕ ਦੀਆਂ ਰਚਨਾਵਾਂ ਵਿੱਚੋਂ ਜਗਜੀਤ ਸਿੰਘ ਦੇ ਜੀਵਨ ਅਨੁਭਵ ਦੀ ਪਰਪੱਕਤਾ, ਲੋਕ ਪੱਖੀ ਸੰਵੇਦਨਾ, ਲੋਕਾਂ ਦੇ ਦੁਖਾਂਤ ਦੀ ਵਿਆਖਿਆ ਅਤੇ ਆਧੁਨਿਕ ਮਨੁੱਖ ਦੀ ਰਹਿਣੀ-ਬਹਿਣੀ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਸਾਹਿਬਾਨ ਪ੍ਰਤੀ ਸਤਿਕਾਰ, ਸਮਾਜ ਵਿਚ ਦਿਨ ਪ੍ਰਤੀ ਦਿਨ ਆ ਰਹੇ ਨਿਘਾਰ ਦਾ ਦੁਖਾਂਤ, ਮਨੁੱਖੀ ਜੀਵਨ ਦੀਆਂ ਤਕਲੀਫ਼ਾਂ, ਦੇਸ਼ ਦੀ ਦਸ਼ਾ ਤੇ ਦਿਸ਼ਾ, ਸਿਆਸਤ ਦਾ ਵਿਗੜਦਾ ਸਰੂਪ, ਔਰਤ 'ਤੇ ਹੋ ਰਹੇ ਜ਼ੁਲਮ, ਬਜ਼ੁਰਗਾਂ ਦੀ ਅਣਦੇਖੀ, ਨਸ਼ਿਆਂ 'ਚ ਗ਼ਲਤਾਨ ਹੋ ਰਹੀ ਪੰਜਾਬ ਦੀ ਜਵਾਨੀ ਦਾ ਫ਼ਿਕਰ, ਧਾਰਮਿਕ ਕੱਟੜਤਾ ਦੇ ਨੁਕਸਾਨ ਆਦਿ ਉਸ ਦੀ ਕਵਿਤਾ ਦੇ ਵਿਸ਼ੇ ਹਨ। ਨੂਰ ਨੇ ਇਸ ਪੁਸਤਕ ਨੂੰ ਤਿੰਨ ਭਾਗਾਂ ਵਿਚ ਵੰਡਕੇ ਪਾਠਕਾਂ ਨੂੰ ਪਰੋਸਿਆ ਹੈ।

ਪਹਿਲੇ ਹਿੱਸੇ ਵਿਚ ਕਵਿਤਾਵਾਂ, ਦੂਜੇ ਵਿਚ ਗ਼ਜ਼ਲਾਂ ਅਤੇ ਤੀਜੇ ਵਿਚ ਉਰਦੂ ਰੰਗ ਦੀਆਂ ਰਚਨਾਵਾਂ ਹਨ। ਪੁਸਤਕ ਵਿਚਲੀਆਂ ਗ਼ਜ਼ਲਾਂ ਦੀ ਜੇ ਗੱਲ ਕਰੀਏ ਤਾਂ ਜਗਜੀਤ ਸਿੰਘ ਨੂਰ ਦੀਆਂ ਇਹ ਰਚਨਾਵਾਂ ਗ਼ਜ਼ਲ ਦੇ ਉਸਤਾਦ ਅਮਰਜੀਤ ਸਿੰਘ ਸੰਧੂ ਦੀ ਨਜ਼ਰ ਹੇਠੋਂ ਗੁਜ਼ਰ ਕੇ ਆਈਆਂ ਹਨ। ਸੋ ਬਹਿਰ-ਵਜ਼ਨ ਦੀ ਕਮੀ ਪੇਸ਼ੀ ਦੀ ਤਾਂ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ। ਪੁਸਤਕ ਦੀ ਭਾਸ਼ਾ ਤੇ ਬਿਆਨ ਸ਼ੈਲੀ ਬਹੁਤ ਹੀ ਸਾਦੀ ਹੈ ਜੋ ਪਾਠਕ ਮਨ ਅੰਦਰ ਸਹਿਜੇ ਹੀ ਲਹਿ ਜਾਂਦੀ ਹੈ। ਇਹ ਜਗਜੀਤ ਸਿੰਘ ਨੂਰ ਦੀ ਕਵਿਤਾ ਦਾ ਅਮੀਰੀ ਗੁਣ ਵੀ ਕਿਹਾ ਜਾ ਸਕਦਾ ਹੈ। ਪੁਸਤਕ ਦੀਆਂ ਰਚਨਾਵਾਂ ਵਿਚ ਨੂਰ ਨੇ ਦੇਸ਼ ਵਿਚ ਵਾਪਰਦੀਆਂ ਚੰਗੀਆਂ-ਮਾੜੀਆਂ ਘਟਨਾਵਾਂ, ਰਾਜਨੀਤਕ ਦਲਾਂ ਵਲੋਂ ਆਮ ਲੋਕਾਂ ਦਾ ਸ਼ੋਸ਼ਣ, ਲੋਕ ਵਿਰੋਧੀ ਚਾਲਾਂ, ਪੂੰਜੀਪਤੀਆਂ ਦੀ ਲੁੱਟ-ਮਾਰ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਉਹ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਾ ਹੈ, ਆਪਣਿਆਂ ਕਵਿਤਾਵਾਂ ਰਾਹੀ ਤੇ ਉਨ੍ਹਾਂ ਦੇ ਸਿਦਕ ਅੱਗੇ ਸਿਰ ਝੁਕਾਉਂਦਾ ਹੋਇਆ ਮਾਂ ਬੋਲੀ ਦਾ ਗੁਣਗਾਨ ਵੀ ਕਰਦਾ ਹੈ। ਉਸ ਨੂੰ ਭਰੂਣ ਹੱਤਿਆ ਜਿਹੀ ਲਾਹਨਤ ਦਾ ਗਿਆਨ ਹੈ। ਪਿਆਰ ਦਾ ਅਨੁਭਵ ਅਤੇ ਇਸ ਜਨਮ ਤੋਂ ਮੁਕਤੀ ਦਾ ਫ਼ਿਕਰ ਵੀ। ਪੁਸਤਕ ਦੇ ਅਧਿਐਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਜਗਜੀਤ ਸਿੰਘ ਨੂਰ ਮਨੁੱਖਤਾ ਦਾ ਭਲਾ ਚਾਹੁੰਣ ਵਾਲਾ ਮਾਨਵਵਾਦੀ ਕਵੀ ਹੈ। ਉਸ ਦੀ ਕਵਿਤਾ ਮਾਨਵੀ-ਸਰੋਕਾਰਾਂ ਦੀ ਕਥਾ ਕਰਦੀ ਹੈ।



• ਜਸਵਿੰਦਰ ਦੂਹੜਾ

| | | | |
|---|---|---|---|
| ਪੁਸਤਕ | : ਦਰਦਾਂ ਦੀ ਦਾਸਤਾਨ (ਕਾਵਿ-ਗ਼ਜ਼ਲ ਸੰਗ੍ਰਹਿ) | ਪੰਨੇ | : 88 |
| ਸ਼ਾਇਰ | : ਜਗਜੀਤ ਸਿੰਘ ਨੂਰ | ਮੁੱਲ | : 150/- |
| ਪ੍ਰਕਾਸ਼ਕ | : ਸੰਜੋਗ ਪਬਲਿਸ਼ਰਜ਼, ਚੰਡੀਗੜ੍ਹ। | | |

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਡਿਪਟੀ ਕਮਿਸ਼ਨਰ, ਕਮਿਸ਼ਨਰ ਨਗਰ ਨਿਗਮ ਤੇ ਹੋਰ ਅਧਿਕਾਰੀਆਂ ਨੂੰ ਨਾਲ ਲੈ ਕੇ ਦਰਜਨ ਦੇ ਕਰੀਬ ਕਲੋਨੀਆਂ ਦਾ ਦੌਰਾ

➢ ਅੰਮਰੁਤ-2 ਤਹਿਤ 100 ਕਰੋੜ ਨਾਲ ਪਟਿਆਲਾ ਦਾ ਕਾਇਆਂ ਕਲਪ ਕਰਕੇ ਦਿਖਾਏਗੀ ਪੰਜਾਬ ਸਰਕਾਰ ➢ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ, ਕਿਹਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਹੋਣ ਵਾਲੇ ਵਿਕਾਸ ਕੰਮ ਜਲਦ ਹੋਣਗੇ ਪੂਰੇ

**ਪਟਿਆਲਾ, 29 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡੇਚਲਵਾਲ, ਵਧੀਕ ਡਿਪਟੀ ਕਮਿਸ਼ਨਰ (ਜ) ਕੰਚਨ, ਐਸ.ਪੀ. ਸਿਟੀ ਸਰਫ਼ਰਾਜ ਆਲਮ ਅਤੇ ਹੋਰ ਅਧਿਕਾਰੀਆਂ ਨੂੰ ਨਾਲ ਲੈਕੇ ਪਟਿਆਲਾ ਦਿਹਾਤੀ ਹਲਕੇ ਦੀਆਂ ਦਰਜਨ ਦੇ ਕਰੀਬ ਕਲੋਨੀਆਂ ਦਾ ਦੌਰਾ ਕੀਤਾ। ਇਸ ਮੌਕੇ ਸਿਹਤ ਮੰਤਰੀ ਨੇ ਸਥਾਨਕ ਵਸਨੀਕਾਂ ਨੂੰ ਮਿਲਕੇ ਉਨ੍ਹਾਂ ਦੀਆਂ ਵਿਕਾਸ ਕੰਮਾਂ ਨੂੰ ਲੈਕੇ ਸਮੱਸਿਆਵਾਂ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤਹਿਤ ਹੋਣ ਵਾਲੇ ਸਾਰੇ ਵਿਕਾਸ ਕੰਮ ਜਲਦ ਪੂਰੇ ਕੀਤੇ ਜਾਣਗੇ।


ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦਿਹਾਤੀ ਹਲਕੇ ਦੀਆਂ ਕਲੋਨੀਆਂ ਵਿਖੇ ਲੋਕਾਂ ਨਾਲ ਮੁਲਾਕਾਤ ਕਰਕੇ ਹੋਣ ਵਾਲੇ ਵਿਕਾਸ ਕੰਮਾਂ ਦਾ ਜਾਇਜ਼ਾ ਲੈਂਦੇ ਹੋਏ।

ਡਾ. ਬਲਬੀਰ ਸਿੰਘ ਨੇ ਉਪਲ ਚੌਂਕ ਵਿਖੇ ਸੁਖਦੇਵ ਨਗਰ ਤੋਂ ਸਿਊਨਾ ਨੂੰ ਜਾਂਦੀ ਸੜਕ ਸਮੇਤ ਮਨਜੀਤ ਨਗਰ, ਅਨੰਦ ਨਗਰ-ਬੀ ਤੇ ਅਨੰਦ ਨਗਰ-ਏ ਦੀਆਂ ਮੁੱਖ ਸੜਕਾਂ ਸਮੇਤ ਅਨੰਦ ਨਗਰ ਐਕਟੈਂਸ਼ਨ ਤਾਰਾਂ ਵਾਲੀ ਸੜਕ, ਇੰਦਰਾ ਕਲੋਨੀ ਦੀਆਂ ਸਮੱਸਿਆਵਾਂ, ਗਰੀਨ ਪਾਰਕ ਨੇੜੇ ਮਾਤਾ ਗੁਰਦਿਆਲ ਕੌਰ ਗੁਰਦੁਆਰਾ ਸਾਹਿਬ, ਬੰਨਾ ਰੋੜ, ਫੈਕਟਰੀ ਏਰੀਆ, ਤਫ਼ੱਜਲਪੁਰ ਆਦਿ ਕਲੋਨੀਆਂ ਵਿਖੇ ਸੜਕਾਂ, ਸੀਵਰੇਜ, ਬਰਸਾਤੀ ਪਾਣੀ ਦੀ ਨਿਕਾਸੀ, ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਅਤੇ ਸਟਰੀਟ ਲਾਇਟਾਂ ਦੇ ਕੰਮਾਂ ਦਾ ਧਰਾਤਲ 'ਤੇ ਜਾਕੇ ਜਾਇਜ਼ਾ ਲਿਆ।

ਸਿਹਤ ਮੰਤਰੀ ਨੇ ਮੌਕੇ 'ਤੇ ਹੀ ਨਗਰ ਨਿਗਮ ਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋਕਾਂ ਵੱਲੋਂ ਗਿਣਾਏ ਗਏ ਕੰਮ ਤੁਰੰਤ ਪੂਰੇ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਇਨ੍ਹਾਂ ਕਲੋਨੀਆਂ ਵਿੱਚ ਬੰਦ ਪਈਆਂ ਸੀਵਰੇਜ ਲਾਈਨਾਂ ਦੀ ਸੁਪਰਸੱਕਸ਼ਨ ਮਸ਼ੀਨ ਨਾਲ ਸਫ਼ਾਈ ਸ਼ੁਰੂ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਇੰਦਰਾ ਕਲੋਨੀ ਵਿਖੇ ਟਾਇਰ ਸਾੜਦੇ ਤੇ ਰਾਤ ਨੂੰ ਲੋਹੇ ਦਾ ਕੰਮ ਕਰਦੇ ਲੋਕਾਂ ਨੂੰ ਇਹ ਕੰਮ ਬੰਦ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਇਸ ਕਲੋਨੀ ਵਿੱਚ ਪਾਰਕ ਨੂੰ ਠੀਕ ਕਰਵਾਇਆ ਜਾਵੇਗਾ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅੰਮਰੁਤ-2 ਦੇ ਤਹਿਤ 100 ਕਰੋੜ ਰੁਪਏ ਦੇ ਬਜਟ 'ਚ ਉਹ ਕੰਮ ਕਰਕੇ ਦਿਖਾਏਗੀ ਜੋ ਪਿਛਲੀ ਸਰਕਾਰ 'ਚ 550 ਕਰੋੜ ਰੁਪਏ ਖ਼ਰਚਣ ਦਾ ਦਾਅਵਾ ਕਰਨ ਦੇ ਬਾਵਜੂਦ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਹੁਣ ਜਿੱਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕੀਤਾ ਜਾ ਰਿਹਾ ਹੈ, ਉਥੇ ਹੀ ਪਟਿਆਲਾ ਦਿਹਾਤੀ ਹਲਕੇ ਦੀਆਂ ਕਲੋਨੀਆਂ ਵਿੱਚ ਟੁੱਟੀਆਂ ਸੜਕਾਂ ਦੀ ਮੁਰੰਮਤ ਕਰਵਾਈ ਜਾਵੇਗੀ ਤੇ ਕੋਈ ਵੀ ਸਟਰੀਟ ਲਾਈਟ ਖ਼ਰਾਬ ਨਹੀਂ ਰਹਿਣ ਦਿੱਤੀ ਜਾਵੇਗੀ।

ਇਸ ਮੌਕੇ ਕਰਨਲ ਜੇ.ਵੀ. ਸਿੰਘ, ਅਮਰੀਕ ਸਿੰਘ ਬੰਗੜ, ਸੁਰੇਸ਼ ਰਾਏ, ਜਸਬੀਰ ਸਿੰਘ ਗਾਂਧੀ, ਗੱਜਣ ਸਿੰਘ, ਸੰਤੋਖ ਸ਼ੌਂਕੀ, ਦਵਿੰਦਰ ਕੌਰ, ਚਰਨਜੀਤ ਸਿੰਘ ਐਸ.ਕੇ., ਮਨਜੀਤ ਵਿਰਦੀ, ਲਾਲ ਸਿੰਘ, ਰਵੀ ਰਣਜੀਤ, ਭੁਪਿੰਦਰ ਨੰਬਰਦਾਰ, ਰਾਜਵੰਤ ਸੰਧੂ, ਜੀਤ ਸਿੰਘ, ਜਸਵੰਤ ਰਾਏ, ਗੁਰਚਰਨ ਸਿੰਘ ਰੁਪਾਣਾ ਆਦਿ ਸਥਾਨਕ ਆਗੂਆਂ ਸਮੇਤ ਸਿਵਲ ਸਰਜਨ ਡਾ. ਜਤਿੰਦਰ ਕਾਂਸਲ, ਨਗਰ ਨਿਗਮ ਦੇ ਐਸ.ਈ. ਗੁਰਪ੍ਰੀਤ ਵਾਲੀਆ, ਲੋਕ ਨਿਰਮਾਣ ਵਿਭਾਗ ਦੇ ਐਕਸੀਐਨ ਪਿਊਸ਼ ਅਗਰਵਾਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਸਥਾਨਕ ਵਸਨੀਕ ਮੌਜੂਦ ਸਨ।

## 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-3 ਦੀ ਮਸ਼ਾਲ ਦਾ ਪਟਿਆਲਾ ਪੁੱਜਣ 'ਤੇ ਹੋਇਆ ਭਰਵਾਂ ਸਵਾਗਤ

# ਰੰਗਲੇ ਪੰਜਾਬ ਦਾ ਸੁਪਨਾ 'ਖੇਡਾਂ ਵਤਨ ਪੰਜਾਬ ਦੀਆਂ' ਕਰ ਰਹੀਆਂ ਨੇ ਪੂਰਾ : ਡਾ. ਬਲਬੀਰ ਸਿੰਘ

**ਪਟਿਆਲਾ, 29 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-3 ਦੀ ਮਸ਼ਾਲ ਦਾ ਅੱਜ ਪਟਿਆਲਾ ਪੁੱਜਣ 'ਤੇ ਪਟਿਆਲਵੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਏ.ਡੀ.ਸੀ. ਮੈਡਮ ਕੰਚਨ ਨੇ ਰਾਜਾ ਭਾਲਿੰਦਰ ਸਿੰਘ ਖੇਡ ਸਟੇਡੀਅਮ ਵਿਖੇ ਮਸ਼ਾਲ ਦਾ ਸਵਾਗਤ ਕੀਤਾ।




ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਨੇ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਮੁੜ ਖੇਡ ਮੈਦਾਨਾਂ ਵਿੱਚ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਰੰਗਲੇ ਪੰਜਾਬ ਦੇ ਬਰੈਂਡ ਅੰਬੈਸਡਰ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਖਿਡਾਰੀ ਹੀ ਹਨ। ਉਨ੍ਹਾਂ ਕਿਹਾ ਕਿ ਸੂਬੇ 'ਚ ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ ਨਵੀਂ ਪਹਿਲਕਦਮੀ ਕਰਦਿਆਂ ਜਿਥੇ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ ਕੀਤੀ, ਉਥੇ ਹੀ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ 'ਚ ਜਾਣ ਵਾਲੇ ਖਿਡਾਰੀਆਂ ਨੂੰ ਪਹਿਲਾਂ ਤਿਆਰੀ ਲਈ ਵੀ ਰਾਸ਼ੀ ਦਿੱਤੀ ਤਾਂ ਜੋ ਖਿਡਾਰੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਤੇ ਉਹ ਆਪਣਾ ਸਰਵੋਤਮ ਪ੍ਰਦਰਸ਼ਨ ਕੌਮਾਂਤਰੀ ਪੱਧਰ 'ਤੇ ਦੇ ਸਕਣ। ਉਨ੍ਹਾਂ ਕਿਹਾ ਕਿ ਪੈਰਿਸ ਓਲੰਪਿਕਸ ਵਿੱਚ ਹਿੱਸਾ ਲੈਣ ਵਾਲੇ ਪੰਜਾਬ ਦੇ 19 ਖਿਡਾਰੀਆਂ ਨੂੰ ਸਰਕਾਰ ਵੱਲੋਂ 12.50 ਕਰੋੜ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਖਿਡਾਰੀਆਂ ਨੂੰ ਖੇਡਾਂ ਲਈ ਬਿਹਤਰ ਸਹੂਲਤਾਂ ਦੇਣ ਦੇ ਮਕਸਦ ਨਾਲ ਪੰਜਾਬ ਮੰਡੀ ਬੋਰਡ ਵੱਲੋਂ ਆਫ਼ ਸੀਜ਼ਨ ਵਿੱਚ ਮੰਡੀਆਂ ਦੇ ਸ਼ੈਡਾਂ ਨੂੰ ਇਨਡੋਰ ਸਟੇਡੀਅਮ ਦੇ ਤੌਰ 'ਤੇ ਵਰਤਣ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 500 ਦੇ ਕਰੀਬ ਕੋਚਾਂ ਵੱਲੋਂ ਵੀ ਵਲੰਟੀਅਰ ਤੌਰ 'ਤੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਰਾਬਤਾ ਕੀਤਾ ਗਿਆ ਹੈ।

ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਲਗਾਤਾਰ ਤੀਜੇ ਸਾਲ ਹੋ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਨੇ ਖਿਡਾਰੀਆਂ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਖੇਡਾਂ ਦੀ ਮਸ਼ਾਲ ਪਟਿਆਲਾ ਪੁੱਜੀ ਹੈ ਜੋ ਖਿਡਾਰੀਆਂ ਵਿੱਚ ਨਵਾਂ ਜੋਸ਼ ਭਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਖੇਡ ਮੁਕਾਬਲੇ ਨੌਜਵਾਨਾਂ ਦੀ ਊਰਜਾ ਨੂੰ ਸਹੀ ਪਾਸੇ ਲਗਾਉਣ ਲਈ ਬਹੁਤ ਕਾਰਗਰ ਸਿੱਧ ਹੋ ਰਹੇ ਹਨ।

ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ ਨੇ ਪਟਿਆਲਾ ਵਾਸੀਆਂ ਨੂੰ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ 3 ਦਾ ਹਿੱਸਾ ਬਣਨ ਲਈ ਆਪਣੀ ਰਜਿਸਟਰੇਸ਼ਨ ਕਰਵਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਵੱਖ ਵੱਖ ਖੇਡਾਂ ਵਿੱਚ 9 ਉਮਰ ਵਰਗਾਂ ਦੇ ਕਰਵਾਏ ਜਾਣ ਵਾਲੇ ਮੁਕਾਬਲੇ 1 ਸਤੰਬਰ ਤੋਂ ਸ਼ੁਰੂ ਹੋ ਰਹੇ ਹਨ, ਜਿਸ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ 29 ਅਗਸਤ ਨੂੰ ਸੰਗਰੂਰ ਵਿਖੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਲਾਕ ਪੱਧਰੀ ਮੁਕਾਬਲੇ 1 ਤੋਂ 10 ਸਤੰਬਰ ਤੱਕ ਕਰਵਾਏ ਜਾਣਗੇ।

ਉਨ੍ਹਾਂ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਹਰੇਕ ਉਮਰ ਵਰਗ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੱਤਾ ਗਿਆ ਹੈ ਜਿਸ ਤਹਿਤ ਅੰਡਰ 14, ਅੰਡਰ 17, ਅੰਡਰ 21, 21-30 ਸਾਲ, 31-40 ਸਾਲ, 41-50 ਸਾਲ, 51-60 ਸਾਲ ਅਤੇ 61-70 ਸਾਲ ਅਤੇ 70 ਸਾਲ ਤੋਂ ਉਪਰ ਉਮਰ ਵਰਗ ਸ਼ਾਮਲ ਹੈ। ਉਨ੍ਹਾਂ ਖਿਡਾਰੀ ਨੂੰ ਆਪਣੀ ਰਜਿਸਟਰੇਸ਼ਨ https://eservices.punjab.gov.in 'ਤੇ 29 ਅਗਸਤ ਤੱਕ ਕਰਵਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਰੰਗਲਾ ਪੰਜਾਬ ਦਾ ਹਿੱਸਾ ਬਣਨ ਲਈ ਜ਼ਿਲ੍ਹਾ ਵਾਸੀ ਵੱਧ ਤੋਂ ਵੱਧ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਭਾਗ ਲੈਣ।

ਇਸ ਮੌਕੇ ਡੀ.ਐਸ.ਸੀ. ਵੈਭਵ ਚੌਧਰੀ, ਐਸ.ਡੀ.ਐਮ. ਪਟਿਆਲਾ ਅਰਵਿੰਦ ਕੁਮਾਰ, ਡੀ.ਐਸ.ਪੀ. ਅੱਛਰੂ ਰਾਮ, ਜ਼ਿਲ੍ਹਾ ਓਲੰਪਿਕ ਐਸੋਸੀਏਸ਼ਨ, ਪਟਿਆਲਾ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਲੋਕ ਗਾਇਕ ਜਤਿੰਦਰ ਜੀਤੂ ਵੀ ਮੌਜੂਦ ਸਨ।

# ਭੂਤ ਪ੍ਰੇਤ ਕੱਢਣ ਦੇ ਚੱਕਰ 'ਚ ਨੌਜਵਾਨ ਦਾ ਕਤਲ ਕਰਨ ਵਾਲੇ ਪਾਦਰੀ ਗ੍ਰਿਫ਼ਤਾਰ



**ਗੁਰਦਾਸਪੁਰ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲਸ ਗੁਰਦਾਸਪੁਰ ਨੇ ਪਿੰਡ ਸਿੰਘਪੁਰਾ 'ਚ ਅੰਧਵਿਸ਼ਵਾਸ ਦਾ ਸ਼ਿਕਾਰ ਹੋਏ ਇਕ ਮਸੀਹ ਨੌਜਵਾਨ ਦੇ ਅੰਦਰ ਤੋਂ ਭੂਤ ਪ੍ਰੇਤ ਕੱਢਣ ਦੇ ਚੱਕਰ 'ਚ ਉਸ ਨਾਲ ਮਾਰਕੁੱਟ ਕਰਕੇ ਉਸ ਦਾ ਕਤਲ ਕਰਨ ਦੇ ਇਲਜ਼ਾਮ 'ਚ ਪੁਲਸ ਨੇ ਦੋ ਪਾਦਰੀਆਂ ਨੂੰ ਗ੍ਰਿਫ਼ਤਾਰ ਕਰਨ 'ਚ ਸਫ਼ਲਤਾ ਪ੍ਰਾਪਤ ਕੀਤੀ ਹੈ। ਜਦਕਿ ਹੋਰ ਦੋਸ਼ੀਆਂ ਦੀ ਤਾਲਾਸ਼ 'ਚ ਪੁਲਸ ਛਾਪੇਮਾਰੀ ਰਹੀ ਹੈ।

ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਐਸ.ਐਸ.ਪੀ ਹਰੀਸ਼ ਕੁਮਾਰ ਦਾਯਮਾ ਨੇ ਦੱਸਿਆ ਕਿ ਪਿੰਡ ਸਿੰਘਾਪੁਰਾ ਦੇ ਰਹਿਣ ਵਾਲੇ ਨੌਜਵਾਨ ਸੈਮੂਅਲ ਮਸੀਹ ਦੀ ਸਿਹਤ ਖ਼ਰਾਬ ਸੀ। ਉਸ ਦੀ ਸਿਹਤ ਵਿੱਚ ਸੁਧਾਰ ਲਈ ਪਰਿਵਾਰ ਨੇ ਪਾਸਟਰ ਯਾਕੂਬ ਮਸੀਹ ਪੁੱਤਰ ਸੱਤਾ ਮਸੀਹ ਵਾਸੀ ਸੰਘਰ ਕਲੋਨੀ, ਧਾਰੀਵਾਲ ਨੂੰ ਉਨ੍ਹਾਂ ਦੇ ਘਰ ਆ ਕੇ ਦੁਆ ਕਰਨ ਲਈ ਕਿਹਾ। ਜਿਸ 'ਤੇ 21 ਅਗਸਤ ਨੂੰ ਯਾਕੂਬ ਮਸੀਹ ਆਪਣੇ ਨਾਲ ਬਲਜੀਤ ਸਿੰਘ ਉਰਫ਼ ਸੋਨੂੰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਸੁਚਾਨੀਆਂ ਸਮੇਤ 8 ਅਣਪਛਾਤੇ ਵਿਅਕਤੀ ਲੈ ਕੇ ਆਇਆ , ਪਰ ਦੁਆ ਕਰਨ ਦੇ ਨਾਲ ਹੀ ਮੁਲਜ਼ਮਾਂ ਨੇ ਸੈਮੂਅਲ ਮਸੀਹ ਨੂੰ ਭੂਤ ਪ੍ਰੇਤ ਦੀ ਆਤਮਾ ਦੀ ਗੱਲ ਕਹਿ ਕੇ ਕੁੱਟਿਆ। ਕਰੀਬ ਦੋ ਘੰਟੇ ਦੀ ਮਸ਼ਕਤ ਤੋਂ ਬਾਅਦ ਮੁਲਜ਼ਮਾਂ ਨੇ ਸੈਮੂਅਲ ਮਸੀਹ ਨੂੰ ਮੰਜੇ 'ਤੇ ਬਿਠਾ ਦਿੱਤਾ ਅਤੇ ਉੱਥੋਂ ਚਲੇ ਗਏ। ਬਾਅਦ ਵਿਚ ਜਾਂਚ ਵਿਚ ਪਤਾ ਲੱਗਾ ਕਿ ਸੈਮੂਅਲ ਮਸੀਹ ਮਰ ਚੁੱਕਾ ਸੀ। ਪਰਿਵਾਰਕ ਮੈਂਬਰਾਂ ਦੇ ਦਬਾਅ ਹੇਠ ਸੈਮੂਅਲ ਮਸੀਹ ਦਾ ਸਸਕਾਰ ਕਰਕੇ ਕਬਰਸਤਾਨ ਵਿੱਚ ਦਫ਼ਨਾ ਦਿੱਤਾ ਗਿਆ।

ਜ਼ਿਲ੍ਹਾ ਪੁਲਸ ਮੁਖੀ ਹਰੀਸ਼ ਕੁਮਾਰ ਦਾਯਮਾ ਨੇ ਦੱਸਿਆ ਕਿ ਮ੍ਰਿਤਕ ਸੈਮੂਅਲ ਮਸੀਹ ਦੀ ਮਾਤਾ ਰਾਖਲ ਪਤਨੀ ਮੰਗਾ ਮਸੀਹ ਨੇ 23 ਅਗਸਤ ਨੂੰ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਕੇ ਦੋਸ਼ ਲਾਇਆ ਸੀ ਕਿ ਉਸ ਦੇ ਪੁੱਤਰ ਸੈਮੂਅਲ ਮਸੀਹ ਦੀ ਮੌਤ ਪਾਸਟਰ ਜੈਕਬ ਮਸੀਹ ਕਾਰਨ ਹੋਈ ਹੈ ਅਤੇ ਉਸ ਦੇ ਸਾਥੀਆਂ ਨੇ ਭੂਤ ਕੱਢਣ ਦੇ ਨਾਂ ਤੇ ਮਾਰਕੁੱਟ ਕੀਤੀ ਸੀ। ਜਿਸ 'ਤੇ ਪੁਲਸ ਨੇ ਥਾਣਾ ਧਾਰੀਵਾਲ ਵਿਖੇ ਮਾਮਲਾ ਦਰਜ ਕਰਕੇ ਡਿਊਟੀ ਮੈਜਿਸਟ੍ਰੇਟ ਦੀ ਹਾਜ਼ਰੀ 'ਚ ਮ੍ਰਿਤਕ ਸੈਮੂਅਲ ਮਸੀਹ ਦੀ ਲਾਸ਼ ਨੂੰ ਕਬਰਸਤਾਨ 'ਚੋਂ ਕੱਢ ਕੇ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਗੁਰਦਾਸਪੁਰ ਭੇਜ ਦਿੱਤਾ।

# ਤੀਆਂ ਦੇ ਮੇਲੇ ਦੀਆਂ ਤਿਆਰੀਆਂ ਸਬੰਧੀ ਹੋਈ ਬੈਠਕ, ਨਾਮੀ ਕਲਾਕਾਰ ਪਹੁੰਚਣਗੇ ਮੇਲੇ ਵਿੱਚ



**ਸ਼੍ਰੀ ਮੁਕਤਸਰ ਸਾਹਿਬ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਦੇ ਪਿੰਡ ਭਲਾਈਆਣਾ ਵਿਖੇ 29 ਅਗਸਤ ਤੋਂ 30 ਅਗਸਤ ਤੱਕ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਤੀਆਂ ਦਾ ਮੇਲਾ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਤ੍ਰਿਪਾਠੀ ਦੇ ਨਿਰਦੇਸ਼ਾਂ ਅਨੁਸਾਰ ਐਸ.ਡੀ.ਐਮ. ਸ੍ਰੀ ਸੰਜੀਵ ਕੁਮਾਰ ਨੇ ਭਲਾਈਆਣਾ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ । ਇਸ ਮੌਕੇ ਐਸ.ਡੀ.ਐਮ. ਸ੍ਰੀ ਅਜੀਤ ਪਾਲ ਸਿੰਘ ਅਤੇ ਡੀ.ਐਸ.ਪੀ. ਸ੍ਰੀ ਅਵਤਾਰ ਸਿੰਘ ਰਾਜਪਾਲ ਵੀ ਵਿਸ਼ੇਸ਼ ਤੌਰ ਤੇ ਉਹਨਾਂ ਦੇ ਨਾਲ ਹਾਜ਼ਰ ਸਨ।

ਇਸ ਮੌਕੇ ਐਸ.ਡੀ.ਐਮ. ਨੇ ਦੱਸਿਆ ਕਿ ਇਸ ਤੀਆਂ ਦੇ ਮੇਲੇ ਵਿੱਚ ਜਿੱਥੇ ਪੰਜਾਬ ਦੀ ਲੋਕਧਾਰਾ ਦੇ ਵੱਖ-ਵੱਖ ਰੰਗ ਵਿਖਾਈ ਦੇਣਗੇ ਉੱਥੇ ਕੰਵਰ ਗਰੇਵਾਲ, ਗੁਰਲੇਜ ਅਖਤਰ, ਅਫਸਾਨਾ ਖਾਨ ਅਤੇ ਭੋਲਾ ਯਮਲਾ ਜਿਹੇ ਨਾਮੀ ਗਾਇਕ ਵੀ ਆਪਣੀ ਪੇਸ਼ਕਾਰੀ ਦੇਣਗੇ। ਇਸ ਤੋਂ ਬਿਨਾਂ ਪੁਰਾਤਨ ਪਿੰਡ ਦਾ ਦ੍ਰਿਸ਼ ਵੀ ਇੱਥੇ ਵਿਖਾਇਆ ਜਾਏਗਾ ਤਾਂ ਜੋ ਨਵੀਂ ਪੀੜੀ ਨੂੰ ਸਾਡੇ ਵਿਰਾਸਤ ਅਤੇ ਸੱਭਿਆਚਾਰ ਤੋਂ ਜਾਣੂ ਕਰਾਇਆ ਜਾ ਸਕੇ। ਵਿਰਾਸਤੀ ਖੇਡਾਂ ਦੇ ਮੁਕਾਬਲਿਆਂ ਦੇ ਨਾਲ-ਨਾਲ ਹੋਰ ਵਿਰਾਸਤੀ ਵਸਤਾਂ ਬਣਾਉਣ, ਮਿੰਨੀ ਕਹਾਣੀ ਅਤੇ ਕਵਿਤਾ ਰਚਨਾ ਜਿਹੇ ਮੁਕਾਬਲੇ ਅਤੇ ਗਿੱਧੇ ਤੇ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਜਾਣਗੇ । ਇਹ ਸਮਾਗਮ ਹਰ ਰੋਜ਼ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਪਿੰਡ ਭਲਾਈਆਣਾ ਦੀ ਦਾਣਾ ਮੰਡੀ ਵਿਖੇ ਹੋਇਆ ਕਰੇਗਾ । ਮੇਲੇ ਵਿੱਚ ਵੱਖ-ਵੱਖ ਸਵੈ ਸਹਾਇਤਾ ਸਮੂਹਾਂ ਵੱਲੋਂ ਤਿਆਰ ਕੀਤੇ ਸਮਾਨ ਦੀ ਪ੍ਰਦਰਸ਼ਨੀ ਅਤੇ ਪੰਜਾਬੀ ਵਿਰਾਸਤ ਨਾਲ ਸੰਬੰਧਿਤ ਵਸਤਾਂ ਦੀ ਪ੍ਰਦਰਸ਼ਨੀ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗੀ ਇਸ ਮੌਕੇ ਪੰਜਾਬ ਦੇ ਵਿਰਾਸਤੀ ਖਾਣਿਆਂ ਦੇ ਸਟਾਲ ਵੀ ਲਗਾਏ ਜਾਣਗੇ। ਉਹਨਾਂ ਨੇ ਸਾਰੇ ਵਿਭਾਗਾਂ ਨੂੰ ਕਿਹਾ ਕਿ ਉਹ ਇਸ ਸਬੰਧੀ ਸਾਰੀਆਂ ਤਿਆਰੀਆਂ ਤੁਰੰਤ ਮੁਕੰਮਲ ਕਰ ਲੈਣ। ਉਹਨਾਂ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਵੀ ਇਸ ਤੀਆਂ ਦੇ ਮੇਲੇ ਵਿੱਚ ਵੱਧ ਤੋਂ ਵੱਧ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ।

# ਕਟਾਰੂਚੱਕ ਨੇ ਪਿੰਡ ਭਨਵਾਲ ਅੰਦਰ 70 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾਣ ਵਾਲੀ ਵਾਟਰ ਸਪਲਾਈ ਦਾ ਰੱਖਿਆ ਨੀਹ ਪੱਥਰ



**ਪਠਾਨਕੋਟ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲਗਾਤਾਰ ਮਾਨਯੋਗ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਯੋਗ ਅਗਵਾਈ ਹੇਠ ਪੰਜਾਬ ਦੇ ਲੋਕਾਂ ਦੇ ਵੱਖੋਂ ਵੱਖਰੇ ਸਵਾਲਾਂ ਤੇ ਵੱਡੇ ਫੈਂਸਲੇ ਲਏ ਜਾ ਰਹੇ ਹਨ ਚਾਹੇ ਪੰਜਾਬ ਅੰਦਰ ਨੌਕਰੀਆਂ ਦਾ ਸਵਾਲ ਹੋਵੇ, ਮੁਫਤ ਬਿਜਲੀ ਦਾ ਸਵਾਲ ਹੋਵੇ ਜਾਂ ਪੰਜਾਬ ਅੰਦਰ ਸੜਕ ਸੁਰੱਖਿਆ ਫੋਰਸ ਦਾ ਸਵਾਲ ਹੋਵੇ ਇਸ ਤਰ੍ਹਾਂ ਲਗਾਤਾਰ ਪਿੰਡਾਂ ਦੇ ਲੋਕਾਂ ਦੇ ਸਵਾਲ ਹੱਲ ਕੀਤੇ ਜਾ ਰਹੇ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਜੀ ਨੇ ਅੱਜ ਪਿੰਡ ਭਨਵਾਲ ਵਿਖੇ ਵਾਟਰ ਸਪਲਾਈ ਦਾ ਨੀਹ ਪੱਧਰ ਰੱਖਣ ਮਗਰੋਂ ਕੀਤਾ। ਇਸ ਮੌਕੇ ਤੇ - ਹੋਰਨਾਂ ਤੋਂ ਇਲਾਵਾ ਸਰਵਸ੍ਰੀ ਵਰਿਸਟ ਪਾਰਟੀ ਕਾਰਜਕਰਤਾ ਭਾਨੂ ਪ੍ਰਤਾਪ, ਸਾਹਿਬ ਸਿੰਘ ਸਾਬਾ, ਬਲਾਕ ਪ੍ਰਧਾਨ ਰਜਿੰਦਰ ਸਿੰਘ ਭਿੱਲਾ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ, ਬਲਜੀਤ ਕੌਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸੁਜਾਨਪੁਰ ਅਤੇ ਹੋਰ ਪਾਰਟੀ ਕਾਰਜਕਰਤਾ ਹਾਜਰ ਸਨ।

ਇਸ ਮੌਕੇ ਤੇ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਬਹੁਤ ਜਲਦੀ ਪੂਰੇ ਪੰਜਾਬ ਅੰਦਰ ਰਾਸਨ ਕਾਰਡ ਬਣਾਉਂਣ ਦੀ ਪ੍ਰੀਕ੍ਰਿਆ ਦਾ ਆਰੰਭ ਕੀਤਾ ਜਾ ਰਿਹਾ ਹੈ, ਤਾਂ ਜੋ ਕੋਈ ਵੀ ਲਾਭਪਾਤਰੀ ਕਾਰਡ ਬਣਾਉਂਣ ਤੋਂ ਬਾਂਝਿਆ ਨਾ ਰਹਿ ਸਕੇ।

ਪਿੰਡ ਭਨਵਾਲ ਅੰਦਰ ਵਾਟਰ ਸਪਲਾਈ ਦਾ ਨੀਹ ਪੱਥਰ ਰੱਖਣ ਮਗਰੋਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਹੁਤ ਹੀ ਵੱਡਭਾਗਾਂ ਦਿਨ ਹੈ ਕਿ ਪਿੰਡ ਭਨਵਾਲ ਦੇ ਲੋਕਾਂ ਨੂੰ ਕਰੀਬ 70 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਦਾ ਨਿਰਮਾਣ ਕੀਤਾ ਜਾਵੇਗਾ ਜਿਸ ਦਾ ਲਾਭ ਘੱਟ ਤੋਂ ਘੱਟ 500 ਪਰਿਵਾਰਾਂ ਨੂੰ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਵਾਟਰ ਸਪਲਾਈ ਦੇ ਨਿਰਮਾਣ ਦਾ ਕਾਰਜ ਕਰੀਬ 6 ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕੀਤਾ ਜਾਵੇਗਾ ਅਤੇ ਇਹ ਵਾਟਰ ਸਪਲਾਈ ਲੋਕਾਂ ਨੂੰ ਸਮਰਪਿਤ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੇ ਆਦੇਸਾਂ ਅਨੁਸਾਰ ਹਰ ਪਿੰਡ ਦੀ ਪੰਚਾਇਤ ਵਿੱਚ ਬਿਨ੍ਹਾਂ ਕਿਸੇ ਪੱਖਪਾਤ ਤੋਂ ਅਤੇ ਭੇਦਭਾਵ ਤੋਂ ਲੋਕਾਂ ਦੇ ਲਈ ਨਿਰੰਤਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਅੱਜ ਉਨ੍ਹਾਂ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਦਾ ਦੋਰਾ ਕੀਤਾ ਗਿਆ ਹੈ ਜਿਸ ਵਿੱਚ ਸਭ ਤੋਂ ਪਹਿਲਾ ਪਿੰਡ ਮੈਰਾ ਕਲੋਨੀ ਵਿਖੇ ਪੂਰੇ ਪਿੰਡ ਦੀ ਵਿਜਟ ਕੀਤੀ ਗਈ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਲਈ ਸਬੰਧਤ ਅਧਿਕਾਰੀਆਂ ਨੂੰ ਦਿਸਾ ਨਿਰਦੇਸ ਦਿੱਤੇ ਗਏ, ਇਸ ਮੋਕੇ ਤੇ ਪਿੰਡ ਅੰਦਰ ਲਾਈਬ੍ਰੇਰੀ ਬਣਾਉਂਣ ਦੇ ਲਈ 5 ਲੱਖ ਰੁਪਏ ਦੀ ਰਾਸੀ ਦੇਣ ਦੀ ਘੋਸਣਾ ਵੀ ਕੀਤੀ ਗਈ।

ਅੱਜ ਦੇ ਦੋਰੇ ਦੋਰਾਨ ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਝੰਡਪੁਰ ਵਿਖੇ ਪਹੁੰਚੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਇਸ ਮੋਕੇ ਤੇ ਉਨ੍ਹਾਂ ਪਿੰਡ ਅੰਦਰ ਜੰਝਘਰ ਬਣਾਉਂਣ ਦੀ ਘੋਸਣਾ ਕੀਤੀ ਅਤੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਪਿੰਡ ਦੇ ਅੰਦਰ ਇੱਕ ਵਧੀਆ ਪਾਰਕ ਦਾ ਨਿਰਮਾਣ ਵੀ ਕੀਤਾ ਜਾਵੇਗਾ ਜਿਸ ਦਾ ਲਾਭ ਪਿੰਡ ਦੇ ਹਰੇਕ ਵਰਗ ਦੇ ਨਾਗਰਿਕ ਨੂੰ ਹੋਵੇਗਾ।

# ਅਮਲਾ ਸਿੰਘ ਵਾਲਾ ਸਕੂਲ ਦੇ ਬੱਚਿਆਂ ਨੇ ਕੀਤੀ ਇਤਿਹਾਸਿਕ ਥਾਂਵਾਂ ਦੀ ਯਾਤਰਾ

**ਬਰਨਾਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਪ੍ਰਾਇਮਰੀ ਸਕੂਲ ਅਮਲਾ ਸਿੰਘ ਵਾਲਾ ਦੇ 44 ਵਿਦਿਆਰਥੀਆਂ ਨੇ ਸ਼ਹੀਦ ਊਧਮ ਸਿੰਘ ਦੇ ਘਰ ਤੇ ਪੰਜਾਬ ਸਰਕਾਰ ਵਲੋਂ ਬਣਾਏ ਗਏ ਇਤਿਹਾਸਿਕ ਸਮਾਰਕ ਦੀ ਯਾਤਰਾ ਕੀਤੀ। ਜਿੱਥੇ ਕਿ ਊਧਮ ਸਿੰਘ ਦਾ ਸਾਰਾ ਇਤਿਹਾਸ ਉਨ੍ਹਾਂ ਦਾ ਪਾਸਪੋਰਟ, ਡਿਗਰੀ, ਉਨ੍ਹਾਂ ਦੇ ਲਿਖੇ ਹੋਏ ਖਤ ਆਦਿ ਬਾਰੇ ਵਿਦਿਆਰਥੀਆਂ ਨੂੰ ਬਹੁਤ ਸਾਰੀ ਜਾਣਕਾਰੀ ਹਾਸਿਲ ਹੋਈ। ਇਹ ਸਮਾਰਕ ਬਹੁਤ ਹੀ ਅਦਭੁਤ ਸੀ, ਜਿਥੇ ਵਿਦਿਆਰਥੀਆਂ ਦੇ ਗਿਆਨ 'ਚ ਬਹੁਤ ਵਾਧਾ ਹੋਇਆ।ਇਸ ਮੌਕੇ ਮੁੱਖ ਅਧਿਆਪਕ ਨਰਿੰਦਰ ਕੁਮਾਰ ਨੇ ਕਿਹਾ ਕਿ ਜੋ ਚੀਜ਼ ਅਸੀਂ ਅੱਖੀ ਦੇਖ ਲੈਂਦੇ ਹਾਂ, ਉਹ ਕੋਈ ਵੀ ਵਿਦਿਆਰਥੀ ਸਾਰੀ ਉਮਰ ਨਹੀਂ ਭੁੱਲ ਸਕਦਾ। ਇਸ ਕਰਕੇ ਵਿਦਿਆਰਥੀਆਂ ਦਾ ਇਹ ਇਤਿਹਾਸਕ ਟੂਰ ਕਰਵਾਇਆ ਗਿਆ ਹੈ। ਇਸ ਤੋਂ ਬਾਅਦ ਵਿਦਿਆਰਥੀ ਸ੍ਰੀ ਮਸਤੂਆਣਾ ਸਾਹਿਬ ਗੁਰਦੁਆਰਾ ਵਿਖੇ ਨਤਮਸਤਕ ਹੋਏ ਤੇ ਉਥੋਂ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਇਸ ਟੂਰ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ 'ਚ ਸਮੁੱਚੀ ਸਕੂਲ ਮੈਨੇਜਮੈਂਟ ਕਮੇਟੀ ਵੀ ਵਿਦਿਆਰਥੀਆਂ ਦੇ ਨਾਲ ਗਈ। ਜਿਸ 'ਚ ਚੇਅਰਮੈਨ ਰੇਸ਼ਮ ਸਿੰਘ, ਬੂਟਾ ਸਿੰਘ, ਹਰਬੰਸ ਸਿੰਘ ਫੌਜੀ, ਅਮਨਦੀਪ ਕੌਰ, ਨਵਜੋਤ ਕੌਰ, ਬਲਵਿੰਦਰ ਕੌਰ, ਕਰਮਜੀਤ ਕੌਰ, ਕਿਰਨ ਰਾਣੀ, ਸੁਖਜੀਤ ਕੌਰ, ਕੁਲਦੀਪ ਕੌਰ, ਪ੍ਰਦੀਪ ਕੌਰ, ਰਾਜ ਰਾਣੀ, ਗਗਨਦੀਪ ਕੌਰ ਤੇ ਸਟਾਫ ਮੈਂਬਰ ਮੈਡਮ ਅਜੀਤ ਕੌਰ, ਭੁਪਿੰਦਰ ਸਿੰਘ ਤੇ ਦਰਸ਼ਨ ਸਿੰਘ ਸ਼ਾਮਿਲ ਸਨ। ਟੂਰ ਦਾ ਸਾਰਾ ਖਰਚਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਬੂਟਾ ਸਿੰਘ ਵਲੋਂ ਕੀਤਾ ਗਿਆ ਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਡਾਕਟਰ ਰੁਪਿੰਦਰ ਸਿੰਘ ਨੇ ਕੀਤਾ।

# ਕੰਗਨਾ ਰਣੌਤ ਦੇ ਵਿਵਾਦਿਤ ਬਿਆਨ 'ਤੇ ਵਰ੍ਹੇ ਕਿਸਾਨ, ਕਿਹਾ- ਤੇਰੇ ਵਰਗਿਆਂ ਦੀ ਪਰਵਾਹ ਨਹੀਂ ਕਰਦੇ

**ਮੁੰਬਈ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੰਗਨਾ ਰਣੌਤ ਵੱਲੋਂ ਦਿੱਤੇ ਗਏ ਇੰਟਰਵਿਊ ਦੇ ਵਿਚ ਕਿਸਾਨ ਧਰਨੇ ਨੂੰ ਲੈ ਕੇ ਦਿੱਤੇ ਬਿਆਨ ਤੇ ਕਿਸਾਨਾਂ ਵੱਲੋਂ ਤਿੱਖੀ ਪ੍ਰਤਿਕਿਰਿਆ ਜ਼ਾਹਿਰ ਕੀਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਦਿਲਬਾਗ ਸਿੰਘ ਗਿੱਲ ਨੇ ਦੱਸਿਆ ਕਿ ਕੰਗਨਾ ਰਣੌਤ ਆਪਣੀ ਫ਼ਿਲਮ ਨੂੰ ਪ੍ਰਮੋਟ ਕਰਨ ਲਈ ਅਜਿਹੀ ਵਿਵਾਦਿਤ ਬਿਆਨਬਾਜ਼ੀ ਕਰ ਰਹੀ ਹੈ। ਇਸੇ ਦੌਰਾਨ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਦਿਲਬਾਗ ਨੇ ਕਿਹਾ ਕਿ ਉਸ ਨੂੰ ਸਾਰਾ ਕੁਝ ਨਾਗਪੁਰ ਤੋਂ ਲਿਖ ਕੇ ਦਿੱਤਾ ਜਾਂਦਾ ਹੈ, ਜੋ ਉਹ ਬੋਲਦੀ ਹੈ। ਉਨ੍ਹਾਂ ਕਿਹਾ ਕਿ ਇਸ ਵੱਲੋਂ ਜਾਣ ਬੁਝ ਕੇ ਕਿਸਾਨਾਂ ਦੇ ਸੰਘਰਸ਼ ਨੂੰ ਪ੍ਰਭਾਵਿਤ ਕਰਨ ਦੇ ਲਈ ਇਸ ਤਰ੍ਹਾਂ ਦੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਪਰ ਕਿਸਾਨ ਅਜਿਹੇ ਲੋਕਾਂ ਦੀ ਪਰਵਾਹ ਨਹੀਂ ਕਰਦੇ ਉਨ੍ਹਾਂ ਕਿਹਾ ਕਿ ਸਾਡਾ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ।

**ਰੁਲਦੂ ਸਿੰਘ ਮਾਨਸਾ ਵੱਲੋਂ ਕੰਗਨਾ ਵੱਲੋਂ ਦਿੱਤੇ ਗਏ ਬਿਆਨ ਦੀ ਕੀਤੀ ਨਿੰਦਿਆ**

ਕਿਸਾਨ ਨੇਤਾ ਰੁਲਦੂ ਸਿੰਘ ਮਾਨਸਾ ਵੱਲੋਂ ਕੰਗਨਾ ਰਣੌਤ ਵੱਲੋਂ ਦਿੱਤੇ ਗਏ ਬਿਆਨ ਦੀ ਨਿੰਦਿਆ ਕੀਤੀ। ਉਨ੍ਹਾਂ ਕਿਹਾ ਕਿ ਕੰਗਨਾ ਰਣੌਤ ਹੁਣ ਫ਼ਿਲਮ ਅਦਾਕਾਰਾ ਨਹੀਂ ਬਲਕਿ ਇੱਕ ਸਿਆਸਤਦਾਨ ਨੇਤਾ ਹੈ ਇਸ ਲਈ ਉਨ੍ਹਾਂ ਨੂੰ ਲੋਕਾਂ ਦੇ ਹੱਕਾਂ ਦੀ ਗੱਲ ਕਰਨੀ ਚਾਹੀਦੀ ਹੈ ਨਾ ਕਿ ਵਿਵਾਦਤ ਬਿਆਨ ਦੇਣੇ ਚਾਹੀਦੇ ਹਨ। ਇਕ ਨਿੱਜੀ ਅਖਬਾਰ ਨੂੰ ਦਿੱਤੇ ਇੰਟਰਵਿਊ 'ਚ ਕੰਗਨਾ ਰਣੌਤ ਨੇ ਕਿਹਾ, ''ਜੋ ਕੁਝ ਬੰਗਲਾਦੇਸ਼ 'ਚ ਹੋਇਆ, ਉਹੀ ਇੱਥੇ (ਭਾਰਤ) ਹੋਣ 'ਚ ਦੇਰ ਨਹੀਂ ਲੱਗੇਗੀ, ਜੇਕਰ ਸਾਡੀ ਚੋਟੀ ਦੀ ਲੀਡਰਸ਼ਿਪ ਇੰਨੀ ਮਜ਼ਬੂਤ ??ਨਾ ਹੁੰਦੀ ਤਾਂ ਕਿਸਾਨ ਅੰਦੋਲਨ ਹੋਏ, ਜਿੱਥੇ ਲਾਸ਼ਾਂ ਲਟਕ ਰਹੀਆਂ ਸਨ, ਉੱਥੇ ਰੇਪ ਹੋ ਰਹੇ ਸੀ ਅਤੇ ਜਦੋਂ ਕਿਸਾਨ ਭਲਾਈ ਬਿੱਲ ਵਾਪਸ ਲਿਆ ਗਿਆ ਸੀ। ਉਨ੍ਹਾਂ ਨੇ ਕਦੇ ਨਹੀਂ ਸੋਚਿਆ ਸੀ ਕਿ ਇਹ ਬਿੱਲ ਵਾਪਸ ਲਿਆ ਜਾਵੇਗਾ, ਇਸ ਤਰ੍ਹਾਂ ਦੀ ਸਾਜ਼ਿਸ਼ ਪਿੱਛੇ ਚੀਨ ਤੇ ਅਮਰੀਕਾ ਵਰਗੀਆਂ ਵਿਦੇਸ਼ੀ ਤਾਕਤਾਂ ਦਾ ਹੱਥ ਹੈ। ਕੰਗਨਾ ਦੇ ਇਸ ਤਰ੍ਹਾਂ ਦੇ ਬਿਆਨ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਵੀ ਲੋਕ 'ਕੁਈਨ' ਨੂੰ ਟ੍ਰੋਲ ਕਰ ਰਹੇ ਹਨ।



**ਪਹਿਲੇ ਥੱਪੜ ਦਾ ਨਿਸ਼ਾਨ ਅਜੇ ਗਿਆ ਨਹੀਂ ...**

ਇਸ ਦੇ ਨਾਲ ਹੀ ਸੋਸ਼ਲ ਮੀਡੀਆ ਪ੍ਰਭਾਵਕ ਧਰੁਵ ਰਾਠੀ ਨੇ ਇਸ ਇੰਟਰਵਿਊ ਨੂੰ ਰੀਟਵੀਟ ਕਰਕੇ ਕੰਗਨਾ ਰਣੌਤ 'ਤੇ ਨਿਸ਼ਾਨਾ ਸਾਧਿਆ ਹੈ। ਧਰੁਵ ਰਾਠੀ ਨੇ ਲਿਖਿਆ, ÷ਥੱਪੜ ਦਾ ਨਿਸ਼ਾਨ ਅਜੇ ਨਹੀਂ ਗਿਆ ਹੈ ਅਤੇ ਫਿਰ ਉਸ ਨੇ ਉਹੀ ਗੱਲ ਕਹੀ ਹੈ। ਹੁਣ ਫਿਰ ਜੇਕਰ ਕੋਈ ਵੀ ਧੀ ਖੜ੍ਹੀ ਹੋਈ ਤਾਂ ਉਹ ਤੁਹਾਨੂੰ ਦੋਵਾਂ ਗੱਲ੍ਹਾਂ 'ਤੇ ਥੱਪੜ ਮਾਰੇਗੀ। ਕੰਗਨਾ ਰਣੌਤ, ਤੁਹਾਡੀਆਂ ਹਰਕਤਾਂ ਨੇ ਹਰ ਵਾਰ ਇੱਕ ਥੱਪੜ ਮਾਰਿਆ ਹੈ। ਹੁਣ ਇਸ 'ਤੇ' ਭਾਜਪਾਈ ਕੀ ਬੋਲਣਗੇ ? ਪ੍ਰਧਾਨ ਮੰਤਰੀ ਦਜੀ ਕੀ ਕਹਿਣਾ ਤੁਹਾਡਾ ਇਸ 'ਤੇ।÷

**'ਕੰਗਣਾ ਰਣੌਤ ਗਵਾ ਚੁੱਕੀ ਹੈ ਆਪਣਾ ਦਿਮਾਗੀ ਸੰਤੁਲਨ'**

ਮੁਕਤਸਰ ਤੋਂ ਕਿਸਾਨ ਆਗੂ ਹਰਵਿੰਦਰ ਸਿੰਘ ਨੇ ਕਿਹਾ ਕਿ ਕੰਗਨਾ ਰਣੌਤ ਵੱਲੋਂ ਕਿਸਾਨਾਂ ਦੇ ਬਾਰੇ ਦਿੱਤੇ ਬਿਆਨ 'ਤੇ ਕਿਸਾਨਾਂ ਨੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਕੰਗਨਾ ਰਣੌਤ ਆਪਣਾ ਦਿਮਾਗੀ ਸੰਤੁਲਨ ਖੋ ਚੁੱਕੀ ਹੈ। ਕੰਗਨਾ ਰਣੌਤ ਨੂੰ ਇਲਾਜ ਕਰਾਉਣਾ ਚਾਹੀਦਾ ਹੈ ਕਿਉਂਕਿ ਕੰਗਨਾ ਰਣੌਤ ਨੂੰ ਇਹ ਨਹੀਂ ਪਤਾ ਕਿ ਜੋ ਕਿਸਾਨ ਹੁੰਦੇ ਨੇ ਉਹ ਅੰਨਦਾਤਾ ਹੁੰਦੇ ਨੇ, ਤੂੰ ਜਿੱਥੋਂ ਜਿੱਤੀ ਹੈ ਉੱਥੇ ਵੀ ਕੀ ਕਿਸਾਨ ਸਨ ਕਿਉਂਕਿ ਕਿਸਾਨਾਂ ਬਿਨ੍ਹਾਂ ਦੇਸ਼ ਦੀ ਗਤੀ ਨਹੀਂ।

# ਬਿਜਲੀ ਚੋਰੀ ਵਿਰੁੱਧ 2 ਦਿਨਾਂ ਮੁਹਿੰਮ ਸਫਲਤਾਪੂਰਵਕ ਮੁਕੰਮਲ ਹੋਈ: ਹਰਭਜਨ ਸਿੰਘ ਈ.ਟੀ.ਓ

➢ 50,781 ਕੁਨੈਕਸ਼ਨਾਂ ਦੀ ਹੋਈ ਜਾਂਚ, ਚੋਰੀ ਦੇ 3,349 ਮਾਮਲੇ ਫੜ੍ਹੇ ਅਤੇ 7.66 ਕਰੋੜ ਰੁਪਏ ਦਾ ਲਗਾਇਆ ਜੁਰਮਾਨਾ ➢ ਬਿਜਲੀ ਚੋਰੀ ਰੋਕਣ ਲਈ ਅਚਨਚੇਤ ਚੈਕਿੰਗ ਦਾ ਸਿਲਸਿਲਾ ਜਾਰੀ ਰਹੇਗਾ

**ਚੰਡੀਗੜ੍ਹ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਇਥੇ ਬਿਜਲੀ ਚੋਰੀ ਦਾ ਪਤਾ ਲਗਾਉਣ ਅਤੇ ਬਿਜਲੀ ਦੀ ਬਚਤ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਚਲਾਈ ਗਈ ਦੋ ਦਿਨਾਂ ਰਾਜ ਵਿਆਪੀ ਚੈਕਿੰਗ ਮੁਹਿੰਮ ਨੂੰ ਸਫਲਤਾਪੂਰਵਕ ਪੂਰਾ ਕਰਨ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੇ ਨਤੀਜੇ ਵਜੋਂ 50,781 ਬਿਜਲੀ ਕੁਨੈਕਸ਼ਨਾਂ ਦੀ ਜਾਂਚ ਕੀਤੀ ਗਈ, 3,349 ਮਾਮਲਿਆਂ ਵਿੱਚ ਬਿਜਲੀ ਚੋਰੀ ਦਾ ਪਤਾ ਲਗਾਇਆ ਗਿਆ ਅਤੇ 7.66 ਕਰੋੜ ਰੁਪਏ ਦੇ ਜੁਰਮਾਨੇ ਕੀਤੇ ਗਏ।



ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਹ ਪ੍ਰਗਟਾਵਾ ਕਰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਇਸ ਮੁਹਿੰਮ ਦੇ ਦੂਜੇ ਦਿਨ ਐਤਵਾਰ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਦੇ ਡਿਸਟ੍ਰੀਬਿਊਸ਼ਨ ਅਤੇ ਇਨਫੋਰਸਮੈਂਟ ਵਿੰਗ ਨੇ 22,288 ਬਿਜਲੀ ਕੁਨੈਕਸ਼ਨਾਂ ਦੀ ਜਾਂਚ ਕੀਤੀ, ਚੋਰੀ ਦੇ 1,274 ਕੇਸ ਫੜ੍ਹੇ ਅਤੇ ਬਿਜਲੀ ਚੋਰੀ ਕਰਨ ਵਾਲੇ ਖਪਤਕਾਰਾਂ 'ਤੇ 3.02 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਗਏ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀ ਨੂੰ ਪੂਰੀ ਤਰ੍ਹਾਂ ਨੱਥ ਪਾਉਣ ਲਈ ਭਵਿੱਖ ਵਿੱਚ ਵੀ ਅਚਨਚੇਤ ਚੈਕਿੰਗ ਦਾ ਸਿਲਸਿਲਾ ਜਾਰੀ ਰਹੇਗਾ।

ਇਸ ਬਾਰੇ ਵੇਰਵੇ ਦਿੰਦਿਆਂ ਬਿਜਲੀ ਮੰਤਰੀ ਨੇ ਕਿਹਾ ਕਿ ਪੀ.ਐਸ.ਪੀ.ਸੀ.ਐਲ ਦੇ ਡਿਸਟ੍ਰੀਬਿਊਸ਼ਨ ਵਿੰਗ ਨੇ ਦੋ ਦਿਨਾਂ ਦੀ ਮੁਹਿੰਮ ਦੌਰਾਨ ਸੂਬੇ ਦੇ ਵੱਖ-ਵੱਖ ਜ਼ੋਨਾਂ ਵਿੱਚ ਮਹੱਤਵਪੂਰਨ ਨਤੀਜੇ ਹਾਸਲ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਦੱਖਣੀ ਜ਼ੋਨ (ਪਟਿਆਲਾ), ਕੇਂਦਰੀ ਜ਼ੋਨ (ਲੁਧਿਆਣਾ), ਉੱਤਰੀ ਜ਼ੋਨ (ਜਲੰਧਰ), ਬਾਰਡਰ ਜ਼ੋਨ (ਅੰਮ੍ਰਿਤਸਰ) ਅਤੇ ਪੱਛਮੀ ਜ਼ੋਨ (ਬਠਿੰਡਾ) ਨੇ ਸਮੂਹਿਕ ਤੌਰ 'ਤੇ 42,396 ਕੁਨੈਕਸ਼ਨਾਂ ਦੀ ਜਾਂਚ ਕੀਤੀ, 3073 ਕੇਸਾਂ ਵਿੱਚ ਚੋਰੀ ਦਾ ਪਤਾ ਲਗਾਇਆ ਅਤੇ 6.68 ਕਰੋੜ ਰੁਪਏ ਦੇ ਜੁਰਮਾਨੇ ਲਗਾਏ।

ਬਿਜਲੀ ਮੰਤਰੀ ਨੇ ਦੱਸਿਆ ਕਿ ਪੀ.ਐਸ.ਪੀ.ਸੀ.ਐਲ. ਦੇ ਇਨਫੋਰਸਮੈਂਟ ਵਿੰਗ ਨੇ ਵੀ ਆਪਣੀ ਰਾਜ ਵਿਆਪੀ ਮੁਹਿੰਮ ਦੌਰਾਨ ਅਹਿਮ ਭੂਮਿਕਾ ਨਿਭਾਈ । ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਵਿੰਗ ਵੱਲੋਂ 8,385 ਕੁਨੈਕਸ਼ਨਾਂ ਦੀ ਜਾਂਚ ਦੌਰਾਨ 276 ਮਾਮਲਿਆਂ ਵਿੱਚ ਬਿਜਲੀ ਚੋਰੀ ਦਾ ਪਤਾ ਲਗਾਇਆ ਅਤੇ ਬਿਜਲੀ ਚੋਰੀ ਕਰਨ ਵਾਲੇ ਖਪਤਕਾਰਾਂ ਨੂੰ 1.18 ਕਰੋੜ ਰੁਪਏ ਦੇ ਜੁਰਮਾਨੇ ਕੀਤੇ।

ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਇਸ ਦੋ ਦਿਨਾਂ ਚੈਕਿੰਗ ਮੁਹਿੰਮ ਦਾ ਸਫ਼ਲਤਾਪੂਰਵਕ ਸੰਪੰਨ ਹੋਣਾ ਬਿਜਲੀ ਵਿਭਾਗ ਦੇ ਸਾਰਥਕ ਯਤਨਾਂ ਦਾ ਪ੍ਰਮਾਣ ਹੈ। ਉਨ੍ਹਾਂ ਸਾਰੇ ਬਿਜਲੀ ਖਪਤਕਾਰਾਂ ਨੂੰ ਬਿਜਲੀ ਦੀ ਸਮਝਦਾਰੀ ਨਾਲ ਵਰਤੋਂ ਕਰਨ ਅਤੇ ਬਿਜਲੀ ਚੋਰੀ ਦੇ ਕਿਸੇ ਵੀ ਮਾਮਲੇ ਦੀ ਤੁਰੰਤ ਰਿਪੋਰਟ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਿਜਲੀ ਬਚਤ ਨੂੰ ਉਤਸ਼ਾਹਿਤ ਕਰਨ ਅਤੇ ਬਿਜਲੀ ਚੋਰੀ ਨੂੰ ਰੋਕਣ ਲਈ ਵਚਨਬੱਧ ਹੈ।

# ਲੋਕ ਭਲਾਈ ਸਕੀਮਾਂ ਤਹਿਤ ਲਗਾਇਆ ਗਿਆ ਸੁਵਿਧਾ ਕੈਂਪ



**ਸਨੌਰ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਦੇ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ ਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੁਆਰਾ ਦਿੱਤੀਆ ਜਾ ਰਹੀਆ ਲੋਕ ਭਲਾਈ ਸਕੀਮਾ ਤਹਿਤ ਸੁਵਿਧਾ ਕੈਂਪ ਲਗਾਇਆ ਗਿਆ ।

ਇਸ ਸੁਵਿਧਾ ਕੈਂਪ ਦੀ ਅਗਵਾਈ ਕਰਦੇ ਹੋਏ ਬੀਜੇਪੀ ਪਟਿਆਲਾ ਤੋਂ ਗੁਰਪ੍ਰੀਤ ਸਿੰਘ ਬਾਵਾ ਕੋ ਕਨਵੀਨਰ ਲੋਕਲ ਬੋਡੀ ਸੈੱਲ ਨੇ ਦੱਸਿਆ ਕਿ ਮਹਾਰਾਣੀ ਪ੍ਰਨੀਤ ਕੌਰ,ਬੀਬਾ ਜੈ ਇੰਦਰ ਕੌਰ ਅਤੇ ਕੇ ਕੇ ਮਲਹੋਤਰਾ ਕੋਨਵੀਨਸ ਲੋਕਲ ਬੋਡੀ ਸੈੱਲ ਵੱਲੋਂ ਅਪਣੇ ਪਾਰਟੀ ਮੈਂਬਰਾ ਨਾਲ ਪਟਿਆਲਾ ਦੇ ਵੱਖ ਵੱਖ ਇਲਾਕਿਆ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੁਆਰਾ ਚਲਾਈਆ ਜਾ ਰਹੀਆ ਲੋਕ ਭਲਾਈ ਸਕੀਮਾਂ ਤਹਿਤ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋਕ ਇਨਾਂ ਲੋਕ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ।

# ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ



**ਧੂਰੀ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਮ ਭਗਤ ਪਰਿਵਾਰ ਅਤੇ ਧੂਰੀ ਦੀਆਂ ਵੱਖ-ਵੱਖ ਧਾਰਮਿਕ ਸੰਸਥਾਵਾਂ ਤੇ ਮਹਿਲਾ ਕੀਰਤਨ ਮੰਡਲੀਆਂ ਵੱਲੋਂ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਜਿਸਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਮਾਨ ਦੇ ਮਾਤਾ ਹਰਪਾਲ ਕੌਰ ਵੱਲੋਂ ਪੂਜਾ ਕਰਕੇ ਕੀਤੀ ਗਈ। ਉਨ੍ਹਾਂ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਆਸ਼ੀਰਵਾਦ ਪ੍ਰਾਪਤ ਕਰਦਿਆਂ ਲੋਕਾਂ ਨੂੰ ਸ਼੍ਰੀ ਕ੍ਰਿਸ਼ਨ ਅਸ਼ਟਮੀ ਦੇ ਤਿਓਹਾਰ ਦੀ ਮੁਬਾਰਕਬਾਦ ਵੀ ਦਿੱਤੀ। ਇਹ ਸ਼ੋਭਾ ਯਾਤਰਾ ਸਨਾਤਨ ਧਰਮ ਸਭਾ ਆਸ਼ਰਮ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿਚੋਂ ਹੁੰਦੀ ਹੋਈ ਮੁੜ ਸਨਾਤਨ ਧਰਮ ਸਭਾ ਆਸ਼ਰਮ ਵਿਖੇ ਸਮਾਪਤ ਹੋਈ। ਸ਼ਹਿਰ ਵਾਸੀਆਂ ਵੱਲੋਂ ਸ਼ੋਭਾ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵੇਅਰਹਾਊਸਿੰਗ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ, ਪੰਜਾਬ ਵਕਫ ਬੋਰਡ ਦੇ ਮੈਂਬਰ ਡਾ.ਅਨਵਰ ਭਸੌੜ, ਮੁੱਖ ਮੰਤਰੀ ਦੇ ਕੈਂਪ ਦਫਤਰ ਇੰਚਾਰਜ਼ ਅੰਮ੍ਰਿਤ ਬਰਾੜ, ਆਸ਼ੀਸ਼ ਗਰਗ, ਅਸ਼ਵਨੀ ਕੁਮਾਰ, ਅਮਿਤ ਕੁਮਾਰ, ਬਿਮਲ, ਯਸ਼ਪਾਲ, ਬ੍ਰਿਜੇਸ਼ਵਰ ਗੋਇਲ, ਪ੍ਰਦੀਪ ਗਰਗ, ਜਗਦੇਵ ਜਿੰਦਲ, ਨੀਲੂ ਮਿੱਤਲ ਸਮੇਤ ਹੋਰ ਵੀ ਹਾਜ਼ਰ ਸਨ।

# ਪਿਛਲੀਆਂ ਸਰਕਾਰਾਂ ਜਾਤੀ ਦੇ ਆਧਾਰ ’ਤੇ ਸਮਾਜ ਨੂੰ ਵੰਡਦੀਆਂ ਰਹੀਆਂ: ਯੋਗੀ

**ਅਲੀਗੜ੍ਹ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੁੱਧਵਾਰ ਨੂੰ ਪਿਛਲੀਆਂ ਸਰਕਾਰਾਂ ’ਤੇ ਜਾਤੀ ਦੇ ਆਧਾਰ ’ਤੇ ਵੰਡੀਆਂ ਪਾਉਣ ਅਤੇ ਵਿਕਾਸ ਕਾਰਜਾਂ ’ਚ ਭੇਦਭਾਵ ਕਰਨ ਲਈ ਪਿਛਲੀਆਂ ਸਰਕਾਰਾਂ ’ਤੇ ਹਮਲਾ ਬੋਲਿਆ। ਅਲੀਗੜ੍ਹ ’ਚ ਇਕ ਜਨ ਸਭਾ ਨੂੰ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਆਦਿੱਤਿਆਨਾਥ ਨੇ ਕਿਹਾ ਕਿ ਭਰਾਵੋ ਅਤੇ ਭੈਣੋ, ਤੁਸੀਂ ਆਜ਼ਾਦੀ ਤੋਂ ਬਾਅਦ ਭਾਰਤ ਨੂੰ ਦੇਖਿਆ ਹੈ। ਸਮਾਜਿਕ ਤਾਣਾ-ਬਾਣਾ ਢਹਿ-ਢੇਰੀ ਹੋ ਰਿਹਾ ਸੀ। ਵਿਕਾਸ ਯੋਜਨਾਵਾਂ ਦਾ ਲਾਭ ਜਾਤ, ਧਰਮ, ਭਾਸ਼ਾ, ਖੇਤਰ ਦੇ ਆਧਾਰ ’ਤੇ ਭੇਦਭਾਵ ਤੋਂ ਬਾਅਦ ਦਿੱਤਾ



ਗਿਆ।

ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਅੱਜ ਕੋਈ ਵੀ ਵਿਕਾਸ ਵੇਖ ਸਕਦਾ ਹੈ ਅਤੇ ਇਹ ਸਰਕਾਰ ਬਿਨਾਂ ਕਿਸੇ ਭੇਦਭਾਵ ਦੇ ਹਰੇਕ ਨੂੰ ਘਰ, ਨੌਕਰੀ ਅਤੇ ਬਿਜਲੀ ਪ੍ਰਦਾਨ ਕਰ ਰਹੀ ਹੈ। ‘ਸਬਕਾ ਸਾਥ, ਸਬ ਕਾ ਵਿਕਾਸ’ ਦੇ ਨਾਅਰੇ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਅਸੀਂ ਕਿਸੇ ਨਾਲ ਭੇਦਭਾਵ ਨਹੀਂ ਕਰਾਂਗੇ ਪਰ ਅਸੀਂ ਕਿਸੇ ਨੂੰ ਅਰਾਜਕਤਾ ਅਤੇ ਅਵਿਵਸਥਾ ਫੈਲਾਉਣ ਦੀ ਵੀ ਇਜਾਜ਼ਤ ਨਹੀਂ ਦੇਵਾਂਗੇ। ਜੇਕਰ ਕੋਈ ਅਰਾਜਕਤਾ ਦੇ ਰਾਹ ’ਤੇ ਚੱਲਦਾ ਹੈ, ਤਾਂ ਉਹ ਰਾਹ ਉਸ ਨੂੰ ਯਮਰਾਜ ਤੱਕ ਲੈ ਜਾਵੇਗਾ। ਮੁੱਖ ਮੰਤਰੀ ਯੋਗੀ ਨੇ ਵਿਰੋਧੀ ਪਾਰਟੀਆਂ ਦਾ ਨਾਂ ਲੈਂਦਿਆਂ ਕਿਹਾ ਕਿ ਜਦੋਂ ਕਾਂਗਰਸ, ਸਮਾਜਵਾਦੀ ਪਾਰਟੀ ਜਾਂ ਬਹੁਜਨ ਸਮਾਜ ਪਾਰਟੀ ਨੂੰ ਸੱਤਾ ਮਿਲਦੀ ਹੈ ਤਾਂ ਇਹ ਲੋਕ ਸਮਾਜਿਕ ਤਾਣੇ-ਬਾਣੇ ਨੂੰ ਤਬਾਹ ਕਰ ਦਿੰਦੇ ਹਨ। ਉਹ ਆਪਣੀਆਂ ਤੁਸ਼ਟੀਕਰਨ ਯੋਜਨਾਵਾਂ ਨਾਲ ਸਮਾਜ ਨੂੰ ਵਿਕਾਸ ਤੋਂ ਦੂਰ ਲੈ ਜਾਂਦੇ ਹਨ। ਇਨ੍ਹਾਂ ਨੇ ਦੇਸ਼ ਦੀ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਦਾ ਕੰਮ ਕੀਤਾ ਅਤੇ ਅੱਜ ਵੀ ਉਹ ਹੀ ਕੰਮ ਕਰ ਰਹੇ ਹਨ।

# ਪੰਜਾਬ ਦੇ ਖੁਰਾਕ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕੇਂਦਰੀ ਖੁਰਾਕ ਮੰਤਰੀ ਪ੍ਰਲਹਾਦ ਜੋਸ਼ੀ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ/ਨਵੀਂ ਦਿੱਲੀ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਐਫ.ਸੀ.ਆਈ. ਕੋਲ ਚੌਲਾਂ ਦੀ ਡਿਲਿਵਰੀ ਲਈ ਕਵਰਡ ਸਟੋਰੇਜ ਸਪੇਸ (ਭੰਡਾਰਣ ਦੀ ਜਗ੍ਹਾ) ਦੀ ਭਾਰੀ ਘਾਟ ਸਬੰਧੀ ਮੁੱਦਾ ਉਠਾਉਂਦਿਆਂ ਅੱਜ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕੇਂਦਰੀ ਖ਼ਪਤਕਾਰ, ਖੁਰਾਕ ਅਤੇ ਜਨਤਕ ਵੰਡ ਬਾਰੇ ਮੰਤਰੀ ਸ੍ਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕੀਤੀ।



ਇਸ ਮੀਟਿੰਗ ਦੌਰਾਨ ਸ੍ਰੀ ਕਟਾਰੂਚੱਕ ਨੇ ਕੇਂਦਰੀ ਮੰਤਰੀ ਨੂੰ ਜਾਣੂੰ ਕਰਵਾਇਆ ਕਿ ਸੂਬੇ ਵਿੱਚ ਚੌਲਾਂ ਦੇ ਭੰਡਾਰਨ ਲਈ ਥਾਂ ਦੀ ਭਾਰੀ ਘਾਟ ਹੈ ਅਤੇ ਪਿਛਲੇ 5 ਮਹੀਨਿਆਂ ਤੋਂ/24 ਅਪ੍ਰੈਲ ਤੋਂ ਸੂਬੇ ਵਿੱਚੋਂ ਸਿਰਫ਼ 3-4 ਲੱਖ ਮੀਟ੍ਰਿਕ ਟਨ ਚੌਲਾਂ ਦੀ ਸੀਮਤ ਆਵਾਜਾਈ ਕਾਰਨ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ।

ਹੋਰ ਜਾਣਕਾਰੀ ਦਿੰਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ 1 ਅਕਤੂਬਰ ਤੋਂ ਸਾਉਣੀ ਮੰਡੀਕਰਨ ਸੀਜ਼ਨ (ਕੇ. ਐਮ. ਐੱਸ.)-2024 ਸ਼ੁਰੂ ਹੋਣ ਵਾਲਾ ਹੈ, ਇਸ ਮੁੱਦੇ ਨੂੰ ਜਲਦ ਤੋਂ ਜਲਦ ਹੱਲ ਕਰਨ ਦੀ ਲੋੜ ਹੈ ਅਤੇ ਇਸ ਸੀਜ਼ਨ ਦੌਰਾਨ ਲਗਭਗ 185-190 ਲੱਖ ਮੀਟਰਕ ਟਨ ਝੋਨੇ ਦੀ ਖਰੀਦੀ ਕੀਤੀ ਜਾਵੇਗੀ ਜਿਸ ਨਾਲ 125-128 ਲੱਖ ਮੀਟਰਕ ਟਨ ਚੌਲਾਂ ਦੀ ਪੈਦਾਵਾਰ ਹੋਵੇਗੀ।

ਉਨ੍ਹਾਂ ਨੇ ਇਸ ਮੁੱਦੇ ਦਾ ਜਲਦ ਤੋ ਜਲਦ ਹੱਲ ਕਰਨ ‘ਤੇ ਜ਼ੋਰ ਦਿੱਤਾ ਕਿਉਂਕਿ ਪੰਜਾਬ ਦੇ ਰਾਈਸ ਮਿੱਲਰਾਂ ਵਿੱਚ ਥਾਂ ਦੀ ਘਾਟ ਨਾਲ ਪੈਦਾ ਹੋਣ ਵਾਲੀ ਸਮੱਸਿਆ ਕਾਰਨ ਪਹਿਲਾਂ ਹੀ ਚਿੰਤਾ ਹੈ ਅਤੇ ਇਸ ਨਾਲ ਸੀਜ਼ਨ ਦੌਰਾਨ ਝੋਨੇ ਦੀ ਨਿਰਵਿਘਨ ਖਰੀਦ ਪ੍ਰਭਾਵਿਤ ਹੋ ਸਕਦੀ ਹੈ।

ਕੇਂਦਰੀ ਮੰਤਰੀ ਦੇ ਨਿੱਜੀ ਦਖ਼ਲ ’ਤੇ ਜ਼ੋਰ ਦਿੰਦਿਆਂ, ਸ੍ਰੀ ਕਟਾਰੂਚੱਕ ਨੇ ਉਨ੍ਹਾਂ ਨੂੰ ਕਵਰਡ ਸਟੋਰੇਜ ਸਪੇਸ ਦੇ ਲੋੜੀਂਦੇ ਪ੍ਰਬੰਧ ਕਰਨ ਲਈ ਐਫ.ਸੀ.ਆਈ. ਨੂੰ ਨਿਰਦੇਸ਼ ਦੇਣ ਅਤੇ ਸਤੰਬਰ 2024 ਤੋਂ ਮਾਰਚ 2025 ਤੱਕ ਪੰਜਾਬ ਦੇ ਕਵਰਡ ਗੋਦਾਮਾਂ ਤੋਂ ਚੌਲਾਂ ਅਤੇ ਕਣਕ ਦੀਆਂ ਰੋਜ਼ਾਨਾ ਘੱਟੋ-ਘੱਟ 25 ਵਿਸ਼ੇਸ਼ ਰੇਲਗੱਡੀਆਂ ਮੰਗਵਾ ਕੇ ਮਹੀਨਾਵਾਰ ਘੱਟੋ-ਘੱਟ 20 ਲੱਖ ਮੀਟ੍ਰਿਕ ਟਨ ਦੀ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਸਾਉਣੀ ਮੰਡੀਕਰਨ ਸੀਜ਼ਨ 2024 ਲਈ ਚੌਲਾਂ ਦੇ ਭੰਡਾਰਨ ਲਈ ਲੋੜੀਂਦੀ ਥਾਂ ਅਤੇ ਨਿਰਵਿਘਨ ਖਰੀਦ ਸੀਜ਼ਨ ਨੂੰ ਯਕੀਨੀ ਬਣਾਇਆ ਜਾ ਸਕੇ। ਕੇਂਦਰੀ ਮੰਤਰੀ ਨੇ ਥਾਂ ਸਬੰਧੀ ਮੁੱਦਾ ਅਤੇ ਸੂਬੇ ਨੂੰ ਦਰਪੇਸ਼ ਹੋਰ ਮੁੱਦਿਆਂ ਦਾ ਜਲਦ ਤੋਂ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਪ੍ਰਮੁੱਖ ਸਕੱਤਰ ਸ੍ਰੀ ਵਿਕਾਸ ਗਰਗ ਅਤੇ ਡਾਇਰੈਕਟਰ ਸ੍ਰੀ ਪੁਨੀਤ ਗੋਇਲ ਵੀ ਮੌਜੂਦ ਸਨ।

# ਚੰਬਾ ਜ਼ਿਲ੍ਹੇ ’ਚ ਐੱਮਯੂਵੀ ਖੱਡ ’ਚ ਡਿੱਗਣ ਕਾਰਨ 4 ਮੌਤਾਂ ਤੇ 7 ਜ਼ਖ਼ਮੀ

**ਚੰਬਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਦੇ ਭਰਮੌਰ-ਭਰਮਣੀ ਮਾਤਾ ਸੜਕ ‘ਤੇ ਅੱਜ ਮਨੀਮਹੇਸ਼ ਜਾ ਰਹੇ ਐੱਮਯੂਵੀ ਦੇ ਖੱਡ ‘ਚ ਡਿੱਗਣ ਕਾਰਨ ਚਾਰ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ ਸੱਤ ਜ਼ਖਮੀ ਹੋ ਗਏ। ਭਰਮੌਰ ਪੁਲੀਸ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਹਾਦਸਾ ਜ਼ਿਲ੍ਹਾ ਹੈੱਡਕੁਆਰਟਰ ਤੋਂ ਕਰੀਬ 65 ਕਿਲੋਮੀਟਰ ਦੂਰ ਕਲੋਟੀ ਵਿਖੇ ਸਵੇਰੇ 9 ਵਜੇ ਹੋਇਆ। ਹਾਦਸੇ ਦੀ ਸੂਚਨਾ ਮਿਲਦੇ ਹੀ ਸਥਾਨਕ ਲੋਕ ਜ਼ਖ਼ਮੀਆਂ ਨੂੰ ਬਚਾਉਣ ਲਈ ਮੌਕੇ ‘ਤੇ ਪਹੁੰਚ ਗਏ। ਪੁਲੀਸ ਅਤੇ ਹੋਮ



ਗਾਰਡ ਦੇ ਜਵਾਨਾਂ ਸਮੇਤ ਐਮਰਜੰਸੀ ਟੀਮ ਵੀ ਮੌਕੇ ‘ਤੇ ਪਹੁੰਚ ਗਈ ਅਤੇ ਜ਼ਖਮੀਆਂ ਨੂੰ ਭਰਮੌਰ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ।

# ਨਿਰਮਲ ਭੰਗੂ ਦੀ ਧੀ ਨੇ ਹਰ ਨਿਵੇਸ਼ਕ ਦਾ ਪੈਸਾ ਮੋੜਨ ਦਾ ਵਾਅਦਾ ਕੀਤਾ

**ਚੰਡੀਗੜ੍ਹ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

5.5 ਕਰੋੜ ਨਿਵੇਸ਼ਕਾਂ ਨਾਲ 45,000 ਕਰੋੜ (ਨਿਵੇਸ਼ਕਾਂ ਅਨੁਸਾਰ 60,000 ਕਰੋੜ) ਤੋਂ ਵੱਧ ਦੀ ਧੋਖਾਧੜੀ ਕਰਨ ਵਾਲੇ ਪਰਲ ਗਰੁੱਪ ਆਫ਼ ਕੰਪਨੀਜ਼ ਦੇ ਮੈਨੇਜਿੰਗ ਡਾਇਰੈਕਟਰ ਨਿਰਮਲ ਸਿੰਘ ਭੰਗੂ ਦੀ ਮੌਤ ਤੋਂ ਦੋ ਦਿਨ ਬਾਅਦ ਉਸ ਦੀ ਧੀ ਨੇ ਜਨਤਕ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਵਾਅਦਾ ਕੀਤਾ ਗਿਆ ਹੈ ਕਿ ਉਹ ਹਰ ਨਿਵੇਸ਼ਕ ਦਾ ਪੈਸਾ ਮੋੜੇਗੀ। ਅਖ਼ਬਾਰਾਂ ਵਿੱਚ ਜਾਰੀ ਜਨਤਕ ਨੋਟਿਸ ਵਿੱਚ ਭਾਵਨਾਤਮਕ ਅਪੀਲ ਕਰਦੇ ਹੋਏ ਉਸ ਨੇ ਕਿਹਾ, ‘ਸਰਦਾਰ ਨਿਰਮਲ ਸਿੰਘ ਭੰਗੂ ਦਾ ਜੀਵਨ ਪਰਲਜ਼ ਗਰੁੱਪ ਦੇ ਹਰੇਕ ਨਿਵੇਸ਼ਕ ਨੂੰ ਪੈਸੇ ਦੀ ਮੁੜ ਅਦਾਇਗੀ ਲਈ ਸਮਰਪਿਤ ਸੀ। ਉਸ ਨੇ ਕਿਹਾ ਕਿ ਪੀਏਸੀਐੱਲ ਅਤੇ ਪੀਜੀਐੱਫ ਲਿਮਟਿਡ ਦੇ ਨਿਵੇਸ਼ਕਾਂ ਨੂੰ ਪੈਸੇ ਦੀ



ਵਾਪਸੀ ਨਾਲ ਸਬੰਧਤ ਮੁੱਦਿਆਂ ‘ਤੇ ਸੁਪਰੀਮ ਕੋਰਟ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਨੇ 2 ਕਮੇਟੀਆਂ ਬਣਾਈਆਂ ਹਨ, ਜੋ ਨਿਵੇਸ਼ਕਾਂ ਨੂੰ ਪੈਸੇ ਵਾਪਸ ਕਰਨ ਦੀ ਨਿਗਰਾਨੀ ਕਰ ਰਹੀਆਂ ਹਨ।

ਪਰਲ ਗਰੁੱਪ ਪਰਿਵਾਰ ਵੱਲੋਂ ਤੇ ਆਪਣੇ ਪਿਆਰੇ ਪਿਤਾ ਦੇ ਸਨਮਾਨ ਵਿੱਚ ਮੈਂ ਤੁਹਾਨੂੰ ਭਰੋਸਾ ਦਿੰਦੀ ਹਾਂ ਕਿ ਅਸੀ ਹਰ ਸੰਭਵ ਕੋਸ਼ਿਸ਼ ਕਰਾਂਗੇ ਹਰ ਨਿਵੇਸ਼ਕ ਦਾ ਪੈਸਾ ਮੁੜੇ।’

# ਚੰਪਾਈ ਸੋਰੇਨ ਦੀ 5 ਮਹੀਨਿਆਂ ਤੋਂ ਕੀਤੀ ਜਾ ਰਹੀ ਹੈ ਜਾਸੂਸੀ: ਸਰਮਾ

**ਗੁਹਾਟੀ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਅੱਜ ਦੋਸ਼ ਲਾਇਆ ਕਿ ਝਾਰਖੰਡ ਦੇ ਮੰਤਰੀ ਚੰਪਾਈ ਸੋਰੇਨ ਦੀ ਪੰਜ ਮਹੀਨਿਆਂ ਤੋਂ ਉਨ੍ਹਾਂ ਦੀ ਹੀ ਸਰਕਾਰ ਵੱਲੋਂ ਜਾਸੂਸੀ ਕੀਤੀ ਜਾ ਰਹੀ ਹੈ ਤੇ ਉਹ ਪੁਲਸ ਦੀ ‘ਨਿਗਰਾਨੀ’ ਹੇਠ ਹਨ। ਇਸ ਸਬੰਧੀ ਮਾਮਲਾ ਦਰਜ ਕੀਤਾ ਗਿਆ ਹੈ। ਸ੍ਰੀ ਸਰਮਾ ਨੇ ਕਿਹਾ ਕਿ ਝਾਰਖੰਡ ਪੁਲੀਸ ਦੀ ਸਪੈਸ਼ਲ ਬ੍ਰਾਂਚ ਦੇ ਦੋ ਸਬ-ਇੰਸਪੈਕਟਰਾਂ (ਐੱਸਆਈ) ਨੂੰ ਸੋਰੇਨ ਦੇ ਸਮਰਥਕਾਂ ਨੇ ਦਿੱਲੀ ਦੇ ਹੋਟਲ ਵਿੱਚ ਉਦੋਂ ਫੜ ਲਿਆ, ਜਦੋਂ ਉਹ ਸਾਬਕਾ ਮੁੱਖ ਮੰਤਰੀ ‘ਤੇ ਨਜ਼ਰ ਰੱਖ ਰਹੇ ਸਨ। ਸਰਮਾ ਨੇ ਇੱਥੇ ਪ੍ਰੈਸ ਕਾਨਫਰੰਸ ਵਿੱਚ ਕਿਹਾ, ‘ਇਹ ਭਾਰਤੀ ਰਾਜਨੀਤੀ ਵਿੱਚ ਜਾਸੂਸੀ ਦਾ ਦੁਰਲੱਭ ਮਾਮਲਾ ਹੈ, ਅਸੀਂ ਇਸ ਨੂੰ ਉੱਚ ਪੱਧਰ ’ਤੇ ਰੱਖਾਂਗੇ।’ ਉਨ੍ਹਾਂ ਕਿਹਾ ਕਿ ਦੋਵਾਂ ਐੱਸਆਈਜ਼ ਨੂੰ ਦਿੱਲੀ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਅਸਾਮ ਦੇ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਇਹ ਵੀ ਸ਼ੱਕ ਹੈ ਕਿ ਸੋਰੇਨ ਦੇ ਫੋਨ ਟੈਪ ਕੀਤੇ ਜਾ ਸਕਦੇ ਹਨ।

# ਮੁੱਖ ਮੰਤਰੀ ਨੇ ਐਂਟੀ-ਨਾਰਕੋਟਿਕਸ ਟਾਸਕ ਫੋਰਸ ਦੇ ਨਵੇਂ ਦਫ਼ਤਰ ਦਾ ਕੀਤਾ ਉਦਘਾਟਨ; ਨਸ਼ਾ ਵਿਰੋਧੀ ਹੈਲਪਲਾਈਨ ਤੇ ਵਟਸਐਪ ਚੈਟਬੋਟ ਦੀ ਵੀ ਕੀਤੀ ਸ਼ੁਰੂਆਤ

**ਐਸ.ਏ.ਐਸ ਨਗਰ (ਮੁਹਾਲੀ), 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਆਪਣੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ.) ਦਾ ਨਵਾਂ ਦਫ਼ਤਰ ਲੋਕਾਂ ਨੂੰ ਸਮਰਪਿਤ ਕੀਤਾ ਅਤੇ ਨਸ਼ਾ ਵਿਰੋਧੀ ਹੈਲਪਲਾਈਨ ਤੇ ਵਟਸਐਪ ਚੈਟਬੋਟ (97791-00200) ਦੀ ਸ਼ੁਰੂਆਤ ਕੀਤੀ।

ਨਵੇਂ ਬਣੇ ਦਫ਼ਤਰ ਦਾ ਉਦਘਾਟਨ ਕਰਨ ਅਤੇ ਹੈਲਪਲਾਈਨ ਦੀ ਸ਼ੁਰੂਆਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੌਜੂਦਾ ਵਿਸ਼ੇਸ਼ ਟਾਸਕ ਫੋਰਸ ਦੀ ਬਜਾਏ ‘ਅਪੈਕਸ ਸਟੇਟ ਲੈਵਲ ਡਰੱਗ ਲਾਅ ਇਨਫੋਰਸਮੈਂਟ ਯੂਨਿਟ’ ਨੂੰ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ.) ਵਜੋਂ ਨਵਾਂ ਰੂਪ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਸੈੱਲ ਪੁਲਿਸ ਸਟੇਸ਼ਨ ਸੋਹਾਣਾ, ਸੈਕਟਰ-79 ਐਸ.ਏ.ਐਸ.ਨਗਰ ਦੀ ਦੂਜੀ ਮੰਜ਼ਿਲ ’ਤੇ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ 90 ਲੱਖ ਰੁਪਏ ਦੀ ਲਾਗਤ ਨਾਲ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਨਸ਼ਿਆਂ ਵਿਰੁੱਧ ਸਫ਼ਲ ਲੜਾਈ ਲਈ ਨਸ਼ਾ ਵਿਰੋਧੀ ਹੈਲਪਲਾਈਨ ਅਤੇ ਵਟਸਐਪ ਚੈਟਬੋਟ (97791-00200) ਦੀ ਸ਼ੁਰੂਆਤ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਹੈਲਪਲਾਈਨ ਆਮ ਨਾਗਰਿਕਾਂ ਅਤੇ ਨਸ਼ਾ ਪੀੜਤਾਂ ਨੂੰ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇਣ ਦਾ ਮੌਕਾ ਪ੍ਰਦਾਨ ਕਰੇਗੀ ਅਤੇ ਨਸ਼ਾ ਛੱਡਣ ਦੇ ਇਰਾਦੇ ਵਾਲੇ ਪੀੜਤਾਂ ਲਈ ਡਾਕਟਰੀ



ਸਹਾਇਤਾ ਯਕੀਨੀ ਬਣਾਏਗੀ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਨਾਲ ਜ਼ਮੀਨੀ ਪੱਧਰ ’ਤੇ ਨਸ਼ਿਆਂ ਦੀ ਤਸਕਰੀ ਰੋਕਣ ਅਤੇ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਦੀ ਪਛਾਣ ਕਰਨ ਵਿੱਚ ਮਦਦ ਮਿਲੇਗੀ ਅਤੇ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਟਾਸਕ ਫੋਰਸ ਸਿਰਫ਼ ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ ਹੀ ਨਹੀਂ, ਸਗੋਂ ਇਸ ਨਵੀਂ ਵਿਸ਼ੇਸ਼ ਫੋਰਸ ਨੂੰ ਨਸ਼ਿਆਂ ਦੀ ਅਲਾਮਤ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਵਾਧੂ ਮੁਲਾਜ਼ਮ, ਸਾਧਨਾਂ ਅਤੇ ਤਕਨਾਲੋਜੀ ਨਾਲ ਲੈਸ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਏ.ਐਨ.ਟੀ.ਐਫ ਦੀ ਮੌਜੂਦਾ ਮੁਲਾਜ਼ਮਾਂ ਦੀ ਗਿਣਤੀ ਨੂੰ 400 ਤੋਂ ਦੁੱਗਣਾ ਕਰ ਕੇ 861 ਕੀਤਾ ਜਾ ਰਿਹਾ ਹੈ ਅਤੇ ਪੁਲਿਸ ਵਿਭਾਗ ਲਈ ਆਉਣ ਵਾਲੀਆਂ 10,000 ਨਵੀਆਂ ਅਸਾਮੀਆਂ ਦੇ ਹਿੱਸੇ ਵਜੋਂ ਏ.ਐਨ.ਟੀ.ਐਫ ਲਈ ਇਹ ਨਵੀਆਂ ਅਸਾਮੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਮੌਜੂਦਾ ਵਿੱਤੀ ਸਾਲ 2024-25 ਵਿੱਚ ਏ.ਐਨ.ਟੀ.ਐਫ.ਦੀ ਨਵੀਂ ਸਥਾਪਿਤ ਇੰਟੈਲੀਜੈਂਸ ਅਤੇ ਤਕਨੀਕੀ ਇਕਾਈ ਨੂੰ ਅਤਿ-ਆਧੁਨਿਕ ਏਜੰਸੀ ਵਜੋਂ ਵਿਕਸਤ ਕਰਨ ਲਈ ਹਾਈ-ਟੈੱਕ ਸਾਫਟਵੇਅਰ, ਹਾਰਡਵੇਅਰ ਦੀ ਖ਼ਰੀਦ ਅਤੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ 12 ਕਰੋੜ ਰੁਪਏ ਮੁਹੱਈਆ ਕਰਵਾਏ ਹਨ। ਏ.ਐਨ.ਟੀ.ਐਫ.ਦੀ ਬਿਹਤਰੀ ਲਈ 14 ਨਵੀਆਂ ਮਹਿੰਦਰਾ ਸਕਾਰਪੀਓ ਗੱਡੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਏ.ਐੱਨ.ਟੀ.ਐੱਫ. ਨੂੰ ਮੋਹਾਲੀ ਵਿਖੇ ਆਪਣਾ ਸੁਤੰਤਰ ਹੈੱਡਕੁਆਰਟਰ ਸਥਾਪਿਤ ਕਰਨ ਲਈ ਇਕ ਏਕੜ ਦੀ ਵੱਖਰੀ ਜ਼ਮੀਨ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਇਨਫੋਰਸਮੈਂਟ-ਨਸ਼ਾ ਮੁਕਤੀ-ਰੋਕਥਾਮ (ਈ.ਡੀ.ਪੀ) ਰਣਨੀਤੀ ਨੂੰ ਲਾਗੂ ਕਰਨ ਲਈ ਪੰਜਾਬ ਸਟੇਟ ਕੈਂਸਰ ਅਤੇ ਡੀ ਅਡੀਕਸ਼ਨ ਟਰੀਟਮੈਂਟ ਇਨਫਰਾਸਟਰਕਚਰ ਫੰਡ (ਸੀ.ਏ.ਡੀ.ਏ. ਫੰਡ) ਵਿੱਚੋਂ 10 ਕਰੋੜ ਰੁਪਏ ਏ.ਐੱਨ.ਟੀ.ਐੱਫ. ਲਈ ਮਨਜ਼ੂਰ ਕੀਤੇ ਜਾਣਗੇ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੁਲਿਸ ਅਮਨ-ਕਾਨੂੰਨ ਨਾਲ ਸਬੰਧਤ ਗੰਭੀਰ ਮਾਮਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਕਤਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਗਈ ਹੈ ਅਤੇ ਖੰਨਾ ਬੇਅਦਬੀ ਕਾਂਡ ਤੇ ਅੰਮ੍ਰਿਤਸਰ ਵਿੱਚ ਐਨ.ਆਰ.ਆਈ. ਉਤੇ ਹੋਏ ਹਮਲੇ ਵਿੱਚ ਪੁਲਿਸ ਦੀਆਂ ਫੌਰੀ ਕਾਰਵਾਈਆਂ ਦੀ ਸਾਰਿਆਂ ਵੱਲੋਂ ਸ਼ਲਾਘਾ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੁਲਿਸ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਸੂਬੇ ਨਾਲ ਲੱਗਦੀ 532 ਕਿਲੋਮੀਟਰ ਅੰਤਰਰਾਸ਼ਟਰੀ ਸਰਹੱਦ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਮੁਸਤੈਦ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਪੁਲਿਸ ਨੂੰ ਡਰੋਨਾਂ ਅਤੇ ਸਰਹੱਦ ਪਾਰੋਂ ਤਸਕਰੀ ਦੇ ਰੂਪ ਵਿੱਚ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਪੰਜਾਬ ਪੁਲਿਸ ਆਪਣੀ ਡਿਊਟੀ ਕੁਸ਼ਲਤਾ ਨਾਲ ਨਿਭਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕੇਸਾਂ ਵਿੱਚ ਢੁਕਵੀਂ ਕਾਨੂੰਨੀ ਕਾਰਵਾਈ ਲਈ ਇਸ ਨਵੀਂ ਫੋਰਸ ਨਾਲ ਵਿਸ਼ੇਸ਼ ਲਾਅ ਅਫ਼ਸਰ ਤਾਇਨਾਤ ਕੀਤੇ ਗਏ ਹਨ ਅਤੇ ਸੂਬਾ ਸਰਕਾਰ ਨੇ ਪਹਿਲੇ ਦਿਨ ਤੋਂ ਇਹ ਯਕੀਨੀ ਬਣਾਇਆ ਹੈ ਕਿ ਸੂਬੇ ਵਿੱਚ ਨਸ਼ਾ ਤਸਕਰਾਂ ਦੀ ਸਿਆਸੀ ਸਰਪ੍ਰਸਤੀ ਨਾ ਹੋਵੇ ਤਾਂ ਜੋ ਇਸ ਖ਼ਤਰੇ ਨੂੰ ਠੱਲ੍ਹ ਪਾਈ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਵਿਰੁੱਧ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਉਂਦੇ ਹੋਏ ਇਸ ਵਿਰੁੱਧ ਸ਼ਿਕੰਜਾ ਕੱਸਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੀ ਤਸਕਰੀ ਵਿੱਚ ਸ਼ਾਮਲ ਕਈ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕਿਆ ਗਿਆ ਹੈ ਅਤੇ ਉਨ੍ਹਾਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਅਤੇ 379 ਨਸ਼ਾ ਤਸਕਰਾਂ ਦੀਆਂ 173 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ ਅਤੇ ਹੋਰ ਵੀ ਕਾਰਵਾਈ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਤਸੱਲੀ ਦੀ ਗੱਲ ਹੈ ਕਿ ਇਸ ਦੇ ਲੋੜੀਂਦੇ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਨੌਜਵਾਨ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿਚ ਸਰਗਰਮ ਹਿੱਸੇਦਾਰ ਬਣ ਰਹੇ ਹਨ ਅਤੇ ਇਹ ਗੱਲ ਰਿਕਾਰਡ ’ਤੇ ਹੈ ਕਿ ਸੂਬੇ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਦਾਖਲਿਆਂ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਕਾਰਨ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਮੋੜਾ ਪੈ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਲੇਠੀ ਪਹਿਲਕਦਮੀ ਵਜੋਂ ਸੂਬਾ ਸਰਕਾਰ ਨੇ ਪੰਜਾਬ ਪੁਲਿਸ ਵਿੱਚ ਹੇਠਲੇ ਪੱਧਰ ’ਤੇ ਵੱਡੀ ਗਿਣਤੀ ਮੁਲਾਜ਼ਮਾਂ ਦੇ ਤਬਾਦਲੇ ਕੀਤੇ ਹਨ, ਜੋ ਲੰਬੇ ਸਮੇਂ ਤੋਂ ਆਪਣੇ ਪੁਰਾਣੇ ਅਹੁਦਿਆਂ ’ਤੇ ਬਣੇ ਹੋਏ ਸਨ। ਉਨ੍ਹਾਂ ਕਿਹਾ ਕਿ ਡਿਵੀਜ਼ਨਾਂ ਵਿੱਚ ਵੱਡੀ ਗਿਣਤੀ ਵਿੱਚ ਤਬਾਦਲੇ ਕੀਤੇ ਗਏ ਹਨ ਅਤੇ ਤਸਕਰਾਂ ਤੇ ਮੁਲਾਜ਼ਮਾਂ ਦੇ ਨੈੱਟਵਰਕ ਨੂੰ ਤੋੜਨ ਲਈ ਪੁਲਿਸ ਮੁਲਾਜ਼ਮਾਂ ਦੀਆਂ ਤਾਇਨਾਤੀਆਂ ਦੀ ਕਾਰਵਾਈ ਜਾਰੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਦਮ ਦਾ ਮੰਤਵ ਸੂਬੇ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਰੋਕਣਾ ਹੈ ਕਿਉਂਕਿ ਉਨ੍ਹਾਂ ਨੂੰ ਰਿਪੋਰਟਾਂ ਮਿਲੀਆਂ ਸਨ ਕਿ ਹੇਠਲੇ ਪੱਧਰ ਦੇ ਪੁਲਿਸ ਮੁਲਾਜ਼ਮ ਅਤੇ ਨਸ਼ਾ ਤਸਕਰ ਆਪਸ ਵਿੱਚ ਮਿਲੇ ਹੋਏ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਭਰ ਦੇ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਲਈ ਵਿਸ਼ੇਸ਼ ਗ੍ਰਾਂਟਾਂ ਦੇਵੇਗੀ। ਉਨ੍ਹਾਂ ਉਮੀਦ ਜਤਾਈ ਕਿ ਇਨ੍ਹਾਂ ਗ੍ਰਾਂਟਾਂ ਦੀ ਵਰਤੋਂ ਪਿੰਡਾਂ ਵਿੱਚ ਖੇਡਾਂ ਅਤੇ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਜਾਵੇਗੀ, ਜੋ ਨੌਜਵਾਨਾਂ ਦੀ ਅਥਾਹ ਤਾਕਤ ਨੂੰ ਸਾਕਾਰਾਤਮਕ ਦਿਸ਼ਾ ਵਿੱਚ ਲਾਉਣ ਵਿੱਚ ਵਧੇਰੇ ਮਦਦਗਾਰ ਸਾਬਤ ਹੋਵੇਗਾ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ

# ਆਰਐੱਸਐੱਸ ਦੇ ਮੁਖੀ ਮੋਹਨ ਭਾਗਵਤ ਨੂੰ ਮੋਦੀ ਤੇ ਸ਼ਾਹ ਦੇ ਬਰਾਬਰ ਦੀ ਸੁਰੱਖਿਆ



**ਨਵੀਂ ਦਿੱਲੀ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰਹਿ ਮੰਤਰਾਲੇ ਨੇ ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ) ਮੁਖੀ ਮੋਹਨ ਭਾਗਵਤ ਦੀ ਸੁਰੱਖਿਆ ਨੂੰ ਅੱਪਗ੍ਰੇਡ ਕਰ ਦਿੱਤਾ ਹੈ। ਹੁਣ ਉਨ੍ਹਾਂ ਦੀ ਸੁਰੱਖਿਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਰਾਬਰ ਕਰ ਦਿੱਤੀ ਗਈ ਹੈ। ਇੰਟੈਲੀਜੈਂਸ ਬਿਊਰੋ ਵੱਲੋਂ ਦਿੱਤੇ ਸੁਝਾਅ ਬਾਅਦ ਅਜਿਹਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜ਼ੈੱਡ ਪਲੱਸ ਸੁਰੱਖਿਆ ਪ੍ਰਬੰਧ ਅਧੀਨ ਉਹ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀਆਈਐਸਐਫ) ਦੀ ਨਿਗਰਾਨੀ ਹੇਠ ਸਨ।

# ਭਾਰੀ ਮੀਂਹ ਕਾਰਨ 16 ਲੋਕਾਂ ਦੀ ਮੌਤ, ਮੋਦੀ ਨੇ ਮੁੱਖ ਮੰਤਰੀ ਨੂੰ ਫੋਨ ਕਰ ਰਾਹਤ ਕਾਰਜਾਂ ਦਾ ਲਿਆ ਵੇਰਵਾ



**ਨਵੀਂ ਦਿੱਲੀ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਜਰਾਤ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ 9 ਹੋਰ ਲੋਕਾਂ ਦੀ ਮੌਤ ਹੋ ਗਈ, ਜਿਸ ਨਾਲ ਦੋ ਦਿਨਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 16 ਹੋ ਗਈ ਹੈ, ਜਦੋਂ ਕਿ 8,500 ਲੋਕਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਸੁਰੱਖਿਅਤ ਸਥਾਨਾਂ ਤੇ ਪਹੁੰਚਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਨੂੰ ਲਗਾਤਾਰ ਚੌਥੇ ਦਿਨ ਸੂਬੇ ਦੇ ਕੁਝ ਹਿੱਸਿਆਂ ’ਚ ਬਾਰਿਸ਼ ਜਾਰੀ ਰਹੀ। ਅਥਾਰਟੀ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐੱਨ.ਡੀ.ਆਰ.ਐੱਫ.), ਰਾਜ ਐੱਸ.ਡੀ.ਆਰ.ਐੱਫ., ਫੌਜ, ਭਾਰਤੀ ਹਵਾਈ ਸੈਨਾ ਅਤੇ ਭਾਰਤੀ ਕੋਸਟ ਗਾਰਡ ਦੇ ਨਾਲ ਰਾਹਤ ਅਤੇ ਬਚਾਅ ਕਾਰਜ ਚਲਾ ਰਹੀ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਥਿਤੀ ਦਾ ਜਾਇਜ਼ਾ ਲੈਣ ਅਤੇ ਸੰਕਟ ਵਿੱਚ ਕੇਂਦਰ ਦੀ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭੁਪੇਂਦਰ ਪਟੇਲ ਨੂੰ ਫੋਨ ਕੀਤਾ।

ਇੱਕ ਅਧਿਕਾਰਤ ਰੀਲੀਜ਼ ਵਿੱਚ ਕਿਹਾ ਗਿਆ ਹੈ ਕਿ ਮੰਗਲਵਾਰ ਨੂੰ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਕੰਧ ਡਿੱਗਣ ਅਤੇ ਡੁੱਬਣ ਵਰਗੀਆਂ ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ ਕੁੱਲ 9 ਲੋਕਾਂ ਦੀ ਮੌਤ ਹੋ ਗਈ। ਸੋਮਵਾਰ ਨੂੰ ਸੂਬੇ ’ਚ ਇਸੇ ਤਰ੍ਹਾਂ ਦੀਆਂ ਘਟਨਾਵਾਂ ’ਚ 7 ਲੋਕਾਂ ਦੀ ਮੌਤ ਹੋ ਗਈ। ਆਨੰਦ ਜ਼ਿਲ੍ਹੇ ਵਿੱਚ ਮੰਗਲਵਾਰ ਨੂੰ ਇੱਕ ਕੰਧ ਡਿੱਗਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ। ਮਹੀਸਾਗਰ ਜ਼ਿਲ੍ਹੇ ਵਿੱਚ ਕੰਧ ਡਿੱਗਣ ਦੀਆਂ ਘਟਨਾਵਾਂ ਵਿੱਚ ਦੋ ਅਤੇ ਖੇੜਾ ਅਤੇ ਅਹਿਮਦਾਬਾਦ ਜ਼ਿਲ੍ਹਿਆਂ ਵਿੱਚ ਇੱਕ-ਇੱਕ ਵਿਅਕਤੀ ਦੀ ਮੌਤ ਹੋ ਗਈ। ਜੂਨਾਗੜ੍ਹ ਅਤੇ ਭਰੂਚ ਜ਼ਿਲ੍ਹਿਆਂ ਵਿੱਚ ਇੱਕ-ਇੱਕ ਵਿਅਕਤੀ ਡੁੱਬ ਗਿਆ।

# ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਦਿਵਾਉਣ ਲਈ ਬੰਗਾਲ ਸਰਕਾਰ ਮੌਜੂਦਾ ਕਾਨੂੰਨ ’ਚ ਸੋਧ ਕਰੇਗੀ: ਮਮਤਾ

**ਕੋਲਕਾਤਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀ ਨੀਤੀ ‘ਬਲਾਤਕਾਰ ਨਾਲ ਸਬੰਧਤ ਘਟਨਾਵਾਂ ਲਈ ਜ਼ੀਰੋ ਟੋਲਰੈਂਸ’ ਦੀ ਹੈ। ਇਨ੍ਹਾਂ ਮਾਮਲਿਆਂ ਨਾਲ ਸਬੰਧਤ ਮੌਜੂਦਾ ਕਾਨੂੰਨਾਂ ਵਿੱਚ ਸੋਧ ਲਈ ਅਗਲੇ ਹਫ਼ਤੇ ਬਿੱਲ ਰਾਜ ਵਿਧਾਨ ਸਭਾ ਵਿੱਚ ਪਾਸ ਕੀਤਾ ਜਾਵੇਗਾ ਕੀਤਾ ਜਾਵੇ ਤਾਂ ਜੋ ਬਲਾਤਕਾਰ ਦੇ ਦੋਸ਼ੀਆਂ ਨੂੰ ਮੌਤ ਦੀ



ਸਜ਼ਾ ਯਕੀਨੀ ਬਣਾਈ ਜਾ ਸਕੇ। ਬੈਨਰਜੀ ਨੇ ਕਿਹਾ ਕਿ ਜੇ ਰਾਜਪਾਲ ਸੋਧੇ ਬਿੱਲ ਨੂੰ ਮਨਜ਼ੂਰੀ ਦੇਣ ‘ਚ ਦੇਰੀ ਕਰਦੇ ਹਨ ਜਾਂ ਇਸ ਨੂੰ ਮਨਜ਼ੂਰੀ ਲਈ ਰਾਸ਼ਟਰਪਤੀ ਕੋਲ ਭੇਜਿਆ ਜਾਂਦਾ ਹੈ ਤਾਂ ਉਹ ਰਾਜ ਭਵਨ ਦੇ ਬਾਹਰ ਧਰਨੇ ’ਤੇ ਬੈਠਣਗੇ। ਮੁੱਖ ਮੰਤਰੀ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਬਲਾਤਕਾਰ ਦੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਵਾਲਾ ਕਾਨੂੰਨ ਪਾਸ ਕਰਨ ਲਈ ਕੇਂਦਰ ‘ਤੇ ਦਬਾਅ ਬਣਾਉਣ ਲਈ ਸ਼ਨਿਚਰਵਾਰ ਤੋਂ ਸੂਬੇ ‘ਚ ਜ਼ਮੀਨੀ ਪੱਧਰ ‘ਤੇ ਅੰਦੋਲਨ ਸ਼ੁਰੂ ਕਰੇਗੀ।

ਤ੍ਰਿਣਮੂਲ ਕਾਂਗਰਸ ਛਾਤਰ ਪਰਿਸ਼ਦ ਦੇ ਸਥਾਪਨਾ ਦਿਵਸ ‘ਤੇ ਰੈਲੀ ‘ਚ ਉਨ੍ਹਾਂ ਕਿਹਾ,‘ਅਸੀਂ ਅਗਲੇ ਹਫਤੇ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ‘ਚ ਸੋਧ ਬਿੱਲ ਪਾਸ ਕਰ ਦੇਵਾਂਗੇ।’

# ਕੈਨੇਡਾ ਪੁਲੀਸ ਨੇ ਨਿੱਝਰ ਦੇ ਸਾਥੀ ਗੋਸਲ ਨੂੰ ਜਾਨ ਦੇ ਖ਼ਤਰੇ ਦੀ ਚਿਤਾਵਨੀ ਦਿੱਤੀ



**ਚੰਡੀਗੜ੍ਹ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡੀਅਨ ਪੁਲੀਸ ਨੇ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਸਾਥੀ ਰਹੇ ਇੰਦਰਜੀਤ ਸਿੰਘ ਗੋਸਲ ਨੂੰ ਉਸ ਦੀ ਜਾਨ ਨੂੰ ਖ਼ਤਰੇ ਦੀ ਚਿਤਾਵਨੀ ਦਿੱਤੀ ਹੈ। ਗੋਸਲ ਨੂੰ ਇਸ ਹਫਤੇ ‘ਡਿਊਟੀ ਟੂ ਵਾਰਨ’ ਨੋਟਿਸ ਜਾਰੀ ਕੀਤਾ ਗਿਆ। ਗੋਸਲ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਝਰ ਦਾ ਸਹਿਯੋਗੀ ਸੀ, ਜਿਸ ਨੂੰ ਜੂਨ 2023 ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਨਿੱਝਰ ਦੀ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਤਲ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ਾਂ ਕਾਰਨ ਕੈਨੇਡਾ ਅਤੇ ਭਾਰਤ ਦਰਮਿਆਨ ਤਣਾਅ ਵਧ ਗਿਆ। ਪੁਲੀਸ ਨੇ ਇਸ ਤੋਂ ਬਾਅਦ ਚਾਰ ਵਿਅਕਤੀਆਂ ‘ਤੇ ਹੱਤਿਆ ਦਾ ਦੋਸ਼ ਲਗਾਇਆ ਹੈ। ਭਾਰਤ ਨੇ ਗੋਲੀਬਾਰੀ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ।

# ਰਾਹੁਲ ਸਿਰਫ਼ ਕੁਰਸੀ ਪਿੱਛੇ, ਕੰਮ ਤੇ ਵਿਵਹਾਰ ਤੋਂ ਬੇਕਾਰ : ਬੇਕਾਰ

**ਨਵੀਂ ਦਿੱਲੀ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਨੇ ਇੱਕ ਵਾਰ ਫਿਰ ਰਾਹੁਲ ਗਾਂਧੀ ’ਤੇ ਤਿੱਖਾ ਬਿਆਨ ਦਿੱਤਾ ਹੈ। ਇਕ ਇੰਟਰਵਿਊ ’ਚ ਕੰਗਨਾ ਨੇ ਰਾਹੁਲ ਗਾਂਧੀ ਦੇ ਕੰਮ ਕਰਨ ਦੀ ਸ਼ੈਲੀ ਅਤੇ ਵਿਵਹਾਰ ’ਤੇ ਸਵਾਲ ਖੜ੍ਹੇ ਕਰਦੇ ਹੋਏ ਕਿਹਾ ਕਿ ਰਾਹੁਲ ਗਾਂਧੀ ਸਿਰਫ਼ ਕੁਰਸੀ ਲਈ ਕੰਮ ਕਰਦੇ ਹਨ ਅਤੇ ਉਨ੍ਹਾਂ ਕੋਲ ਕੋਈ ਸਪੱਸ਼ਟ ਨਜ਼ਰ ਨਹੀਂ ਹੈ। ਉਹ ਆਪਣੇ ਕੰਮ ਅਤੇ ਵਿਹਾਰ ਵਿੱਚ ਬਿਲਕੁਲ ਰੱਦੀ ਹਨ। ਉਹਨਾਂ ਨੇ ਉਸ ਦੀ ਕੁੱਲ Mess ਕਹਿ ਕੇ ਆਲੋਚਨਾ ਕੀਤੀ।

ਕੰਗਨਾ ਨੇ ਕਿਹਾ ਕਿ ਰਾਹੁਲ ਗਾਂਧੀ ਦੇ ਵਿਵਹਾਰ ਅਤੇ ਕੰਮ ਕਰਨ



ਦਾ ਤਰੀਕਾ ਬੇਨਿਯਮੀਆਂ ਨਾਲ ਭਰਿਆ ਹੋਇਆ ਹੈ। ਉਸ ਕੋਲ ਆਪਣਾ ਕੋਈ ਰਸਤਾ ਨਹੀਂ ਹੈ ਅਤੇ ਉਸ ਦੇ ਭਾਸ਼ਣਾਂ ਵਿਚ ਵੀ ਸਪੱਸ਼ਟਤਾ ਦੀ ਘਾਟ ਹੈ। ਉਨ੍ਹਾਂ ਰਾਹੁਲ ਗਾਂਧੀ ਦੀ ਤੁਲਨਾ ਉਹਨਾਂ ਦੀ ਦਾਦੀ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਕੀਤੀ ਅਤੇ ਕਿਹਾ ਕਿ ਰਾਹੁਲ ਦਾ ਰਸਤਾ ਉਨ੍ਹਾਂ ਤੋਂ ਬਿਲਕੁਲ ਵੱਖਰਾ ਹੈ ਅਤੇ ਉਨ੍ਹਾਂ ’ਚ ਕਿਸੇ ਨੇਤਾ ਵਰਗੇ ਠੋਸ ਵਿਚਾਰ ਨਹੀਂ ਹਨ।

# ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਮੁੜ ਕਾਂਗਰਸ ’ਚ ਹੋਏ ਸ਼ਾਮਲ

**ਚੰਡੀਗੜ੍ਹ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਨੂੰ ਅੱਜ ਉਸ ਸਮੇਂ ਵੱਡਾ ਝਟਕਾ ਲੱਗਿਆ ਜਦੋਂ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਕਾਂਗਰਸ ਵਿਚ ਘਰ ਵਾਪਸੀ ਕਰ ਲਈ। ਪੰਜਾਬ ਕਾਂਗਰਸ ਦੇ ਇੰਚਾਰਜ ਦੇਵੇਂਦਰ ਯਾਦਵ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ। ਸ਼ਾਮ ਸੁੰਦਰ ਅਰੋੜਾ ਨੂੰ ਰਿਸ਼ਵਤ ਦੇ ਇਲਜ਼ਾਮ ਹੇਠ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ’ਤੇ ਵਿਜੀਲੈਂਸ ਅਧਿਕਾਰੀ ਨੂੰ 50 ਲੱਖ ਦੀ ਰਿਸ਼ਵਤ ਦੇਣ ਦੇ ਦੋਸ਼ ਲਗਾਏ ਗਏ ਸਨ।

ਦੱਸਣਯੋਗ ਹੈ ਕਿ ਸੁੰਦਰ ਸ਼ਾਮ ਅਰੋੜਾ ਪਿੰਡ ਗੜ੍ਹਦੀਵਾਲਾ ਦੇ ਰਹਿਣ ਵਾਲੇ ਹਨ। 1980 ਦੇ ਦਹਾਕੇ ’ਚ ਉਹ ਗੜ੍ਹਦੀਵਾਲਾ ਛੱਡ ਕੇ ਹੁਸ਼ਿਆਪੁਰ ਚਲੇ ਗਏ, ਜਿੱਥੇ ਉਨ੍ਹਾਂ ਨੇ ਕੋਤਵਾਲੀ ਬਾਜ਼ਾਰ ’ਚ ਦੁਕਾਨ ਖੋਲ੍ਹੀ ਸੀ। ਬਾਅਦ ਵਿੱਚ ਉਨ੍ਹਾਂ ਇਕ ਗੈਸ ਏਜੰਸੀ ਖੋਲ੍ਹੀ ਅਤੇ ਨਾਲ ਹੀ



ਜ਼ਮੀਨ ਦੀ ਖ਼ਰੀਦੋ-ਫਰੋਖਤ ਦਾ ਕੰਮ ਸ਼ੁਰੂ ਕੀਤਾ। 2002 ਸ਼ਾਮ ਸੁੰਦਰ ਅਰੋੜਾ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਹਾਰ ਗਏ। ਉਨ੍ਹਾਂ ਨੇ 2007 ਵਿੱਚ ਚੋਣ ਨਹੀਂ ਲੜੀ। ਸਾਲ 2012 ’ਚ ਕਾਂਗਰਸ ਵੱਲੋਂ ਚੋਣ ਲੜੀ ਅਤੇ ਜਿੱਤ ਮਿਲੀ। 2017 ਦੀਆਂ ਚੋਣਾਂ ਵਿੱਚ ਵੀ ਸੁੰਦਰ ਸ਼ਾਮ ਅਰੋੜਾ ਨੂੰ ਜਿੱਤ ਹਾਸਲ ਹੋਈ। ਅਰੋੜਾ ਨੇ ਸਾਬਕਾ ਕੈਬਨਿਟ ਮੰਤਰੀ ਤੀਕਸ਼ਨ ਸੂਦ ਨੂੰ ਹਰਾਇਆ ਸੀ।

ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਚ ਉਨ੍ਹਾਂ ਨੂੰ ਉਦਯੋਗ ਮੰਤਰੀ ਬਣਾਇਆ ਗਿਆ ਸੀ। ਹਾਲਾਂਕਿ ਜਦੋਂ ਚਰਨਜੀਤ ਸਿੰਘ ਚੰਨੀ ਸੂਬੇ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੂੰ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਸਾਲ 2022 ਦੀਆਂ ਚੋਣਾਂ ਵਿੱਚ ਸੁੰਦਰ ਸ਼ਾਮ ਅਰੋੜਾ ਹਾਰ ਗਏ ਸਨ।

ਇਸ ਤੋ ਬਾਅਦ ਅਰੋੜਾ ਨੇ ਤਿੰਨ ਹੋਰ ਸਾਬਕਾ ਮੰਤਰੀਆਂ ਰਾਜ ਕੁਮਾਰ ਵੇਰਕਾ, ਬਲਬੀਰ ਸਿੰਘ ਅਤੇ ਗੁਰਪ੍ਰੀਤ ਕਾਂਗੜ ਸਮੇਤ 5 ਜੂਨ 2023 ’ਚ ਭਾਜਪਾ ਦਾ ਪੱਲਾ ਫੜ ਲਿਆ ਸੀ ਅਤੇ ਅੱਜ ਮੁੜ ਉਨ੍ਹਾਂ ਨੇ ਕਾਂਗਰਸ ਵਿਚ ਘਰ ਵਾਪਸੀ ਕਰ ਲਈ ਹੈ।

# ਝੋਨੇ/ਬਾਸਮਤੀ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਮੀਟਿੰਗ ਦਾ ਆਯੋਜਨ

**ਸ੍ਰੀ ਮੁਕਤਸਰ ਸਾਹਿਬ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਤ੍ਰਿਪਾਠੀ ਦੀ ਪ੍ਰਧਾਨਗੀ ਹੇਠ ਬੀਤੇ ਦਿਨੀਂ ਕਰਾਪ ਰੈਜ਼ੀਡਿਊ ਮੈਨੇਜਮੈਂਟ (ਸੀ.ਆਰ.ਐਮ.) ਸਕੀਮ ਸਾਲ 2024-25 ਅਧੀਨ ਸਟੇਟ ਪੱਧਰ ’ਤੇ ਬਣਾਏ ਗਏ ਸਲਾਨਾ ਐਕਸ਼ਨ ਪਲਾਨ ਤਹਿਤ ਝੋਨੇ/ਬਾਸਮਤੀ ਦੀ ਪਰਾਲੀ ਦੇ ਪ੍ਰਬੰਧਨ ਸਬੰਧੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੌਰਾਨ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੇ ਨੁਮਾਂਇੰਦੇ, ਡਿਪਟੀ ਰਜਿਸਟਰਾਰ ਸੁਸਾਇਟੀਆਂ ਦੇ ਨੁਮਾਂਇੰਦੇ, ਕਿਸਾਨ ਯੂਨੀਅਨ ਅਤੇ ਆਰ.ਜੀ.ਆਰ. (ਐਨ.ਜੀ.ਓ), ਸ੍ਰੀ ਮੁਕਤਸਰ ਸਾਹਿਬ ਵੱਲੋਂ ਭਾਗ ਲਿਆ ਗਿਆ।

ਮੀਟਿੰਗ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ, ਸ੍ਰੀ ਗੁਰਨਾਮ ਸਿੰਘ ਨੇ ਦੱਸਿਆ ਕਿ ਆਉਣ ਵਾਲੇ ਸਾਉਣੀ ਦੇ ਸੀਜ਼ਨ ਦੌਰਾਨ ਝੋਨੇ/ਬਾਸਮਤੀ ਦਾ ਬੀਜਿਆ ਰਕਬਾ 2.03 ਲੱਖ ਹੈਕਟੇਅਰ ਹੈ, ਇਸ ਤੋਂ ਲਗਭਗ 12.10 ਮੀਟ੍ਰਿਕ ਟਨ ਪਰਾਲੀ ਪੈਦਾ ਹੋਵੇਗੀ। ਇਸ ਪਰਾਲੀ ਦੇ ਪ੍ਰਬੰਧਨ ਲਈ ਜ਼ਿਲ੍ਹੇ ਵਿੱਚ ਲਗਭਗ ਸਬਸਿਡੀ ’ਤੇ 8669 ਮਸ਼ੀਨਾਂ ਮੌਜੂਦ ਹਨ।

ਉਨ੍ਹਾਂ ਦੱਸਿਆ ਕਿ ਜੋ ਕੋ-ਆਪ੍ਰੇਟਿਵ ਸੁਸਾਇਟੀ ਸਭ ਤੋਂ ਵੱਧ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਵਿੱਚ ਆਪਣਾ ਯੋਗਦਾਨ ਪਾਵੇਗੀ ਅਤੇ ਵਧੀਆ ਕੰਮ ਕਰੇਗੀ, ਉਨ੍ਹਾਂ ਨੂੰ 1,00,000/- ਰੁਪਏ ਦੀ ਪ੍ਰੋਤਸਾਹਨ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੋ-ਆਪ੍ਰੇਟਿਵ ਸੁਸਾਇਟੀਆਂ ਨੂੰ ਉਪਦਾਨ ’ਤੇ ਜੋ ਮਸ਼ੀਨਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਮਸ਼ੀਨਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਆਈ.ਈ.ਸੀ. ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਐਨ.ਜੀ.ਓਜ਼ ਵੱਲੋਂ ਵੀ ਜੋ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ, ਉਹ ਵਿਭਾਗ ਨੂੰ ਸਹਿਯੋਗ ਦੇਣ ਤਾਂ ਜੋ ਵੱਧ ਤੋਂ ਵੱਧ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਬਾਰੇ ਜਾਗਰੂਕ ਕੀਤਾ ਜਾ ਸਕੇ।

ਮੀਟਿੰਗ ਦੌਰਾਨ ਕਿਸਾਨ ਯੂਨੀਅਨ ਵੱਲੋਂ ਆਪਣੀਆਂ ਸਮੱਸਿਆਵਾਂ ਬਾਰੇ ਜਾਣੂੰ ਕਰਵਾਉਂਦਿਆ ਦੱਸਿਆ ਗਿਆ ਕਿ ਸੇਮ ਪ੍ਰਭਾਵਿਤ ਪਿੰਡਾਂ ਦੀ ਵੰਡ ਕੀਤੀ ਜਾਵੇ। ਇਸ ਸਬੰਧੀ ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਕਿਹਾ ਗਿਆ ਕਿ 77 ਸੇਮ ਪ੍ਰਭਾਵਿਤ ਪਿੰਡਾਂ ਨੂੰ ਸੇਮ ਵਿੱਚ ਸ਼ਾਮਲ ਕੀਤਾ ਜਾ ਚੁੱਕਾ ਹੈ ਅਤੇ ਬਲਾਕ ਪੱਧਰ ’ਤੇ ਇੱਕ ਟੀਮ ਬਣਾ ਕੇ ਇਨ੍ਹਾਂ ਪਿੰਡਾਂ ਦਾ ਸਰਵੇਖਣ ਵੀ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਕਿਸਾਨ ਯੂਨੀਅਨ ਦੇ ਹੋਰ ਮੁੱਦਿਆਂ ’ਤੇ ਵਿਚਾਰ ਕਰਨ ਲਈ ਡਿਪਟੀ ਕਮਿਸ਼ਨਰ, ਸ੍ਰੀ ਰਾਜੇਸ਼ ਤ੍ਰਿਪਾਠੀ ਵੱਲੋਂ ਕਿਸਾਨ ਯੂਨੀਅਨ ਨਾਲ ਅਲੱਗ ਤੋਂ ਮੀਟਿੰਗ ਕੀਤੀ ਜਾਵੇਗੀ।

# ਹੜਤਾਲ ਖ਼ਤਮ ਕਰਨ ਦੇ ਦੋ ਦਿਨਾਂ ਮਗਰੋਂ ਡਾਕਟਰਾਂ ਨਾਲ ਬਦਸਲੂਕੀ

## ਮੈਡੀਕਲ ਸੁਪਰਡੈਂਟ ਦੀ ਸ਼ਿਕਾਇਤ ’ਤੇ ਮੁਲਜ਼ਮਾਂ ਨੂੰ ਹਿਰਾਸਤ ’ਚ ਲਿਆ; ਲਿਖਤੀ ਮੁਆਫੀਨਾਮੇ ਮਗਰੋਂ ਛੱਡਿਆ

**ਪਟਿਆਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਮੈਡੀਕਲ ਕਾਲਜ ਅਤੇ ਰਜਿੰਦਰਾ ਹਸਪਤਾਲ ਦੇ ਰੈਜ਼ੀਡੈਂਟ ਡਾਕਟਰਾਂ ਦੀ ਹੜਤਾਲ ਖ਼ਤਮ ਹੋਇਆਂ ਹਾਲੇ ਦੋ ਦਿਨ ਵੀ ਨਹੀਂ ਹੋਏ ਕਿ ਹਸਪਤਾਲ ਵਿੱਚ ਰੈਜ਼ੀਡੈਂਟ ਡਾਕਟਰਾਂ ਨਾਲ ਬਦਸਲੂਕੀ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਮੈਡੀਕਲ ਸੁਪਰਡੈਂਟ ਨੇ ਪੁਲੀਸ ਕੋਲ ਸ਼ਿਕਾਇਤ ਕੀਤੀ ਹੈ। ਬਦਸਲੂਕੀ ਕਰਨ ਵਾਲੇ ਮੁਲਜ਼ਮਾਂ ਦੀ ਪਛਾਣ ਵੀ ਹੋ ਗਈ ਹੈ।



ਮੈਡੀਕਲ ਸੁਪਰਡੈਂਟ ਦੇ ਦਫ਼ਤਰ ਦੇ ਉਡੀਕ ਕਮਰੇ ਵਿੱਚ ਪੁਲੀਸ ਨਾਲ ਗੱਲਬਾਤ ਕਰਦੇ ਹੋਏ ਡਾਕਟਰ ਤੇ ਮੁਲਜ਼ਮ।

ਜਾਣਕਾਰੀ ਅਨੁਸਾਰ ਬੀਤੀ ਰਾਤ ਸਰਜਰੀ ਐਮਰਜੈਂਸੀ ਵਾਰਡ ਵਿੱਚ ਮਰੀਜ਼ ਦੇ ਰਿਸ਼ਤੇਦਾਰਾਂ ਨੇ ਇੱਕ ਰੈਜ਼ੀਡੈਂਟ ਡਾਕਟਰ ਨਾਲ ਬਦਸਲੂਕੀ ਕਰਦਿਆਂ ਉਸ ਨੂੰ ਧਮਕੀਆਂ ਦਿੱਤੀਆਂ। ਧਮਕੀ ਦੇਣ ਵਾਲਾ ਆਪਣੇ-ਆਪ ਨੂੰ ਇਕ ਸਿਆਸੀ ਪਾਰਟੀ ਦਾ ਕਾਰਕੁਨ ਦੱਸ ਰਿਹਾ ਸੀ। ਰੈਜ਼ੀਡੈਂਟ ਡਾਕਟਰ ਨੇ ਦੱਸਿਆ ਕਿ ਦੇਰ ਰਾਤ ਉਹ ਵਾਰਡ ਵਿੱਚ ਮਰੀਜ਼ਾਂ ਦਾ ਇਲਾਜ ਕਰਨ ਵਿੱਚ ਰੁੱਝੇ ਹੋਏ ਸਨ ਤਾਂ ਇੱਕ ਮਰੀਜ਼ ਨਾਲ ਤਿੰਨ ਚਾਰ ਵਿਅਕਤੀ ਐਮਰਜੈਂਸੀ ਵਾਰਡ ਵਿੱਚ ਦਾਖਲ ਹੋਏ।

ਉਨ੍ਹਾਂ ਨੇ ਮਰੀਜ਼ ਨਾਲ ਸਿਰਫ਼ ਇੱਕ ਰਿਸ਼ਤੇਦਾਰ ਨੂੰ ਰੁਕਣ ਲਈ ਕਿਹਾ ਤਾਂ ਉਹ ਦੁਰਵਿਵਹਾਰ ਕਰਦਿਆਂ ਡਾਕਟਰਾਂ ਨੂੰ ਧਮਕਾਉਂਦੇ ਰਹੇ। ਹਾਲਾਂਕਿ ਮਰੀਜ਼ ਦਾ ਇਲਾਜ ਤਸੱਲੀਬਖ਼ਸ਼ ਚੱਲ ਰਿਹਾ ਸੀ, ਜਿਸ ਮਗਰੋਂ ਉਨ੍ਹਾਂ ਰੈਜ਼ੀਡੈਂਟ ਡਾਕਟਰ ਐਸੋਸੀਏਸ਼ਨ ਨਾਲ ਸੰਪਰਕ ਕੀਤਾ। ਇੱਕ ਹੋਰ ਘਟਨਾ ਵਿੱਚ ਰੇਡੀਓਲੋਜੀ ਵਿਭਾਗ ਦੇ ਰੈਜ਼ੀਡੈਂਟ ਡਾਕਟਰ ਨਾਲ ਮਰੀਜ਼ ਦੇ ਰਿਸ਼ਤੇਦਾਰਾਂ ਨੇ ਅਲਟਰਾਸਾਊਂਡ ਦੀ ਰਿਪੋਰਟ ਜਲਦੀ ਦੇਣ ਲਈ ਝਗੜਾ ਕੀਤਾ। ਡਾਕਟਰ ਨੇ ਦੱਸਿਆ ਕਿ ਅਲਟਰਾਸਾਊਂਡ ਦੀ ਰਿਪੋਰਟ ਲੜੀ ਅਨੁਸਾਰ ਜਾਂ ਮਰੀਜ਼ ਦੀ ਹਾਲਤ ਅਨੁਸਾਰ ਜਾਰੀ ਕੀਤੀ ਜਾਂਦੀ ਹੈ ਪਰ ਮਰੀਜ਼ ਦੇ ਰਿਸ਼ਤੇਦਾਰ ਇਸ ਗੱਲ ਪਿੱਛੇ ਡਾਕਟਰ ਨਾਲ ਬਹਿਸਣ ਲੱਗ ਪਏ ਅਤੇ ਉਸ ਨਾਲ ਬਦਸਲੂਕੀ ਕੀਤੀ ਅਤੇ ਧਮਕੀਆਂ ਵੀ ਦਿੱਤੀਆਂ।

ਐਸੋਸੀਏਸ਼ਨ ਦੇ ਪ੍ਰਧਾਨ ਡਾ. ਅਕਸ਼ੈ ਸੇਠ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਕਾਲਜ ਪ੍ਰਸ਼ਾਸਨ ਨੂੰ ਇਸ ਸਬੰਧੀ ਸ਼ਿਕਾਇਤ ਕਰ ਦਿੱਤੀ ਗਈ ਹੈ। ਮੈਡੀਕਲ ਸੁਪਰਡੈਂਟ ਡਾ. ਗਿਰੀਸ਼ ਸਾਹਨੀ ਨੇ ਸ਼ਿਕਾਇਤਾਂ ’ਤੇ ਕਾਰਵਾਈ ਕਰਦਿਆਂ ਤੁਰੰਤ ਐੱਸਐੱਚਓ ਥਾਣਾ ਸਿਵਲ ਲਾਈਨ ਨੂੰ ਐੱਫਆਈਆਰ ਦਰਜ ਕਰਨ ਲਈ ਸ਼ਿਕਾਇਤ ਕੀਤੀ, ਜਿਸ ’ਤੇ ਪੁਲੀਸ ਪ੍ਰਸ਼ਾਸਨ ਨੇ ਹਰਕਤ ਵਿੱਚ ਆਉਂਦਿਆਂ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ। ਮੁਲਜ਼ਮਾਂ ਤੋਂ ਐੱਫਆਈਆਰ ਦਰਜ ਨਾ ਕਰਨ ਪਿੱਛੇ ਲਿਖਤੀ ਮੁਆਫੀਨਾਮੇ ’ਤੇ ਹਸਤਾਖ਼ਰ ਕਰਵਾਏ ਗਏ ਅਤੇ ਉਨ੍ਹਾਂ ਭਵਿੱਖ ਵਿੱਚ ਕਿਸੇ ਵੀ ਡਾਕਟਰ ਅਤੇ ਮੈਡੀਕਲ ਸਟਾਫ਼ ਨਾਲ ਗ਼ਲਤ ਵਿਹਾਰ ਅਤੇ ਬਦਸਲੂਕੀ ਕਰਨ ਤੋਂ ਤੋਬਾ ਕੀਤੀ।

ਜ਼ਿਕਰਯੋਗ ਹੈ ਕਿ ਰਜਿੰਦਰਾ ਹਸਪਤਾਲ ਵਿੱਚ ਰੈਜ਼ੀਡੈਂਟ ਡਾਕਟਰ ਐਸੋਸੀਏਸ਼ਨ ਵੱਲੋਂ ਅੱਠ ਦਿਨ ਓਪੀਡੀ ਸੇਵਾਵਾਂ ਬੰਦ ਕਰਕੇ ਹੜਤਾਲ ਕੀਤੀ ਸੀ ਜਿਸ ਵਿੱਚ ਇਹ ਮੰਗ ਕੀਤੀ ਗਈ ਸੀ ਕਿ ਹਸਪਤਾਲ ਦੇ ਸੁਰੱਖਿਆ ਪ੍ਰਬੰਧਾਂ ਨੂੰ ਸੁਧਾਰਿਆ ਜਾਵੇ।

# ਪ੍ਰੋਗਰੈਸਿਵ ਅਤੇ ਗੁਡਵਿੱਲ ਗਰੁੱਪ ਵੱਲੋਂ ਇਕਜੁੱਟਤਾ ਦਾ ਐਲਾਨ

**ਪਟਿਆਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਦੋਵੇਂ ਗਰੁੱਪਾਂ ਦੇ ਮੈਂਬਰ ਸਾਂਝੇ ਤੌਰ ’ਤੇ ਏਕਤਾ ਦਾ ਐਲਾਨ ਕਰਦੇ ਹੋਏ।

ਪੰਜਾਬ ਦੇ ਵਿਰਾਸਤੀ ਕਲੱਬਾਂ ਵਿੱਚ ਸ਼ੁਮਾਰ ਜਿਮਖਾਨਾ ਕਲੱਬ ਪਟਿਆਲਾ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਇੱਕ ਵੱਡਾ ਧਮਾਕਾ ਹੋਇਆ, ਜਦੋਂ ਕਿ ਪ੍ਰੋਗਰੈਸਿਵ ਗਰੁੱਪ ਅਤੇ ਗੁਡਵਿੱਲ ਗਰੁੱਪ ਇਕੱਠੇ ਹੋ ਗਏ। ਇਸ ਮੌਕੇ ਦੋਵੇਂ ਗਰੁੱਪਾਂ ਵੱਲੋਂ ਸਾਂਝੇ ਤੌਰ ’ਤੇ ਇੱਕ ਪ੍ਰੈੱਸ ਕਾਨਫ਼ਰੰਸ ਕਰਕੇ ਇਸ ਗੱਲ ਦਾ ਰਸਮੀ ਐਲਾਨ ਕੀਤਾ ਗਿਆ।

ਕਲੱਬ ਦੀ ਕੋਰ ਕਮੇਟੀ ਦੇ ਮੈਂਬਰ ਡਾ. ਮਨਮੋਹਨ ਸਿੰਘ, ਡਾ. ਸਧੀਰ ਵਰਮਾ, ਡਾ. ਸੁਖਦੀਪ ਸਿੰਘ ਬੋਪਾਰਾਏ ਪ੍ਰਧਾਨ ਅਤੇ ਹਰਪ੍ਰੀਤ ਸੰਧੂ ਸਕੱਤਰ ਜਿਮਖਾਨਾ ਕਲੱਬ ਅਤੇ ਹੋਰ ਮੈਂਬਰਾਂ ਨੇ ਇਕੱਠੇ ਹੋ ਕੇ ਰਸਮੀ ਤੌਰ ’ਤੇ ਸਾਂਝੀ ਏਕਤਾ ਦਾ ਐਲਾਨ ਕੀਤਾ। ਡਾ. ਸੁੱਖੀ ਅਤੇ ਸੰਧੂ ਨੇ ਸਾਂਝੇ ਤੌਰ ’ਤੇ ਕਿਹਾ ਕਿ ਸਾਰੇ ਹੀ ਕਲੱਬ ਮੈਂਬਰ ਪਰਿਵਾਰ ਵਾਂਗ ਹਨ। ਹਰ ਵੇਲੇ ਚੋਣਾਂ ਦੇ ਦਿਨਾਂ ਵਿੱਚ ਦੋਵੇਂ ਗਰੁੱਪ ਵੱਖੋ-ਵੱਖਰੇ ਤੌਰ ’ਤੇ ਚੋਣਾਂ ਲੜਦੇ ਸਨ, ਜਿਸ ਦਾ ਕਲੱਬ ਦੀ ਸਾਖ ’ਤੇ ਮਾੜਾ ਅਸਰ ਪੈਂਦਾ ਸੀ ਪਰ ਆਪਸੀ ਏਕਤਾ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਦਿਆਂ ਅੱਜ ਸਾਂਝੇ ਤੌਰ ’ਤੇ ਦੋਵੇਂ ਗਰੁੱਪਾਂ ਨੇ ਇਕੱਠੇ ਹੋਣ ਦਾ ਐਲਾਨ ਕਰਕੇ ਕਲੱਬ ਦੀ ਸਿਆਸਤ ਵਿੱਚ ਨਵਾਂ ਮੋੜ ਲਿਆ ਦਿੱਤਾ। ਡਾ. ਮਨਮੋਹਨ ਸਿੰਘ ਤੇ ਡਾ. ਸਧੀਰ ਵਰਮਾ ਨੇ ਸਾਂਝੇ ਤੌਰ ’ਤੇ ਕਿਹਾ ਕਿ ਦੋਵਾਂ ਗਰੁੱਪਾਂ ਦੇ ਇਕੱਠੇ ਹੋਣ ਨਾਲ ਆਪਸੀ ਭਾਈਚਾਰਾ ਅਤੇ ਸਾਂਝ ਵੀ ਵਧੇਗੀ ਅਤੇ ਭਵਿੱਖ ਵਿੱਚ ਕਲੱਬ ਮੈਂਬਰਾਂ ਨੂੰ ਹੋਰ ਵਧੀਆ ਸਹੂਲਤਾਂ ਵੀ ਦਿੱਤੀਆਂ ਜਾਣਗੀਆਂ ਤੇ ਕਲੱਬ ਮੈਂਬਰਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਹੋਰ ਵੀ ਮਨੋਰੰਜਨ ਤੇ ਪ੍ਰੋਗਰਾਮਾਂ ਨੂੰ ਵਧਾਇਆ ਜਾਵੇਗਾ। ਇਸ ਮੌਕੇ ਅਨਿਲ ਅਰੋੜਾ ਸੀਏ, ਵਿਕਾਸ ਪੁਰੀ, ਦੀਪਕ ਕੰਪਾਨੀਂ, ਰਜਿੰਦਰ ਢੋਡੀ, ਨਰੇਸ਼ ਗੁਪਤਾ, ਰਵਿੰਦਰ ਗੁਪਤਾ, ਵਿਪਨ ਸ਼ਰਮਾ, ਜੀ.ਐੱਸ ਢੀਂਡਸਾ, ਕੁੰਦਨ ਸਿੰਘ ਨਾਗਰਾ, ਵਿਨੋਦ ਸ਼ਰਮਾ, ਨੀਰਜ ਵਤਸ, ਪ੍ਰੋ. ਰਜਨੀਸ਼ ਸਹਿਗਲ, ਇੰਜੀ ਏ.ਪੀ ਗਰਗ ਸੱਤ ਪ੍ਰਕਾਸ਼ ਗੋਇਲ, ਹਰਿੰਦਰ ਕਾਲਾ ਜੀ, ਰਾਧੇ ਸ਼ਾਮ ਗੋਇਲ, ਐਡ. ਰਵਿੰਦਰ ਕੌਸ਼ਲ, ਐਚ. ਐੱਸ. ਬਾਠ, ਬੀ.ਡੀ ਗੁਪਤਾ, ਡਾ ਸੰਜੇ ਬੰਸਲ, ਸੰਜੀਵ ਮਲਹੋਤਰਾ, ਮੋਹਿਤ ਢੋਡੀ, ਜਤਿਨ ਗੋਇਲ, ਡਾ. ਅੰਸ਼ੁਮੰਨ ਖਰਬੰਦਾ, ਐਮ.ਐਮ ਸਿਆਲ, ਅਵਿਨਾਸ਼ ਗੁਪਤਾ, ਜਤਿਨ ਮਿੱਤਲ, ਪ੍ਰਦੀਪ ਸਿੰਗਲਾ, ਜੀ.ਐੱਸ ਚੀਮਾ, ਡਾ. ਨੀਰਜ ਗੋਇਲ, ਹਰਦੇਵ ਸਿੰਘ ਬੱਲੀ, ਰਾਹੁਲ ਮਹਿਤਾ, ਬਿਕਰਮਜੀਤ ਸਿੰਘ, ਅਸ਼ੋਕ ਗੋਇਲ ਅਤੇ ਹੋਰ ਮੈਂਬਰਾਂ ਨੇ ਇਸ ਸਾਂਝ ਦਾ ਦਿਲੋਂ ਸਵਾਗਤ ਕੀਤਾ।

# ਸਹਾਇਕ ਪ੍ਰੋਫੈਸਰਾਂ ਵੱਲੋਂ ਖੰਡਾ ਚੌਕ ’ਚ ਰੋਸ ਮੁਜ਼ਾਹਰਾ

## ਡਾ. ਅੰਬੇਡਕਰ ਸਟੂਡੈਂਟਸ ਫਰੰਟ ਵੱਲੋਂ ਸੰਘਰਸ਼ ਦੀ ਹਮਾਇਤ; ਸਰਕਾਰ ਤੇ ’ਵਰਸਿਟੀ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ



ਪਟਿਆਲਾ ਦੇ ਖੰਡਾ ਚੌਕ ਵਿੱਚ ਸੂਬਾ ਸਰਕਾਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਪ੍ਰਦਰਸ਼ਨਕਾਰੀ।

**ਪਟਿਆਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਅੰਬੇਡਕਰ ਸਟੂਡੈਂਟ ਫਰੰਟ ਆਫ ਇੰਡੀਆ ਵੱਲੋਂ ਸਹਾਇਕ ਪ੍ਰੋਫੈਸਰਾਂ, ਯੂਨੀਵਰਸਿਟੀ ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਹੱਕ ਵਿੱਚ ਰੋਸ ਮਾਰਚ ਕੀਤਾ ਗਿਆ। ਖੰਡਾ ਚੌਕ ਨੇੜੇ ਮੰਗਾਂ ਮੰਨਵਾਉਣ ਲਈ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਗੈੱਸਟ ਫੈਕਲਟੀ ਪ੍ਰੋਫੈਸਰ ਯੂਨੀਅਨ, ਦਿਵਿਆਂਗ ਯੂਨੀਅਨ, 2364, 5994 ਯੂਨੀਅਨ, ਡਾ. ਅੰਬੇਡਕਰ ਧਰਮਸ਼ਾਲਾ ਪਟਿਆਲਾ ਸੰਗਠਨ ਮੌਜੂਦ ਰਹੇ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਦਿਨੋਂ-ਦਿਨ ਸਿੱਖਿਆ ਦਾ ਮਿਆਰ ਡਿੱਗਦਾ ਜਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗੈੱਸਟ ਫੈਕਲਟੀ ਪ੍ਰੋਫੈਸਰਾਂ ਦੇ ਰੁਜ਼ਗਾਰ ਦੀਆਂ ਜੜ੍ਹਾਂ ਵੱਢੀਆਂ ਜਾ ਰਹੀਆਂ ਹਨ। ਗੈੱਸਟ ਫੈਕਲਟੀ ਪ੍ਰੋਫੈਸਰਾਂ ਦੁਆਰਾ ਲਗਾਤਾਰ ਪੰਜਾਬੀ ਯੂਨੀਵਰਸਿਟੀ ਵਿੱਚ ਪਿਛਲੇ 36 ਦਿਨਾਂ ਤੋਂ ਪੱਕਾ ਧਰਨਾ ਲੱਗਿਆ ਹੋਇਆ ਹੈ, ਹੁਣ ਤੱਕ ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੇ ਹੱਕ ਵਿੱਚ ਫ਼ੈਸਲਾ ਨਹੀਂ ਸੁਣਾਇਆ ਗਿਆ, ਜਿਸ ਕਾਰਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਕਾਂਸਟੀਚੁਐਂਟ ਕਾਲਜਾਂ ਅਤੇ ਨੇਬਰਹੁੱਡ ਕੈਂਪਸਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਪੰਜਾਬ ਦੇ 85 ਫ਼ੀਸਦੀ ਕਾਂਸਟੀਚੁਐਂਟ ਕਾਲਜ ਗੈੱਸਟ ਫੈਕਲਟੀ ਦੇ ਸਿਰ ’ਤੇ ਚਲਦੇ ਹਨ। ਆਗੂਆਂ ਨੇ ਮੰਗ ਕੀਤੀ ਕਿ ਕਾਲਜ ਵਿਦਿਆਰਥੀਆਂ ਤੋਂ ਪੀਟੀਏ ਫੰਡ ਨਾ ਲਿਆ ਜਾਵੇ, ਸਰਕਾਰ ਖ਼ੁਦ ਮੁਲਾਜ਼ਮਾਂ ਦੇ ਬਜਟ ਵਿੱਚ ਵੱਡਾ ਵਾਧਾ ਕਰੇ ਤਾਂ ਕਿ ਵਾਧੂ ਫੀਸ ਦਾ ਬੋਝ ਵਿਦਿਆਰਥੀਆਂ ’ਤੇ ਨਾ ਪਵੇ। ਇਸ ਤੋਂ ਇਲਾਵਾ ਵਿਦਿਆਰਥੀਆਂ ਦਾ ਸੋਸ਼ਣ ਬੰਦ ਕਰ ਕੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਸਹੀ ਢੰਗ ਨਾਲ ਲਾਗੂ ਕੀਤੀ ਜਾਵੇ। ਡਾ. ਅੰਬੇਡਕਰ ਸਟੂਡੈਂਟ ਫਰੰਟ ਆਫ ਇੰਡੀਆ ਨੇ ਕਿਹਾ ਕਿ ਜੇਕਰ ਮੰਗਾਂ ਨਾ ਮੰਨੀਆਂ ਤਾਂ ਇਹ ਸੰਘਰਸ਼ ਹੋਰ ਤੇਜ਼ ਹੋਵੇਗਾ। ਅੱਜ ਗੌਰਮਿੰਟ ਟੀਚਰ ਯੂਨੀਅਨ ਨੇ ਸਹਾਇਕ ਪ੍ਰੋਫੈਸਰਾਂ ਦੇ ਧਰਨੇ ਦੀ ਹਮਾਇਤ ਕੀਤੀ।

# ਸੁਖਬੀਰ ਦਾ ਪਾਰਟੀ ਤੋਂ ਲਾਂਭੇ ਹੋਣਾ ਜ਼ਰੂਰੀ: ਚੰਦੂਮਾਜਰਾ



ਗੱਲਬਾਤ ਕਰਦੇ ਹੋਏ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਹੋਰ।

**ਪਟਿਆਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ: ਸਾਬਕਾ ਸੰਸਦ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਬਿਹਤਰ ਭਵਿੱਖ ਲਈ ਪਾਰਟੀ ਦਾ ਮਜ਼ਬੂਤ ਹੋਣਾ ਬੇਹੱਦ ਲਾਜ਼ਮੀ ਹੈ, ਜਿਸ ਖਿੱਤੇ ਦੀ ਖੇਤਰੀ ਰਾਜਨੀਤਕ ਪਾਰਟੀ ਕਮਜ਼ੋਰ ਹੋਈ ਹੈ ਉੱਥੋਂ ਦੇ ਲੋਕਾਂ ਦੇ ਹੱਕਾਂ ਦੀ ਆਵਾਜ਼ ਹਕੂਮਤਾਂ ਤੱਕ ਨਹੀਂ ਪਹੁੰਚਦੀ। ਇਸ ਲਈ ਅਕਾਲੀ ਦਲ ਨੂੰ ਬਚਾਉਣ ਅਤੇ ਪੰਥ ਪ੍ਰਸਤੀ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਲਾਂਭੇ ਹੋਣਾ ਬੇਹੱਦ ਜ਼ਰੂਰੀ ਹੈ।

ਇਸ ਮੌਕੇ ਸਾਬਕਾ ਵਿਧਾਇਕ ਹਰਿੰਦਰ ਪਾਲ ਸਿੰਘ ਚੰਦੂ ਮਾਜਰਾ, ਰਣਧੀਰ ਸਿੰਘ ਰੱਖੜਾ, ਹਰਦੀਪ ਸਿੰਘ ਸਾਗਰਾ ਅਤੇ ਬਲਜਿੰਦਰ ਸਿੰਘ ਤੇਈਪੁਰ ਹਾਜ਼ਰ ਸਨ।

# ਪਹਿਲਾ ਵਿਸ਼ਾਲ ਖ਼ੂਨ ਦਾਨ ਅਤੇ ਹੋਮਿਉਪੈਥਿਕ ਚੈਕਅੱਪ ਕੈਂਪ ਲਗਾਇਆ



**ਪਟਿਆਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਸ੍ਰੀ ਵਿਸ਼ਵਕਰਮਾ ਚੈਰੀਟੇਬਲ, ਐਜੂਕੇਸ਼ਨ ਅਤੇ ਵੈਲਫੇਅਰ ਟਰੱਸਟ, ਵਿਸ਼ਵਕਰਮਾ ਮੰਦਿਰ, ਲਾਹੌਰੀ ਗੇਟ ਪਟਿਆਲਾ ਵਲੋਂ ਬਲੱਡ ਹੈਲਪਲਾਈਨ ਫਾਉਂਡੇਸ਼ਨ ਰਾਜਪੁਰਾ ਅਤੇ ਪੰਜਾਬ ਸਟੇਟ ਬਲੱਡ ਟ੍ਰਾਂਸਫਿਊਜਨ ਕਾਉਂਸਿਲ ਟੀਮ ਰਜਿੰਦਰਾ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਪਹਿਲਾ ਵਿਸ਼ਾਲ ਖ਼ੂਨ ਦਾਨ ਅਤੇ ਹੋਮਿਉਪੈਥਿਕ ਚੈਕਅੱਪ ਕੈਂਪ ਵਿਸ਼ਵਕਰਮਾ ਮੰਦਿਰ, ਲਾਹੌਰੀ ਗੇਟ ਪਟਿਆਲਾ ਵਿਖੇ ਮਿਤੀ 25.08.2024 ਦਿਨ ਐਤਵਾਰ ਨੂੰ ਲਗਾਇਆ ਗਿਆ। ਇਸ ਮੌਕੇ ਸ. ਬਲਤੇਜ ਸਿੰਘ ਪਨੂੰ (ਮੀਡੀਆ ਸਲਾਹਕਾਰ, ਮੁੱਖ ਮੰਤਰੀ ਪੰਜਾਬ ਸਰਕਾਰ), ਸ੍ਰੀ ਤਜਿੰਦਰ ਮਹਿਤਾ (ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਪਟਿਆਲਾ), ਸ. ਗੁਰਿੰਦਰ ਸਿੰਘ ਢਿਲੋਂ (ਸਾਬਕਾ ਏ.ਡੀ.ਜੀ.ਪੀ. ਪੰਜਾਬ), ਸ. ਕਰਨੈਲ ਸਿੰਘ (ਡੀ.ਐਸ.ਪੀ. ਪੰਜਾਬ ਪੁਲਿਸ) ਸ. ਜਗਜੀਤ ਸਿੰਘ ਸੱਗੂ ਚੇਅਰਮੈਨ ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਨੇ ਵਿਸ਼ੇਸ਼ ਤੌਰ ਉਤੇ ਸ਼ਿਰਕਤ ਕੀਤੀ। ਇਸ ਮੌਕੇ ਖ਼ੂਨ ਦਾਨੀਆਂ ਵਲੋਂ ਵੱਡੀ ਗਿਣਤੀ ਵਿੱਚ ਖ਼ੂਨ ਦਾਨ ਕੀਤਾ ਗਿਆ ਅਤੇ ਟਰਸੱਟ ਵਲੋਂ ਖ਼ੂਨ ਦਾਨੀਆਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਅਤੇ ਬੂਟੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਸ. ਕਾਕਾ ਸਿੰਘ, ਸ. ਸੁਰਜੀਤ ਸਿੰਘ ਮਹਿਲ (ਪ੍ਰਧਾਨ), ਸ. ਕੇਸਰ ਸਿੰਘ (ਸੀਨੀਅਰ ਮੀਤ ਪ੍ਰਧਾਨ), ਸ. ਕੁਲਦੀਪ ਸਿੰਘ ਚੱਪੜ (ਕੈਸ਼ੀਅਰ), ਸ. ਜਤਿੰਦਰ ਸਿੰਘ (ਜਨਰਲ ਸਕੱਤਰ), ਸ. ਹਰਵਿੰਦਰ ਸਿੰਘ ਸਪਾਲ (ਸਹਾਇਕ ਕੈਸ਼ੀਅਰ), ਸ੍ਰੀ. ਸੁਰਤੀ ਜੰਡੂ (ਸਟੋਰ ਇੰਚਾਰਜ), ਸ੍ਰੀ ਹਰਬੰਸ ਜੰਡੂ (ਸਟੋਰ ਕੀਪਰ), ਸ. ਅਮਰੀਕ ਸਿੰਘ (ਐਡਵਾਇਜਰ), ਸ. ਜਸਵਿੰਦਰ ਸਿੰਘ, ਸ. ਸਰਬਜੀਤ ਸਿੰਘ, ਸ. ਬਲਦੇਵ ਸਿੰਘ (ਸਾਰੇ ਮੈਂਬਰ), ਡਾ. ਅਨਿਲ ਰੂਪਰਾਏ, ਬਾਬੂ ਰਮੇਸ਼ ਧੀਮਾਨ (ਮੈਨੇਜਰ), ਸ੍ਰੀ ਰਾਮ ਕਿਸ਼ਨ, ਸ. ਗੁਰਸ਼ਰਨਜੀਤ ਸਿੰਘ (ਮੈਂਬਰ), ਸ. ਅਮਰਜੀਤ ਸਿੰਘ ਸਪਾਲ ਅਤੇ ਆਦਿ ਹਾਜਰ ਸਨ।

# ਮੁੱਖ ਮੰਤਰੀ ਦੇ ਸਹੁਰਿਆਂ ਨੂੰ ਜਾਂਦੀ ਸੜਕ ਦੀ ਹਾਲਤ ਖਸਤਾ



ਪੰਜਾਬ ਤੇ ਹਰਿਆਣਾ ਨੂੰ ਜੋੜਨ ਵਾਲੀ ਖਸਤਾ ਹਾਲ ਸੜਕ ਤੋਂ ਲੰਘਦੇ ਹੋਏ ਰਾਹਗੀਰ।

**ਦੇਵੀਗੜ੍ਹ, 26 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਸਾਲ ਆਏ ਹੜ੍ਹ ਕਾਰਨ ਪੰਜਾਬ ਨੂੰ ਗੁਆਂਢੀ ਸੂਬੇ ਹਰਿਆਣਾ ਨਾਲ ਜੋੜਨ ਵਾਲੇ ਪਟਿਆਲਾ-ਪਿਹੋਵਾ ਮਾਰਗ ਦਾ ਬਹੁਤ ਸਾਰਾ ਹਿੱਸਾ ਤੇਜ਼ ਪਾਣੀ ਦੇ ਵਹਾਅ ’ਚ ਰੁੜ੍ਹ ਗਿਆ ਸੀ। ਸੜਕ ਟੁੱਟਿਆਂ ਇੱਕ ਸਾਲ ਤੋਂ ਵੱਧ ਸਮਾਂ ਬੀਤ ਚੁੱਕਿਆ ਹੈ ਪਰ ਲੋਕ ਨਿਰਮਾਣ ਵਿਭਾਗ ਨੇ ਅਜੇ ਤੱਕ ਇਸ ਸੜਕ ਦੀ ਸਾਰ ਨਹੀਂ ਲਈ। ਪਟਿਆਲਾ ਤੋਂ ਵਾਇਆ ਦੇਵੀਗੜ੍ਹ ਹੁੰਦਾ ਹੋਇਆ ਗੁਆਂਢੀ ਰਾਜ ਹਰਿਆਣਾ ਦੇ ਸ਼ਹਿਰ ਪਿਹੋਵਾ ਨੂੰ ਜੋੜਨ ਵਾਲਾ ਇਹ ਮਾਰਗ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਸਹੁਰੇ ਪਿੰਡ ਨੂੰ ਵੀ ਜਾਂਦਾ ਹੈ, ਜਿਸ ਕਾਰਨ ਲੋਕਾਂ ਨੂੰ ਇਸ ਸੜਕ ਦੇ ਜਲਦੀ ਬਣਨ ਦੀ ਆਸ ਸੀ। ਹੁਣ ਇਸ ਰਾਜਮਾਰਗ ’ਤੇ ਸ਼ੰਭੂ ਬਾਡਰ ਬੰਦ ਹੋਣ ਕਾਰਨ ਭਾਰੀ ਵਾਹਨਾਂ ਦੀ ਆਵਾਜਾਈ ਬਹੁਤ ਵੱਧ ਚੁੱਕੀ ਹੈ। ਸੜਕ ਟੁੱਟੀ ਹੋਣ ਕਾਰਨ ਯਾਤਰੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕ ਨਿਰਮਾਣ ਵਿਭਾਗ ਵੱਲੋਂ ਇਸ ਮਾਰਗ ਵੱਲ ਧਿਆਨ ਨਾ ਦੇਣ ਕਾਰਨ ਇਸ ਸੜਕ ਦੀ ਹਾਲਤ ਹੋਰ ਵੀ ਖਸਤਾ ਹੁੰਦੀ ਜਾ ਰਹੀ ਹੈ। ਸਥਾਨਕ ਲੋਕਾਂ ਅਨੁਸਾਰ ਸਰਕਾਰ ਵੱਲੋਂ ਇਸ ਸੜਕ ਦੀ ਮੁਰੰਮਤ ਕਰਵਾਉਣ ਲਈ ਅਜੇ ਤੱਕ ਕੋਈ ਉਪਰਾਲਾ ਨਹੀਂ ਕੀਤਾ ਗਿਆ। ਉਨ੍ਹਾਂ ਸਰਕਾਰ ਨੂੰ ਇਸ ਸੜਕ ਵੱਲ ਧਿਆਨ ਦੇਣ ਦੀ ਗੁਹਾਰ ਲਗਾਈ ਹੈ।

# ਖੇਡਾਂ ਵਤਨ ਪੰਜਾਬ ਦੀਆਂ ਨਾਲ ਸਬੰਧਿਤ ਮਸ਼ਾਲ ਦਾ ਨਾਭਾ ਪਹੁੰਚਣ ਤੇ ਵਿਧਾਇਕ ਦੇਵ ਮਾਨ ਦੀ ਟੀਮ ਕੀਤਾ ਸਵਾਗਤ

**ਨਾਭਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਖੇਡਾਂ ਵਤਨ ਪੰਜਾਬ ਦੀਆਂ ਨਾਲ ਸਬੰਧਿਤ ਮਸ਼ਾਲ ਦਾ ਨਾਭਾ ਪਹੁੰਚਣ ਤੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਟੀਮ ਵੱਲੋਂ ਸਵਾਗਤ ਕੀਤਾ ਗਿਆ ਐਮ ਐਲ ਏ ਦਫਤਰ ਨਾਭਾ ਵਿਖੇ ਆਮ ਆਦਮੀ ਪਾਰਟੀ ਦੀ ਸਮੂਹ ਟੀਮ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਰੇ ਆਹੁਦੇਦਾਰ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਬਹੁਤ ਵਧੀਆ ਉਪਰਾਲਾ ਹੈ ਇਸ ਵਾਰ ਪੰਜਾਬ ਦੀਆਂ ਖੇਡਾਂ ਦੇ ਮਹਾਂਕੁੰਭ ‘ਖੇਡਾਂ ਵਤਨ ਪੰਜਾਬ ਦੀਆਂ 2024-ਸੀਜ਼ਨ ਤੀਜਾ’ ਵਿੱਚ ਕੁੱਲ 37 ਖੇਡਾਂ ਵਿੱਚ 9 ਉਮਰ ਵਰਗਾਂ ਦੇ ਮੁਕਾਬਲੇ ਹੋਣਗੇ ਤੇ 9 ਕਰੋੜ ਰੁਪਏ ਤੋਂ ਵੱਧ ਦੀ ਨਗਦ ਇਨਾਮ ਰਾਸ਼ੀ ਜੇਤੂਆਂ ਨੂੰ ਵੰਡੀ ਜਾਵੇਗੀ ਸਾਰੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਇੰਨਾਂ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਕਪਿਲ ਮਾਨ, ਤੇਜਿੰਦਰ ਸਿੰਘ ਖਹਿਰਾ, ਗੁਰਦੀਪ ਸਿੰਘ ਟਿਵਾਣਾ , ਰਣਧੀਰ ਸਿੰਘ ਕੋਚ, ਧਰਮਿੰਦਰ ਸਿੰਘ ਸੁੱਖੇਵਾਲ, ਮੇਜਰ ਸਿੰਘ ਤੁੰਗਾਂ, ਮੰਟੂ ਪਹੂਜਾ, ਗੌਤਿਮ ਬਾਤਿਸ ਕੌਂਸਲਰ , ਠੇਕੇਦਾਰ ਹਰਮੇਸ਼ ਸਿੰਘ ਮੇਸੀ, ਸੁਖਦੇਵ ਮਾਨ , ਕਸ਼ਮੀਰ ਲਾਲਕਾ ਮਨਜੀਤ ਸਿੰਘ ਫਤਿਹਪੁਰ, ਸੂਬੇਦਾਰ ਗੁਰਿੰਦਰ ਸਿੰਘ ਕੁਲਾਰਾਂ, ਸੂਬੇਦਾਰ ਜੋਗਿੰਦਰ ਸਿੰਘ ਕੁਲਾਰਾ, ਹਰਜੀਤ ਸਿੰਘ ਗਿੱਲ, ਰਾਜੂ ਕਕਰਾਲਾ, ਗੁਰਚਰਨ ਸਿੰਘ ਲੁਹਾਰ ਮਾਜਰਾ, ਬਿੱਲਾ ਖੋਖ, ਗੋਨਾ ਗਰਗ, ਆਦਿ ਹਾਜ਼ਰ ਸਨ।

# ਕੋਲਕਾਤਾ ਕਾਂਡ ਨੂੰ ਲੈ ਕੇ ਜਨਤਕ ਜਥੇਬੰਦੀਆਂ ਵੱਲੋਂ ਰੋਸ ਮਾਰਚ



ਪਾਤੜਾਂ ਵਿੱਚ ਨਾਅਰੇਬਾਜ਼ੀ ਕਰਦੇ ਹੋਏ ਵੱਖ-ਵੱਖ ਜਥੇਬੰਦੀਆਂ ਦੇ ਕਾਰਕੁਨ।

**ਪਾਤੜਾਂ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਲਕਾਤਾ ਜਬਰ-ਜਨਾਹ ਕਾਂਡ ਖ਼ਿਲਾਫ਼ ਜਨਤਕ ਜੱਥੇਬੰਦੀਆਂ ਦੀ ਅਗਵਾਈ ਹੇਠ ਸੈਂਕੜੇ ਲੋਕਾਂ ਨੇ ਪਾਤੜਾਂ ਸ਼ਹਿਰ ਵਿੱਚ ਰੋਸ ਮਾਰਚ ਕੀਤਾ। ਰੋਸ ਮਾਰਚ ਮਗਰੋਂ ਮੋਮਬੱਤੀਆਂ ਬਾਲ ਕੇ ਇਨਸਾਫ਼ ਦੀ ਮੰਗ ਕੀਤੀ ਗਈ। ਕਿਸਾਨ ਆਗੂ ਗੁਰਵਿੰਦਰ ਸਿੰਘ ਦੇਧਨਾ, ਹਰਭਜਨ ਸਿੰਘ ਧੂਹੜ, ਮੁਲਾਜ਼ਮ ਆਗੂ ਅਤਿੰਦਰ ਪਾਲ ਸਿੰਘ ਅਤੇ ਜਸਪਾਲ ਖਾਂਗ ਨੇ ਕਿਹਾ ਕਿ ਔਰਤਾਂ ਨਾਲ ਸਮਾਜ ਵਿੱਚ ਹੋ ਰਹੀਆਂ ਵਧੀਕੀਆਂ ਲਈ ਪਿਤਰਸੱਤਾ ਅਤੇ ਸਾਮਰਾਜ ਦਾ ਨਿੱਘਰਿਆ ਸੱਭਿਆਚਾਰ ਅਤੇ ਕਾਰਪੋਰੇਟ ਪੱਖੀ ਨੀਤੀਆਂ ਜ਼ਿੰਮੇਵਾਰ ਹਨ, ਜਿਸ ਤਹਿਤ ਔਰਤ ਨੂੰ ਜਾਂ ਤਾਂ ਭੋਗ ਵਿਲਾਸ ਦੀ ਵਸਤੂ ਵਜੋਂ ਪੇਸ਼ ਕੀਤਾ ਜਾਂਦਾ ਹੈ ਜਾਂ ਫਿਰ ਰੂੜੀਵਾਦੀ ਕਦਰਾਂ ਕੀਮਤਾਂ ਦੀ ਜਕੜ ਵਿੱਚ ਬੰਨ੍ਹ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਡਾਕਟਰ ਅਤੇ ਪੈਰਾਂ ਮੈਡੀਕਲ ਸਟਾਫ਼ ਔਖੇ ਹਾਲਤਾਂ ਵਿੱਚ ਡਿਊਟੀਆਂ ਦੇਣ ਲਈ ਮਜਬੂਰ ਹਨ। ਵੱਡੇ ਹਸਪਤਾਲ ਵੀ ਸਾਫ਼-ਸਫ਼ਾਈ, ਰੋਸ਼ਨੀ ਅਤੇ ਸਹੂਲਤਾਂ ਪੱਖੋਂ ਕੰਗਾਲ ਹੋ ਚੁੱਕੇ ਹਨ, ਜਿਸ ਕਾਰਨ ਆਮ ਲੋਕ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਕਲਕੱਤੇ ਦੀ ਘਟਨਾ ਮਗਰੋਂ ਉਤਰਾਖੰਡ ਵਿੱਚ ਇੱਕ ਨਰਸ ਨਾਲ ਵਾਪਰੀ ਮੰਦਭਾਗੀ ਘਟਨਾ ਅਤੇ ਮਹਾਰਾਸ਼ਟਰ ਵਿੱਚ ਸਕੂਲੀ ਬੱਚੀਆਂ ਨਾਲ ਜਿਨਸੀ ਸੋਸ਼ਣ ਦੀ ਘਟਨਾ ਦੱਸਦੀ ਹੈ ਕਿ ਸਮਾਜ ਨੂੰ ਇਸ ਵਰਤਾਰੇ ਵਿਰੁੱਧ ਬਹੁਪੱਖੀ ਸੰਘਰਸ਼ ਕਰਨਾ ਪਵੇਗਾ, ਜਿਸ ਦਾ ਨਿਸ਼ਾਨਾ ਪਿੱਤਰ ਸੱਤਾ ਅਤੇ ਸਾਮਰਾਜ ਹੋਵੇਗਾ। ਇਸ ਮੌਕੇ ਕਾਮਰੇਡ ਰਾਮਚੰਦ ਚੁਨਾਗਰਾ, ਕਾਮਰੇਡ ਰੇਸ਼ਮ ਸਿੰਘ, ਕਿਰਨ ਬਾਲਾ, ਪਲਵਿੰਦਰ ਕੌਰ ਹਰਿਆਊ, ਸਾਹਿਬ ਸਿੰਘ ਦੁਤਾਲ, ਸੰਜੇ ਸਿੰਘ, ਡਾ ਅਮਨ ਸ਼ਰਮਾ ਤੇ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਮੈਂਬਰ, ਹਸਪਤਾਲਾਂ ਦਾ ਪੈਰਾ ਮੈਡੀਕਲ ਸਟਾਫ਼ ਹਾਜ਼ਰ ਸੀ।

ਕੋਲਕਾਤਾ ਦੇ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਮਹਿਲਾ ਡਾਕਟਰ ਨਾਲ ਜਬਰ-ਜਨਾਹ ਤੇ ਕਤਲ ਮਾਮਲੇ ਦੇ ਰੋਸ ਵਜੋਂ ਸੀਨੀਅਰ ਕਾਂਗਰਸੀਆਂ ਬਨੀ ਖਹਿਰਾ, ਬਲਾਕ ਕਾਂਗਰਸ ਕਮੇਟੀ ਦੇ ਪ੍ਰਧਾਨ ਜਸਮੇਲ ਸਿੰਘ ਬੜੀ, ਬਹਾਦਰ ਸਿੰਘ ਅਤੇ ਸੰਜੇ ਸਿੰਗਲਾ ਦੀ ਅਗਵਾਈ ਹੇਠ ਕਾਂਗਰਸੀਆਂ ਅਤੇ ਇਨਸਾਫ ਪਸੰਦ ਲੋਕਾਂ ਨੇ ਸ਼ੇਰਪੁਰ ਵਿੱਚ ਮੋਮਬੱਤੀ ਮਾਰਚ ਕੀਤਾ। ਇਹ ਮਾਰਚ ਬੀਡੀਪੀਓ ਦਫ਼ਤਰ ਨੇੜਿਓ ਸ਼ੁਰੂ ਹੋਇਆ ਅਤੇ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਬੜੀ ਚੌਕ ਪੁੱਜਿਆ।

ਇਸ ਮੌਕੇ ਅੱਤਿਆਚਾਰਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਰਹਿਣ ਅਤੇ ਔਰਤਾਂ ਪ੍ਰਤੀ ਸਮਾਜ ਦਾ ਨਜ਼ਰੀਆ ਬਦਲਣ ਲਈ ਉਪਰਾਲੇ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ। ਇਸ ਮੌਕੇ ਚਮਕੌਰ ਸਿੰਘ ਭੋਲਾ, ਬਹਾਦਰ ਸਿੰਘ ਪੰਚ, ਅਮਨਦੀਪ ਸਿੰਘ, ਪਰਗਟਿ ਸਿੰਘ ਸ਼ੇਰਪੁਰ ਅਤੇ ਇੰਦਰਜੀਤ ਬੜੀ ਹਾਜ਼ਰ ਸਨ।

# ਪਤੀ-ਪਤਨੀ ਦੀ ਕੁੱਟਮਾਰ ਕਰਨ ਵਾਲੇ ਖ਼ਿਲਾਫ਼ ਕੇਸ ਦਰਜ

**ਰਾਜਪੁਰਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਦਮਨਹੇੜੀ ਵਿੱਚ ਘਰ ਵਿੱਚੋਂ ਕੂੜਾ ਨਾ ਚੁੱਕਣ ’ਤੇ ਦਲਿਤ ਪਤੀ-ਪਤਨੀ ਦੀ ਕੁੱਟਮਾਰ ਕਰਨ ਵਾਲੇ ਵਿਅਕਤੀ ਖ਼ਿਲਾਫ਼ ਥਾਣਾ ਸਦਰ ਦੀ ਪੁਲੀਸ ਨੇ ਕੇਸ ਦਰਜ ਕੀਤਾ ਹੈ। ਪੀੜਤਾ ਰਾਜਿੰਦਰ ਕੌਰ ਪਤਨੀ ਜਗਤਾਰ ਸਿੰਘ ਵਾਸੀ ਹਰਿਆਓ ਖ਼ੁਰਦ ਨੇ ਦੱਸਿਆ ਕਿ ਉਹ ਤੇ ਉਸ ਦਾ ਪਤੀ ਪਿੰਡ ਦਮਨਹੇੜੀ ਦੇ ਘਰਾਂ ਵਿੱਚੋਂ ਕੂੜਾ ਚੁੱਕਦੇ ਹਨ। ਬੀਤੇ ਬੁੱਧਵਾਰ ਮੁਲਜ਼ਮ ਦਿਨੇਸ਼ ਕੁਮਾਰ ਨੇ ਜਾਤੀ ਸੂਚਕ ਸ਼ਬਦ ਬੋਲਦਿਆਂ ਉਨ੍ਹਾਂ ਦੀ ਕੁੱਟਮਾਰ ਕੀਤੀ।

ਉਨ੍ਹਾਂ ਦੋਵਾਂ ਜੀਆਂ ਨੇ ਬੜੀ ਮੁਸ਼ਕਲ ਨਾਲ ਆਪਣੀ ਜਾਨ ਬਚਾਈ ਅਤੇ ਇਲਾਜ ਲਈ ਸਰਕਾਰੀ ਹਸਪਤਾਲ ਵਿਖੇ ਦਾਖਲ ਹੋ ਗਏ। ਜਾਂਚ ਅਧਿਕਾਰੀ ਰੌਸ਼ਨ ਲਾਲ ਨੇ ਦੱਸਿਆ ਕਿ ਪੀੜਤਾ ਦੇ ਬਿਆਨਾਂ ਦੇ ਆਧਾਰ ’ਤੇ ਦਿਨੇਸ਼ ਕੁਮਾਰ ਵਾਸੀ ਪਿੰਡ ਦਮਨਹੇੜੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਅਤੇ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ।

# ਤਿੰਨ ਸਿਹਤ ਕੇਂਦਰਾਂ ’ਚ ਮੈਡੀਕਲ ਅਫਸਰਾਂ ਦੀਆਂ 21 ਅਸਾਮੀਆਂ ਖਾਲੀ: ਮੱਟੂ



**ਪਾਤੜਾਂ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸ਼ੁਤਰਾਣਾ ਦੇ ਤਿੰਨ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ ਮਰੀਜ਼ਾਂ ਲਈ ਡਾਕਟਰ ਨਾ ਹੋਣ ਕਾਰਨ ਲੋਕਾਂ ਦੀ ਜ਼ਿੰਦਗੀ ਦਾਅ ’ਤੇ ਲੱਗੀ ਹੋਈ ਹੈ। ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਸਿਹਤ ਸਹੂਲਤਾਂ ਅਤੇ ਸਿੱਖਿਆ ਦੇਣ ਤੋਂ ਭੱਜ ਰਹੀ ਆਮ ਆਦਮੀ ਪਾਰਟੀ ਸਰਕਾਰ ਦਾ ਘਿਰਾਓ ਕੀਤਾ ਹੈ।

ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਹਲਕੇ ਦੇ ਤਿੰਨ ਕਮਿਊਨਿਟੀ ਹੈਲਥ ਸੈਂਟਰ ਬਾਦਸ਼ਾਹਪੁਰ, ਪਾਤੜਾਂ ਅਤੇ ਸ਼ੁਤਰਾਣਾ ਵਿੱਚ 24 ਮੈਡੀਕਲ ਅਫ਼ਸਰਾਂ ਦੀਆਂ ਅਸਾਮੀਆਂ ਵਿੱਚੋਂ 21 ਅਸਾਮੀਆਂ ਖਾਲੀ ਹਨ। ਪਾਤੜਾਂ ਤਾਇਨਾਤ ਐੱਸਐੱਮਓ ਦੀ ਬਦਲੀ ਮਗਰੋਂ ਅਜੇ ਤੱਕ ਕੋਈ ਨਹੀਂ ਆਇਆ। ਉਨ੍ਹਾਂ ਕਿਹਾ ਕਿ ਸਿਹਤ ਕੇਂਦਰਾਂ ਵਿੱਚ ਮਹਿਲਾਵਾਂ ਦੇ ਰੋਗਾਂ ਦੀ ਗਾਇਨੋਲੋਜਿਸਟ, ਬੱਚਿਆਂ ਦਾ ਮਾਹਿਰ, ਸਰਜਨ, ਮੈਡੀਸਿਨ, ਦੰਦਾਂ ਅਤੇ ਹੱਡੀਆਂ ਦਾ ਮਾਹਿਰ ਡਾਕਟਰ ਨਹੀਂ। ਸਰਕਾਰ ਨੇ ਇਨ੍ਹਾਂ ਕੇਂਦਰਾਂ ਵੱਲ ਧਿਆਨ ਨਹੀਂ ਦਿੱਤਾ। ਮਹਿਲਾਵਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ ਵਿਗੜਨ ’ਤੇ ਉਨ੍ਹਾਂ ਨੂੰ ਪਟਿਆਲਾ ਜਾਂ ਚੰਡੀਗੜ੍ਹ ਲੈ ਕੇ ਜਾਣਾ ਪੈਂਦਾ ਹੈ।

ਮੌਕੇ ’ਤੇ ਮਰੀਜ਼ਾਂ ਨੂੰ ਫਸਟ ਏਡ ਦੇਣ ਵਾਲਾ ਡਾਕਟਰ ਵੀ ਨਹੀਂ ਹੁੰਦਾ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਹਲਕੇ ਦੇ ਸਿਹਤ ਕੇਂਦਰਾਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਆਉਣ ਵਾਲੇ ਦਿਨਾਂ ਵਿੱਚ ਲੋਕਾਂ ਨੂੰ ਨਾਲ ਲੈ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਨਗੇ।

# ਖੇਤੀ ਨੀਤੀ ਮੋਰਚਾ: ਬੀਕੇਯੂ ਉਗਰਾਹਾਂ ਵੱਲੋਂ ਪਹਿਲੀ ਸਤੰਬਰ ਨੂੰ ਚੰਡੀਗੜ੍ਹ ਚੱਲੋ ਦਾ ਐਲਾਨ

**ਪਟਿਆਲਾ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਨ ਸਭਾ ਸੈਸ਼ਨ ਦੇ ਮੱਦੇਨਜ਼ਰ ਬੀਕੇਯੂ ਉਗਰਾਹਾਂ ਵੱਲੋਂ ਆਪਣੇ ਖੇਤੀ ਨੀਤੀ ਮੋਰਚੇ ਦੇ ਪਹਿਲੇ ਪੜਾਅ ਵਜੋਂ 27 ਤੋਂ 31 ਅਗਸਤ ਤੱਕ ਐਲਾਨੇ 5 ਰੋਜ਼ਾ ਜ਼ਿਲ੍ਹਾ ਪੱਧਰੀ ਧਰਨਿਆਂ ਦਾ ਪ੍ਰੋਗਰਾਮ ਰੱਦ ਕਰਕੇ ਇੱਕ ਸਤੰਬਰ ਤੋਂ ਚੰਡੀਗੜ੍ਹ ਵੱਲ ਚਾਲੇ ਪਾਉਣ ਦਾ ਐਲਾਨ ਕੀਤਾ ਹੈ। ਇਸ ਪ੍ਰੋਗਰਾਮ ਤਬਦੀਲੀ ਸਬੰਧੀ ਇਥੇ ਜਥੇਬੰਦੀ ਵੱਲੋਂ ਰੱਖੀ ਪ੍ਰੈੱਸ ਕਾਨਫਰੰਸ ਦੌਰਾਨ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਇਹ ਪ੍ਰੋਗਰਾਮ ਸੂਬੇ ਅੰਦਰ ਨਵੀਂ ਖੇਤੀ ਨੀਤੀ ਲਾਗੂ ਕਰਵਾਉਣ, ਕਿਸਾਨੀ ਦੇ ਬੁਨਿਆਦੀ ਮੁੱਦੇ ਤੇ ਲਟਕਦੀਆਂ ਮੰਗਾਂ ਦੀ ਪ੍ਰਾਪਤੀ ਲਈ ਇੱਕ ਸਤੰਬਰ ਤੋਂ ਸ਼ੁਰੂ ਹੋ ਰਹੇ ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਜਨਤਕ ਦਬਾਅ ਲਾਮਬੰਦ ਕਰਨ ਹਿੱਤ ਉਲਕਿਆ ਗਿਆ ਹੈ। ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਮੀਤ ਪ੍ਰਧਾਨ ਰੂਪ ਸਿੰਘ ਛੰਨਾ ਤੇ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਮੋਰਚੇ ਦੀ ਮੁੱਖ ਮੰਗ ਹੈ ਕਿ ਨਵੀਂ ਖੇਤੀ ਨੀਤੀ ਐਲਾਨੀ ਜਾਵੇ, ਲੈਂਡ ਸੀਲਿੰਗ ਐਕਟ ਹਕੀਕੀ ਰੂਪ ਵਿੱਚ ਲਾਗੂ ਕਰਕੇ ਬੇਜ਼ਮੀਨੇ/ਥੁੜ ਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਮੀਨੀ ਤੋਟ ਪੂਰੀ ਕੀਤੀ ਜਾਵੇ, ਬੈਂਕ ਤੇ ਸੂਦਖੋਰਾਂ ਦੇ ਕਰਜ਼ਿਆਂ ‘ਤੇ ਲਕੀਰ ਮਾਰੀ ਜਾਵੇ, ਕਿਸਾਨ ਮਜ਼ਦੂਰ ਪੱਖੀ ਕਰਜ਼ਾ ਕਾਨੂੰਨ ਬਣਾ ਕੇ ਸਸਤੇ ਖੇਤੀ ਕਰਜ਼ਿਆਂ ਦਾ ਸਰਕਾਰੀ ਬੰਦੋਬਸਤ ਕੀਤਾ ਜਾਵੇ, ਕੁਰਕੀਆਂ ਰੱਦ ਕੀਤੀਆਂ ਜਾਣ, ਬਿਨਾਂ ਸਹਿਮਤੀ ਮਕਾਨ/ਜ਼ਮੀਨਾਂ ਐਕਵਾਇਰ ਨਾ ਕੀਤੀਆਂ ਜਾਣ, ਖ਼ੁਦਕੁਸ਼ੀਆਂ ਪੀੜਤ ਪਰਿਵਾਰਾਂ ਨੂੰ 10-10ਲੱਖ ਸਹਾਇਤਾ ਤੇ ਸਰਕਾਰੀ ਨੌਕਰੀ ਯਕੀਨੀ ਬਣਾਈ ਜਾਵੇ, ਸਾਰੀਆਂ ਫਸਲਾਂ ਦੇ ਲਾਹੇਵੰਦ ਭਾਅ ਨਿਸ਼ਚਤ ਕਰਕੇ ਪੂਰੀ ਖਰੀਦ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ, ਆੜ੍ਹਤੀਆ ਪ੍ਰਬੰਧ ਖ਼ਤਮ ਕਰਕੇ ਸਰਕਾਰੀ ਏਜੰਸੀਆਂ ਦੁਆਰਾ ਖਰੀਦ ਕਰਵਾ ਕੇ ਅਦਾਇਗੀ ਸਿੱਧੀ ਕਾਸ਼ਤਕਾਰਾਂ ਦੇ ਖਾਤੇ ਵਿੱਚ ਪਾਈ ਜਾਵੇ ਅਤੇ ਅਨਾਜ ਭੰਡਾਰਨ ਤੇ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇ। ਇਸ ਤੋਂ ਇਲਾਵਾ ਦਰਿਆਈ ਤੇ ਬਰਸਾਤੀ ਪਾਣੀਆਂ ਦੀ ਸੁਚੱਜੀ ਸੰਭਾਲ ਹਿਤ ਵਿਗਿਆਨਕ ਆਧਾਰ ‘ਤੇ ਯੋਜਨਾਬੰਦੀ, ਨਸ਼ਾ ਪੀੜਤਾਂ ਦੇ ਇਲਾਜ ਤੇ ਮੁੜ ਵਸੇਬੇ ਦੇ ਪੁਖ਼ਤਾ ਪ੍ਰਬੰਧ, ਵੱਡੇ ਸਮੱਗਲਰਾਂ ਵਿਰੁੱਧ ਸਖ਼ਤ ਕਾਰਵਾਈ ਸਮੇਤ ਸਾਰੀਆਂ ਲਟਕਦੀਆਂ ਮੰਗਾਂ ਦਾ ਹੱਲ ਕੀਤਾ ਜਾਵੇ। ਆਗੂਆਂ ਕਿਹਾ ਕਿ ਜਥੇਬੰਦੀ ਦੇ ਆਧਾਰ ਵਾਲੇ ਕਰੀਬ 16 ਜ਼ਿਲ੍ਹਿਆਂ ਦੇ ਵੱਖ ਵੱਖ ਪਿੰਡਾਂ ਤੋਂ ਖ਼ੁਦਕੁਸ਼ੀਆਂ ਤੇ ਨਸ਼ਾ ਪੀੜਤਾਂ ਦੇ ਵਾਰਸ ਵੀ ਚੰਡੀਗੜ੍ਹ ਮੋਰਚੇ ‘ਚ ਸ਼ਾਮਲ ਹੋਣਗੇ। ਆਗੂਆਂ ਕਿਹਾ ਕਿ ਪੰਜਾਬ ਖੇਤ ਮਜ਼ਦੂਰਾਂ ਵੀ ਸ਼ਮੂਲੀਅਤ ਕਰਨਗੇ। ਇਸ ਮੌਕੇ ਸੂਬਾਈ ਆਗੂ ਜਗਤਾਰ ਸਿੰਘ ਕਾਲਾਝਾੜ, ਹਰਦੀਪ ਸਿੰਘ ਟੱਲੇਵਾਲ ਤੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਪਿੰਡ ਸੁਰਤਾਪੁਰ ਬੜਾ ਦੇ ਸਰਕਾਰੀ ਸਕੂਲ ਦਾ ਕੀਤਾ ਅਚਨਚੇਤ ਦੌਰਾ

**ਸ੍ਰੀ ਚਮਕੌਰ ਸਾਹਿਬ, 29 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਵੱਲੋਂ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਸੁਰਤਾਪੁਰ ਬੜਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਸੁਰਤਾਪੁਰ ਬੜਾ ਵਿਖੇ ਅਚਨਚੇਤ ਦੌਰਾ ਕਰਦਿਆਂ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਮਜਬੂਤ ਕਰਨ ਦੇ ਨਾਲ-ਨਾਲ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਬੇਹਤਰੀਨ ਸਿੱਖਿਆ ਮੁਹੱਈਆ ਕਰਵਾਉਣਾ ਸਾਡੀ ਪਹਿਲੀ ਤਵੱਜੋਂ ਹੈ। ਡਾ. ਪ੍ਰੀਤੀ ਯਾਦਵ ਵੱਲੋਂ ਸਕੂਲ ਦੇ ਬੱਚਿਆਂ ਨਾਲ ਪੜ੍ਹਾਈ ਦੀ ਗੁਣਵੱਤਾ ਨੂੰ ਲੈ ਕੇ ਗੱਲਬਾਤ ਕੀਤੀ ਗਈ ਅਤੇ ਬੱਚਿਆਂ ਨੂੰ ਸਵਾਲ-ਜਵਾਬ ਵੀ ਕੀਤੇ ਗਏ। ਉਨ੍ਹਾਂ ਵਿਦਿਆਰਥੀਆ ਨੂੰ ਪੁੱਛਿਆ ਕਿ ਤੁਸੀਂ ਵੱਡੇ ਹੋ ਕੇ ਕੀ ਬਣਨਾ ਚਾਹੁੰਦੇ ਹਾਂ, ਵਿਦਿਆਰਥੀਆਂ ਨੇ ਜਵਾਬ ਦਿੰਦਿਆਂ ਦੱਸਿਆ ਕਿ ਅਸੀਂ ਤੁਹਾਡੇ ਵਾਂਗ ਅਫਸਰ ਬਣਨਾ ਚਾਹੁੰਦੇ ਹਾਂ ਅਤੇ ਦੇਸ਼ ਤੇ ਪੰਜਾਬ ਦੀ ਸੇਵਾ ਕਰਨਾ ਚਾਹੁੰਦੇ ਹਾਂ।

# 11 ਸਾਲ ਦੀ ਆਰਾਧਿਆ ਹੁਣ ਮਾਊਂਟ ਐਵਰੈਸਟ 'ਤੇ ਚੜ੍ਹਨ ਨੂੰ ਤਿਆਰ, ਬਣਾਏਗੀ ਨਵਾਂ ਵਿਸਵ ਰਿਕਾਰਡ

**ਏਜੰਸੀਆਂ**

ਰੇਵਾੜੀ 29 ਅਗਸਤ। ਜੇਕਰ ਮਨ 'ਚ ਜਨੂੰਨ ਹੈ ਤਾਂ ਇਨਸਾਨ ਕੀ ਨਹੀਂ ਕਰ ਸਕਦਾ? ਇਸ ਕਹਾਵਤ ਨੂੰ ਹਰਿਆਣਾ ਦੇ ਰੇਵਾੜੀ ਦੀ ਰਹਿਣ ਵਾਲੀ 11 ਸਾਲ ਦੀ ਆਰਾਧਿਆ ਨੇ ਪੂਰਾ ਕੀਤਾ। ਜੋ ਐਤਵਾਰ ਸਵੇਰੇ ਦਿੱਲੀ ਦੇ ਇੰਡੀਆ ਗੇਟ ਤੋਂ ਸਾਈਕਲ ਤੋਂ ਰਵਾਨਾ ਹੋਈ ਅਤੇ ਸਾਮ ਨੂੰ ਅਲਵਰ ਪਹੁੰਚੀ। ਆਰਾਧਿਆ ਦਿੱਲੀ ਤੋਂ ਮੁੰਬਈ ਤੱਕ ਸਾਈਕਲ 'ਤੇ ਹੀ ਜਾਵੇਗੀ। ਉਸ ਦਾ ਮੁੱਖ ਮਕਸਦ ਮਾਊਂਟ ਐਵਰੈਸਟ ਚੋਟੀ 'ਤੇ ਫਤਿਹ ਪਾਉਣਾ ਹੈ। ਉਹ ਐਵਰੈਸਟ ਦੀ ਚੋਟੀ 'ਤੇ ਪਹੁੰਚਣ ਵਾਲੀ ਸਭ ਤੋਂ ਘੱਟ ਉਮਰ ਦੀ ਪਰਬਤਾਰੋਹੀ ਬਣਨਾ ਚਾਹੁੰਦੀ ਹੈ। ਆਰਾਧਿਆ ਨੇ ਦੱਸਿਆ ਕਿ ਉਹ ਸਵੇਰੇ ਦਿੱਲੀ ਦੇ ਇੰਡੀਆ ਗੇਟ ਤੋਂ ਰਵਾਨਾ ਹੋਈ ਅਤੇ ਕਰੀਬ 10 ਤੋਂ 15 ਦਿਨਾਂ 'ਚ ਸਾਈਕਲ ਰਾਹੀਂ ਮੁੰਬਈ ਪਹੁੰਚਣ ਦੀ ਯੋਜਨਾ ਬਣਾ ਰਹੀ ਹੈ। ਉਹ ਹਰ ਰੋਜ ਲਗਭਗ 150 ਕਿਲੋਮੀਟਰ ਪੈਦਲ ਚੱਲਣ ਲਈ ਦ੍ਰਿੜ ਹੈ। ਉਸ ਨੇ ਮਾਰਚ ਵਿਚ ਮਾਊਂਟ ਐਵਰੈਸਟ 'ਤੇ ਜਾਣਾ ਹੈ। ਆਰਾਧਿਆ ਰੇਵਾੜੀ ਦੀ ਰਹਿਣ ਵਾਲੀ ਹੈ ਅਤੇ 8ਵੀਂ ਜਮਾਤ ਵਿਚ ਪੜ੍ਹਦੀ ਹੈ। ਉਸ ਦੀ ਮਾਂ ਇਸ ਛੋਟੀ ਬੱਚੀ ਨਾਲ ਕਿਸੇ ਹੋਰ ਗੱਡੀ ਵਿਚ ਨਾਲ-ਨਾਲ ਚੱਲ ਰਹੀ ਹੈ। ਆਰਾਧਿਆ ਦੀ ਮਾਂ ਨਿਸਾ ਨੇ ਦੱਸਿਆ ਕਿ ਉਹ ਖੁਦ ਅਲਵਰ ਦੀ ਰਹਿਣ ਵਾਲੀ ਹੈ ਅਤੇ ਪਹਿਲਾਂ ਸਾਈਕਲਿੰਗ ਕਰਦੀ ਸੀ ਪਰ ਕਿਸੇ ਕਾਰਨ ਉਸ ਨੇ ਸਾਈਕਲ ਚਲਾਉਣਾ ਬੰਦ ਕਰ ਦਿੱਤਾ। ਉਸ ਨੇ ਦੱਸਿਆ ਕਿ ਉਸ ਦਾ ਭਰਾ ਵੀ ਮਾਊਂਟ ਐਵਰੈਸਟ 'ਤੇ ਜਾ ਚੁੱਕਾ ਹੈ ਅਤੇ ਉਹ ਖੁਦ ਵੀ ਆਪਣੇ ਭਰਾ ਨਾਲ ਐਵਰੈਸਟ 'ਤੇ ਗਈ ਹੈ। ਉਸ ਤੋਂ ਹੀ ਇਸ ਧੀ ਨੂੰ ਪ੍ਰੇਰਨਾ ਮਿਲੀ। ਇਸ ਤੋਂ ਬਾਅਦ ਧੀ ਨੇ ਕਿਹਾ ਕਿ ਮੈਂ ਵੀ ਮਾਊਂਟ ਐਵਰੈਸਟ ਫਤਹਿ ਕਰਨਾ ਚਾਹੁੰਦੀ ਹਾਂ। ਨਿਸਾ ਨੇ ਦੱਸਿਆ ਕਿ ਸਾਈਕਲ ਰਾਹੀਂ ਦਿੱਲੀ ਤੋਂ ਮੁੰਬਈ ਜਾਣ ਦਾ ਮਕਸਦ ਲੋਕਾਂ ਵਿਚ ਰੁੱਖ ਲਗਾਉਣ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਅਸੀਂ ਰਸਤੇ ਵਿਚ ਪੈਂਦੇ ਸਾਰੇ ਵੱਡੇ ਸਹਿਰਾਂ 'ਚ ਰੁੱਖ ਲਗਾਉਣ ਦਾ ਕੰਮ ਵੀ ਕਰ ਰਹੇ ਹਾਂ। ਉਸ ਨੇ ਦੱਸਿਆ ਕਿ 13 ਸਾਲ 10 ਮਹੀਨੇ ਦੇ ਅਮਰੀਕੀ ਲੜਕੇ ਰੋਮੇਨ ਜਾਰਡਨ ਨੇ ਮਾਊਂਟੇਨ ਐਵਰੈਸਟ ਨੂੰ ਫਤਹਿ ਕੀਤਾ ਹੈ। ਉਸ ਵਿਸਵ ਰਿਕਾਰਡ ਨੂੰ ਤੋੜਨ ਲਈ ਆਰਾਧਿਆ ਮਾਰਚ ਵਿਚ ਮਾਊਂਟ ਐਵਰੈਸਟ ਨੂੰ ਫਤਹਿ ਕਰਨ ਲਈ ਰਵਾਨਾ ਹੋਵੇਗੀ। ਜੇਕਰ ਅਸੀਂ ਸਫਲ ਹੁੰਦੇ ਹਾਂ ਤਾਂ ਭਾਰਤ ਦਾ ਨਵਾਂ ਵਿਸਵ ਰਿਕਾਰਡ ਹੋਵੇਗਾ।



# ਪੀ. ਐੱਸ. ਪੀ. ਸੀ. ਐੱਲ. ਦੀ ਵੱਡੀ ਕਾਰਵਾਈ, 7.66 ਕਰੋੜ ਰੁਪਏ ਦਾ ਲਗਾਇਆ ਜੁਰਮਾਨਾ

**ਸਰਦੂਲ ਸਿੰਘ**

ਚੰਡੀਗੜ੍ਹ 29 ਅਗਸਤ। ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਅੱਜ ਇਥੇ ਬਿਜਲੀ ਚੋਰੀ ਦਾ ਪਤਾ ਲਗਾਉਣ ਅਤੇ ਬਿਜਲੀ ਦੀ ਬਚਤ ਨੂੰ ਉਤਸਾਹਿਤ ਕਰਨ ਦੇ ਉਦੇਸ ਨਾਲ ਚਲਾਈ ਗਈ ਦੋ ਦਿਨਾਂ ਸੂਬਾ ਪੱਧਰੀ ਚੈਕਿੰਗ ਮੁਹਿੰਮ ਨੂੰ ਸਫਲਤਾਪੂਰਵਕ ਪੂਰਾ ਕਰਨ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੇ ਨਤੀਜੇ ਵਜੋਂ 50,781 ਬਿਜਲੀ ਕੁਨੈਕਸਨਾਂ ਦੀ ਜਾਂਚ ਕੀਤੀ ਗਈ, 3,349 ਮਾਮਲਿਆਂ ਵਿਚ ਬਿਜਲੀ ਚੋਰੀ ਦਾ ਪਤਾ ਲਗਾਇਆ ਗਿਆ ਅਤੇ 7.66 ਕਰੋੜ ਰੁਪਏ ਦੇ ਜੁਰਮਾਨੇ ਕੀਤੇ ਗਏ। ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਹ ਪ੍ਰਗਟਾਵਾ ਕਰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਦੱਸਿਆ ਕਿ ਇਸ ਮੁਹਿੰਮ ਦੇ ਦੂਜੇ ਦਿਨ ਐਤਵਾਰ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਦੇ ਡਿਸਟ੍ਰੀਬਿਊਸਨ ਅਤੇ ਇਨਫੋਰਸਮੈਂਟ ਵਿੰਗ ਨੇ 22,288 ਬਿਜਲੀ ਕੁਨੈਕਸਨਾਂ ਦੀ ਜਾਂਚ ਕੀਤੀ, ਚੋਰੀ ਦੇ 1,274 ਕੇਸ ਫੜੇ ਅਤੇ ਬਿਜਲੀ ਚੋਰੀ ਕਰਨ ਵਾਲੇ ਖਪਤਕਾਰਾਂ 'ਤੇ 3.02 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਗਏ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀ ਨੂੰ ਪੂਰੀ ਤਰ੍ਹਾਂ ਨੱਥ ਪਾਉਣ ਲਈ ਭਵਿੱਖ ਵਿਚ ਵੀ ਅਚਨਚੇਤ ਚੈਕਿੰਗ ਦਾ ਸਿਲਸਿਲਾ ਜਾਰੀ ਰਹੇਗਾ। ਇਸ ਬਾਰੇ ਵੇਰਵੇ ਦਿੰਦਿਆਂ ਬਿਜਲੀ ਮੰਤਰੀ ਨੇ ਕਿਹਾ ਕਿ ਪੀ.ਐੱਸ.ਪੀ.ਸੀ.ਐੱਲ ਦੇ ਡਿਸਟ੍ਰੀਬਿਊਸਨ ਵਿੰਗ ਨੇ ਦੋ ਦਿਨਾਂ ਦੀ ਮੁਹਿੰਮ ਦੌਰਾਨ ਸੂਬੇ ਦੇ ਵੱਖ-ਵੱਖ ਜੋਨਾਂ ਵਿਚ ਮਹੱਤਵਪੂਰਨ ਨਤੀਜੇ ਹਾਸਲ ਕੀਤੇ ਹਨ। ਉਨ੍ਹਾਂ ਦੱਸਿਆ ਕਿ ਦੱਖਣੀ ਜੋਨ (ਪਟਿਆਲਾ), ਕੇਂਦਰੀ ਜੋਨ (ਲੁਧਿਆਣਾ), ਉੱਤਰੀ ਜੋਨ (ਜਲੰਧਰ), ਬਾਰਡਰ ਜੋਨ (ਅੰਮ੍ਰਿਤਸਰ) ਅਤੇ ਪੱਛਮੀ ਜੋਨ (ਬਠਿੰਡਾ) ਨੇ ਸਮੂਹਿਕ ਤੌਰ 'ਤੇ 42,396 ਕੁਨੈਕਸਨਾਂ ਦੀ ਜਾਂਚ ਕੀਤੀ, 3073 ਕੇਸਾਂ ਵਿਚ ਚੋਰੀ ਦਾ ਪਤਾ ਲਗਾਇਆ ਅਤੇ 6.68 ਕਰੋੜ ਰੁਪਏ ਦੇ ਜੁਰਮਾਨੇ ਲਗਾਏ। ਬਿਜਲੀ ਮੰਤਰੀ ਨੇ ਦੱਸਿਆ ਕਿ ਪੀ.ਐੱਸ.ਪੀ.ਸੀ.ਐੱਲ. ਦੇ ਇਨਫੋਰਸਮੈਂਟ ਵਿੰਗ ਨੇ ਵੀ ਆਪਣੀ ਰਾਜ ਵਿਆਪੀ ਮੁਹਿੰਮ ਦੌਰਾਨ ਅਹਿਮ ਭੂਮਿਕਾ ਨਿਭਾਈ । ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਵਿੰਗ ਵੱਲੋਂ 8,385 ਕੁਨੈਕਸਨਾਂ ਦੀ ਜਾਂਚ ਦੌਰਾਨ 276 ਮਾਮਲਿਆਂ ਵਿਚ ਬਿਜਲੀ ਚੋਰੀ ਦਾ ਪਤਾ ਲਗਾਇਆ ਅਤੇ ਬਿਜਲੀ ਚੋਰੀ ਕਰਨ ਵਾਲੇ ਖਪਤਕਾਰਾਂ ਨੂੰ 1.18 ਕਰੋੜ ਰੁਪਏ ਦੇ ਜੁਰਮਾਨੇ ਕੀਤੇ। ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਇਸ ਦੋ ਦਿਨਾਂ ਚੈਕਿੰਗ ਮੁਹਿੰਮ ਦਾ ਸਫਲਤਾਪੂਰਵਕ ਸੰਪੰਨ ਹੋਣਾ ਬਿਜਲੀ ਵਿਭਾਗ ਦੇ ਸਾਰਥਕ ਯਤਨਾਂ ਦਾ ਪ੍ਰਮਾਣ ਹੈ। ਉਨ੍ਹਾਂ ਸਾਰੇ ਬਿਜਲੀ ਖਪਤਕਾਰਾਂ ਨੂੰ ਬਿਜਲੀ ਦੀ ਸਮਝਦਾਰੀ ਨਾਲ ਵਰਤੋਂ ਕਰਨ ਅਤੇ ਬਿਜਲੀ ਚੋਰੀ ਦੇ ਕਿਸੇ ਵੀ ਮਾਮਲੇ ਦੀ ਤੁਰੰਤ ਰਿਪੋਰਟ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਿਜਲੀ ਬਚਤ ਨੂੰ ਉਤਸਾਹਿਤ ਕਰਨ ਅਤੇ ਬਿਜਲੀ ਚੋਰੀ ਨੂੰ ਰੋਕਣ ਲਈ ਵਚਨਬੱਧ ਹੈ।



# ਆਵਾਰਾ ਪਸ਼ੂ ਬਣੇ ਮੁਸੀਬਤ ! ਰਾਹ ਜਾਂਦੀ ਬਜੁਰਗ ਔਰਤ ਨੂੰ ਸਾਨ੍ਹ ਨੇ ਮਾਰੀ ਟੱਕਰ

ਫਰੀਦਾਬਾਦ 29 ਅਗਸਤ। ਹਰਿਆਣਆ ਦੇ ਫਰੀਦਾਬਾਦ ਜਿ?ਲ੍ਹੇ 'ਚ ਸੜਕਾਂ 'ਤੇ ਘੁੰਮ ਰਹੇ ਬੇਸਹਾਰਾ ਪਸ਼ੂਆਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਜਿਸ ਕਾਰਨ ਲੋਕ ਮਰ ਰਹੇ ਹਨ ਪਰ ਸਥਾਨਕ ਨਗਰ ਕੌਂਸਲ ਪ੍ਰਸਾਸਨ ਕਾਰਵਾਈ ਕਰਨ ਵਿਚ ਨਾਕਾਮ ਸਾਬਤ ਹੋ ਰਿਹਾ ਹੈ। ਪਿਛਲੇ 20 ਦਿਨਾਂ 'ਚ ਅਵਾਰਾ ਪਸ਼ੂਆਂ ਕਾਰਨ 2 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਅਜਿਹੀ ਹੀ ਇਕ ਘਟਨਾ ਪਿੰਡ ਚੰਦਾਵਲੀ ਤੋਂ ਸਾਹਮਣੇ ਆਈ ਹੈ, ਜਿੱਥੇ ਸੜਕ 'ਤੇ ਪੈਦਲ ਜਾ ਰਹੀ ਇਕ 68 ਸਾਲਾ ਬਜੁਰਗ ਔਰਤ ਨੂੰ ਸਾਨ੍ਹ ਨੇ ਚੁੱਕ ਕੇ ਸੁੱਟ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਇਸ ਘਟਨਾ ਤੋਂ ਬਾਅਦ ਬਜੁਰਗ ਔਰਤ ਬੇਹੋਸ ਹੋ ਗਈ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ। ਉਸ ਦੇ ਹੱਥ ਵਿਚ ਫਰੈਕਚਰ ਤੋਂ ਇਲਾਵਾ ਉਸ ਦੀ ਅੱਖ ਦੇ ਨੇੜੇ ਗੰਭੀਰ ਸੱਟ ਲੱਗੀ ਹੈ। ਫਿਲਹਾਲ ਨਗਰ ਨਿਗਮ ਦੇ ਅਧਿਕਾਰੀ ਬੇਸਹਾਰਾ ਪਸ਼ੂਆਂ ਨੂੰ ਫੜਨ ਲਈ ਲਗਾਤਾਰ ਕਾਰਵਾਈ ਕਰ ਰਹੇ ਹਨ ਪਰ ਗਊ ਸੈਲਟਰ ਪਸ਼ੂਆਂ ਨਾਲ ਭਰੇ ਪਏ ਹਨ, ਇਸ ਲਈ ਉਨ੍ਹਾਂ ਨੂੰ ਕਿੱਥੇ ਫੜ ਕੇ ਛੱਡਣਾ ਹੈ। ਨਿਗਮ ਇਸ ਪਾਸੇ ਕੋਈ ਠੋਸ ਕਦਮ ਨਹੀਂ ਚੁੱਕ ਰਿਹਾ। ਜਖਮੀ ਬਜੁਰਗ ਔਰਤ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਨਗਰ ਨਿਗਮ ਕੋਈ ਕਾਰਵਾਈ ਨਹੀਂ ਕਰ ਰਿਹਾ, ਜਿਸ ਕਾਰਨ ਲੋਕਾਂ ਨੂੰ ਜਾਨ ਤੋਂ ਹੱਥ ਧੋਣੇ ਪੈ ਰਹੇ ਹਨ।

## ਸਰਾਰਤੀ ਅਨਸਰ ਨੇ ਭੰਗ ਕੀਤੀ ਲੰਗਰ ਦੀ ਮਰਿਆਦਾ, ਦਾਲ ਵਾਲੀ ਬਾਲਟੀ 'ਚ ਪਾਇਆ ਮੀਟ

ਆਲਮਗੀਰ/ਇਆਲੀ 29 ਅਗਸਤ। ਦਸਵੇਂ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਦੇ ਗੁਰੂ ਕੇ ਲੰਗਰ 'ਚ ਇਕ ਸਰਾਰਤੀ ਅਨਸਰ ਵੱਲੋਂ ਘਿਨੌਣੀ ਹਰਕਤ ਕਰਦਿਆਂ ਦਾਲ ਵਾਲੀ ਬਾਲਟੀ 'ਚ ਮੀਟ ਪਾਉਣ ਦੀ ਖਬਰ ਸਾਹਮਣੇ ਆਈ ਹੈ। ਇਸ ਹਰਕਤ ਨਾਲ ਗੁਰੂ ਘਰ ਨਾਲ ਜੁੜੀਆਂ ਸੰਗਤਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਜਗਬੀਰ ਸਿੰਘ ਸੋਖੀ, ਸ੍ਰੋਮਣੀ ਕਮੇਟੀ ਮੈਂਬਰ ਜਥੇ. ਚਰਨ ਸਿੰਘ ਆਲਮਗੀਰ ਅਤੇ ਗੁਰਦੁਆਰਾ ਮੈਨੇਜਰ ਰਜਿੰਦਰ ਸਿੰਘ ਟੌਹੜਾ ਨੇ



ਦੱਸਿਆ ਕਿ ਬਲਵੀਰ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਪਿੰਡ ਲਾਪਰਾਂ ਜਿ?ਲ੍ਹਾ ਲੁਧਿਆਣਾ ਨੇ ਲੰਗਰ ਦੀ ਦਾਲ ਵਾਲੀ ਬਾਲਟੀ 'ਚ ਮੀਟ ਪਾਉਣ ਦੀ ਹਰਕਤ ਕੀਤੀ, ਜਿਸ ਨੂੰ ਸੇਵਾਦਾਰਾਂ ਨੇ ਫੜ ਕੇ ਪੁਲਸ ਹਵਾਲੇ ਕਰ ਦਿੱਤਾ। ਥਾਣਾ ਡੇਹਲੋਂ ਦੇ ਜਾਂਚ ਅਧਿਕਾਰੀ ਸੁਲੱਖਣ ਸਿੰਘ ਨੇ ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਮੁਲਜਮ ਦੀ ਇਸ ਹਰਕਤ ਦੀ ਜਾਂਚ-ਪੜਤਾਲ ਕਰਨ ਉਪਰੰਤ 298 ਬੀ.ਐੱਨ.ਐੱਸ. ਤਹਿਤ ਕੇਸ ਦਰਜ ਕੀਤਾ ਹੈ। ਸ੍ਰੋਮਣੀ ਕਮੇਟੀ ਮੈਂਬਰ ਚਰਨ ਸਿੰਘ ਆਲਮਗੀਰ ਅਤੇ ਜਗਬੀਰ ਸਿੰਘ ਸੋਖੀ ਨੇ ਕਿਹਾ ਕਿ ਗੁਰੂ ਘਰਾਂ ਤੇ ਸਿੱਖੀ ਸਿਧਾਂਤਾਂ 'ਤੇ ਹਮਲੇ ਕੋਈ ਨਵੀਂ ਗੱਲ ਨਹੀਂ, ਇਸ ਦੇ ਪਿੱਛੇ ਗਹਿਰੀ ਸਾਜਿ?ਸ ਕਰਨ ਵਾਲਾ ਕੌਣ ਹੈ ? ਇਹ ਜਾਂਚ ਦਾ ਵਿਸਾ ਹੈ, ਜਿਸ ਨੂੰ ਪੁਲਸ ਪ੍ਰਸਾਸਨ ਜਲਦ ਸਾਹਮਣੇ ਲਿਆਵੇ। ਉਨ੍ਹਾਂ ਕਿਹਾ ਬੇਅਦਬੀ ਵਰਗੀਆਂ ਹਰਕਤਾਂ ਰੋਕਣ ਲਈ ਕਾਨੂੰਨ ਦੀਆਂ ਜੋ ਧਾਰਾਵਾਂ ਬਣਾਈਆਂ ਹਨ, ਉਹ ਨਾ-ਕਾਫੀ ਸਾਬਿਤ ਹੋ ਰਹੀਆਂ ਹਨ। ਕੌਣ ਕਿਸ ਤੋਂ ਕਿਸ ਮਨਸਾ ਨਾਲ ਬੇਅਦਬੀ ਵਰਗੀਆਂ ਘਿਨੌਣੀਆਂ ਹਰਕਤਾਂ ਕਰਵਾਉਂਦਾ ਹੈ, ਉਸ ਪੱਖ ਨੂੰ ਜਲਦ ਤੋਂ ਜਲਦ ਸਾਹਮਣੇ ਲਿਆਉਣਾ ਚਾਹੀਦਾ ਹੈ।

# ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਨਾਂਦੇੜ ਤੋਂ 5 ਸਿੱਖ ਤੀਰਥ ਅਸਥਾਨਾਂ ਲਈ ਪਹਿਲੀ ਵਿਸ਼ੇਸ਼ ਟਰੇਨ ਨੂੰ ਦਿਖਾਈ ਹਰੀ ਝੰਡੀ

**ਕਿਸ਼ਨ ਪਾਲ**

ਲੁਧਿਆਣਾ/ਬਟਾਲਾ 29 ਅਗਸਤ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਨਾਂਦੇੜ ਸਾਹਿਬ ਰੇਲਵੇ ਸਟੇਸ਼ਨ ਤੋਂ ਸਿੱਖ ਧਰਮ ਦੇ 5 ਤੀਰਥ ਅਸਥਾਨਾਂ ਤੱਕ ਆਪਣੀ ਤਰ੍ਹਾਂ ਦੀ ਪਹਿਲੀ 5 ਤਖ਼ਤ ਵਿਸ਼ੇਸ਼ ਤੀਰਥ ਯਾਤਰਾ ਟਰੇਨ ਨੂੰ ਹਰੀ ਝੰਡੀ ਦਿਖਾਈ। ਪੰਜ ਤਖ਼ਤ ਸਾਹਿਬਾਨਾਂ ਲਈ ਵਿਸ਼ੇਸ਼ ਟਰੇਨ ਦਾ ਆਯੋਜਨ ਸ਼ਹੀਦ ਬਾਬਾ ਭੁਜੰਗ ਸਿੰਘ ਜੀ ਚੈਰੀਟੇਬਲ ਟਰੱਸਟ, ਨਾਂਦੇੜ ਵੱਲੋਂ ਕੀਤਾ ਗਿਆ ਸੀ। ਜਥੇਦਾਰ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ, ਸੰਤ ਬਾਬਾ ਜੋਤਿਇੰਦਰ ਸਿੰਘ, ਸੰਤ ਬਾਬਾ ਨਰਿੰਦਰ ਸਿੰਘ, ਸੰਤ ਬਾਬਾ ਬਲਵਿੰਦਰ ਸਿੰਘ, ਬਾਬਾ ਰਾਮ ਸਿੰਘ ਅਤੇ ਮੁਖੀ ਪਰਿਚਾਲਨ ਪ੍ਰਬੰਧਨ ਦੱਖਣੀ ਮੱਧ ਰੇਲਵੇ ਬੀ. ਨਾਗੀਆ ਇਸ ਮੌਕੇ ਹਾਜ਼ਰ ਸਨ। ਇਸ ਮੌਕੇ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਸਿੱਖ ਧਰਮ ਦੇ 5 ਪਵਿੱਤਰ ਤੀਰਥ ਅਸਥਾਨਾਂ ਨੂੰ ਕਵਰ ਕਰਨ ਵਾਲੀ ਪਹਿਲੀ ਵਿਸ਼ੇਸ਼ ਟਰੇਨ ਲੋਕਾਂ ਨੂੰ ਜੋੜਨ ਅਤੇ ਅਧਿਆਤਮਕ ਸੰਸਕ੍ਰਿਤੀ ਅਤੇ ਰਾਸ਼ਟਰਵਾਦ ਨੂੰ ਵਧਾਉਣ ਲਈ ਭਾਰਤੀ ਰੇਲਵੇ ਵੱਲੋਂ ਇਕ ਤੋਹਫਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਰੇਲਵੇ ਵਿਭਾਗ ਇਲਾਕੇ ਦੇ ਲੋਕਾਂ ਨੂੰ ਅਰਾਮਦਾਇਕ ਅਤੇ ਸੁਵਿਧਾਜਨਕ ਰੇਲ ਯਾਤਰਾ ਸਹੂਲਤਾਂ ਪ੍ਰਦਾਨ ਕਰਨ ਲਈ ਸਾਰੇ ਯਤਨ ਕਰ ਰਿਹਾ ਹੈ। ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਤਹਿਤ ਮਰਾਠਵਾੜਾ ਇਲਾਕੇ 'ਚ ਵੱਖ-ਵੱਖ ਰੇਲਵੇ ਸਟੇਸ਼ਨਾਂ ਦੇ ਵਿਕਾਸ 'ਤੇ ਵਿਸ਼ੇਸ਼ ਧਿਆਨ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ 5 ਤਖ਼ਤ ਸਪੈਸ਼ਲ ਟਰੇਨ ਵਿਸ਼ੇਸ਼ ਤੀਰਥ ਯਾਤਰੀ ਟਰੇਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਟਰੇਨ ਦੇ ਪਹਿਲੇ ਕੋਚ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਰਾਜਮਾਨ ਹੋਣਗੇ। ਪੂਰੀ ਯਾਤਰਾ ਦੌਰਾਨ ਪੈਂਟਰੀ ਕਾਰ 'ਚ ਸ਼ਰਧਾਲੂਆਂ ਲਈ ਲੰਗਰ ਦੀ ਸੁਵਿਧਾ ਉਪਲਬਧ ਹੈ। ਹਰ ਕੋਚ 'ਚ ਸਪੀਕਰ ਲੱਗੇ ਹਨ, ਜਿਸ 'ਚ ਸ਼ਰਧਾਲੂ ਕੀਰਤਨ ਸੁਣ ਸੁਕਣਗੇ। ਇਹ ਟਰੇਨ ਪਟਨਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ, ਦਮਦਮਾ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਵਿੱਤਰ ਕੇਂਦਰਾਂ ਨੂੰ ਕਵਰ ਕਰੇਗੀ। ਇਹ ਵਿਸ਼ੇਸ਼ ਟਰੇਨ 25 ਅਗਸਤ ਨੂੰ ਯਾਤਰਾ ਸ਼ੁਰੂ ਕਰੇਗੀ ਅਤੇ 6 ਸਤੰਬਰ 2024 ਨੂੰ ਨਾਂਦੇੜ ਪਹੁੰਚ ਕੇ ਯਾਤਰਾ ਪੂਰੀ ਕਰੇਗੀ।



# ਨਾਬਾਲਗ ਕੁੜੀ ਨੂੰ ਅਗਵਾ ਕਰ ਕੀਤਾ ਜਬਰ-ਜਨਾਹ, ਇਲਾਕੇ 'ਚ ਫੈਲੀ ਸਨਸਨੀ

ਸੋਨੀਪਤ 29 ਅਗਸਤ। ਸਰਕਾਰ ਦੇਸ 'ਚ ਧੀਆਂ ਦੀ ਸੁਰੱਖਿਆ ਲਈ ਸਖਤ ਕਦਮ ਚੁੱਕਣ ਦੀ ਗੱਲ ਤਾਂ ਕਰ ਰਹੀ ਹੈ ਪਰ ਦੇਸ ਦੇ ਹਰ ਸੂਬੇ 'ਚ ਧੀਆਂ ਨਾਲ ਹੋ ਰਹੇ ਜੁਲਮਾਂ ਦੀਆਂ ਖਬਰਾਂ ਸੁਣਨ ਤੋਂ ਬਾਅਦ ਇਹ ਦਾਅਵੇ ਖੋਖਲੇ ਨਜਰ ਆ ਰਹੇ ਹਨ। ਹਰਿਆਣਾ ਦੇ ਸੋਨੀਪਤ ਤੋਂ ਵੀ ਇਕ ਖਬਰ ਸਾਹਮਣੇ ਆਈ ਹੈ, ਜਿਸ ਨੂੰ ਸੁਣ ਕੇ ਹਰ ਕੋਈ ਹੈਰਾਨ ਹੈ। ਦੱਸ ਦੇਈਏ ਕਿ ਸਹਿਰ ਦੇ ਇਕ ਪਾਸ ਇਲਾਕੇ 'ਚ ਇਕ ਬਦਮਾਸ ਨੇ ਪਹਿਲਾਂ ਇਕ ਨਾਬਾਲਗ ਲੜਕੀ ਨੂੰ ਅਗਵਾ ਕੀਤਾ ਅਤੇ ਬਾਅਦ ਵਿਚ ਉਸ ਨੂੰ ਆਪਣੀ ਹਵਸ ਦਾ ਸਿ?ਕਾਰ ਬਣਾਇਆ। ਫਿਲਹਾਲ ਪੁਲਸ ਦਾਅਵਾ ਕਰ ਰਹੀ ਹੈ ਕਿ



ਇਸ ਮਾਮਲੇ 'ਚ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਦੋਸੀ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਇਸ ਘਟਨਾ ਮਗਰੋਂ ਇਲਾਕੇ ਵਿਚ ਸਨਸਨੀ ਫੈਲ ਗਈ ਹੈ। ਜਾਣਕਾਰੀ ਮੁਤਾਬਕ ਸੋਨੀਪਤ ਸੈਕਟਰ-27 ਥਾਣਾ ਪੁਲਸ ਨੇ ਨਾਬਾਲਗ ਕੁੜੀ ਦੇ ਪਰਿਵਾਰ ਦੀ ਸ਼ਿਕਾਇਤ 'ਤੇ ਪਾਸ ਇਲਾਕੇ 'ਚ ਰਹਿਣ ਵਾਲੇ ਇਕ ਨੌਜਵਾਨ ਖਿਲਾਫ ਕੁੜੀ ਨੂੰ ਅਗਵਾ ਕਰਨ ਮਗਰੋਂ ਜਬਰ-ਜਨਾਹ ਦਾ ਮਾਮਲਾ ਦਰਜ ਕੀਤਾ ਹੈ। ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਸੈਕਟਰ-27 ਥਾਣਾ ਪੁਲਸ 'ਤੇ ਲਾਪ੍ਰਵਾਹੀ ਦੇ ਗੰਭੀਰ ਦੋਸ ਵੀ ਲਾਏ ਹਨ। ਉਹ ਸਰਕਾਰ ਤੋਂ ਮਦਦ ਦੀ ਅਪੀਲ ਕਰਦੇ ਹਨ ਤਾਂ ਜੋ ਉਨ੍ਹਾਂ ਦੀ ਧੀ ਨੂੰ ਇਨਸਾਫ ਮਿਲ ਸਕੇ। ਇਸ ਮਾਮਲੇ ਸਬੰਧੀ ਸੈਕਟਰ-27 ਥਾਣਾ ਇੰਚਾਰਜ ਜੈ ਭਗਵਾਨ ਨੇ ਦੱਸਿਆ ਕਿ ਪੁਲਸ ਨੇ ਨਾਬਾਲਗ ਕੁੜੀ ਦੇ ਪਰਿਵਾਰਕ ਮੈਂਬਰਾਂ ਦੀ ਸਿ?ਕਾਇਤ 'ਤੇ ਪੋਕਸੋ ਐਕਟ ਤਹਿਤ ਮਾਮਲਾ ਦਰਜ ਕਰਕੇ ਦੋਸੀ ਨੂੰ ਹਿਰਾਸਤ 'ਚ ਲੈ ਲਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪਿਤਾ ਦੇ ਦੋਸਤ ਦਾ ਸ਼ਰਮਨਾਕ ਕਾਰਾ: 3 ਸਾਲਾਂ ਧੀ ਨਾਲ ਕੀਤਾ ਜਬਰ-ਜਿਨਾਹ

ਨੈਸਨਲ ਡੈਸਕ 29 ਅਗਸਤ। ਗੁਜਰਾਤ ਦੇ ਵਲਸਾਡ ਦੇ ਉਮਰਗਾਮ ਇਲਾਕੇ 'ਚ ਤਿੰਨ ਸਾਲ ਦੀ ਬੱਚੀ ਨਾਲ ਉਸ ਦੇ ਪਿਤਾ ਦੇ ਕਰੀਬੀ ਦੋਸਤ ਵਲੋਂ ਕਥਿਤ ਤੌਰ 'ਤੇ ਬਲਾਤਕਾਰ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਦੋਸੀ ਨੇ ਕਥਿਤ ਤੌਰ 'ਤੇ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਫਿਰ ਫਰਾਰ ਹੋ ਗਿਆ, ਜਿਸ ਨਾਲ ਸਥਾਨਕ ਭਾਈਚਾਰੇ 'ਚ ਰੋਸ ਫੈਲ ਗਿਆ। ਜਿਨਸੀ ਸੋਸਣ ਦੀ ਖਬਰ ਫੈਲਦੇ ਹੀ ਸਥਾਨਕ ਨਿਵਾਸੀਆਂ ਨੇ ਉਮਰਗਾਮ ਥਾਣੇ ਦਾ ਘਿਰਾਓ ਕਰਕੇ ਦੋਸੀ ਖਿ?ਲਾਫ ਤੁਰੰਤ ਕਾਰਵਾਈ ਅਤੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਇਸ ਮੌਕੇ ਪਹੁੰਚੀ ਪੁਲਸ ਨੇ ਧਰਨਾਕਾਰੀਆਂ ਨੂੰ ਭਰੋਸਾ ਦਿੱਤਾ ਕਿ ਮੁਲਜਮ ਫੜ ਲਿਆ ਗਿਆ ਹੈ ਅਤੇ ਅੱਜ ਦੁਪਹਿਰ ਤੱਕ ਉਸ ਨੂੰ ਵਾਪਸ ਸਹਿਰ ਲਿਆਂਦਾ ਜਾਵੇਗਾ। ਹਾਲਾਂਕਿ ਪ੍ਰਦਰਸਨਕਾਰੀਆਂ ਨੇ ਦੋਸੀਆਂ ਨੂੰ ਜਲਦ ਤੋਂ ਜਲਦ ਨਿਆਂ ਅਤੇ ਫਾਂਸੀ ਦੀ ਸਜਾ ਦੇਣ ਦੀ ਮੰਗ ਕੀਤੀ ਹੈ। ਵਧਦੀ ਅਸਾਂਤੀ ਦੇ ਜਵਾਬ ਵਿੱਚ ਅਧਿਕਾਰੀਆਂ ਨੇ ਉਮਰਗਾਮ ਵਿੱਚ ਬੰਦ ਦਾ ਐਲਾਨ ਕੀਤਾ। ਪੁਲਸ ਨੇ ਪੀੜਤ ਦੀ ਮੈਡੀਕਲ ਜਾਂਚ ਕਰਵਾਉਣ ਸਮੇਤ ਕਾਨੂੰਨੀ ਵਿਵਸਥਾ ਬਣਾਈ ਰੱਖਣ ਲਈ ਕਈ ਉਪਾਅ ਕੀਤੇ ਹਨ।

# ਹੋਟਲ 'ਚ ਚੱਲਦਾ ਸੀ ਦੇਹ ਵਪਾਰ ਦਾ ਧੰਦਾ; ਪੁਲਸ ਨੇ ਕੀਤਾ ਪਰਦਾਫਾਸ਼, ਮਹਿਲਾ ਦਲਾਲ ਸਮੇਤ ਦੋ ਗ੍ਰਿਫਤਾਰ

ਕੁੱਲੂ 29 ਅਗਸਤ। ਹਿਮਾਚਲ ਪ੍ਰਦੇਸ਼ ਦੇ ਕੁੱਲੂ ਜਿ?ਲ੍ਹੇ ਦੇ ਮਨਾਲੀ 'ਚ ਇਕ ਹੋਟਲ 'ਚ ਪੁਲਸ ਨੇ ਦੇਹ ਵਪਾਰ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ 'ਚ ਪੁਲਸ ਨੇ 2 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿਚ ਪੰਜਾਬ ਦੀ ਮਹਿਲਾ ਦਲਾਲ ਸਮੇਤ ਹੋਟਲ ਦਾ ਰਿਸੈਪਸ਼ਨਿਸਟ ਸ਼ਾਮਲ ਹੈ। ਦੋਸ਼ੀਆਂ ਦੀ ਪਛਾਣ ਅਵਿਨਾਸ਼ (21) ਪੁੱਤਰ ਰਾਮਸਵਰੂਪ ਵਾਸੀ ਜਿ?ਲ੍ਹਾ ਕੁੱਲੂ, ਰਾਜਬਿੰਦਰ ਕੌਰ ਉਰਫ ਜਸ਼ਪ੍ਰੀਤ (25) ਪਤਨੀ ਸੁਖਬਿੰਦਰ ਵਾਸੀ ਜਿ?ਲ੍ਹਾ ਕਪੂਰਥਲਾ ਪੰਜਾਬ ਦੇ ਰੂਪ ਵਿਚ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਪੁਲਸ ਜਦੋਂ ਟ੍ਰੈਫਿਕ ਡਿਊਟੀ 'ਤੇ ਮੌਜੂਦ ਸੀ ਤਾਂ ਉਸ ਨੂੰ ਮੁਖਬਰ ਤੋਂ ਸੂਚਨਾ ਮਿਲੀ ਸੀ ਕਿ ਹਡਿੰਬਾ ਰੋਡ 'ਤੇ ਸਥਿਤ ਇਕ ਨਿੱਜੀ ਹੋਟਲ ਦਾ ਰਿਸੈਪਸਨਿਸਟ ਅਵਿਨਾਸ ਹੋਟਲ 'ਚ ਦੇਹ ਵਪਾਰ ਲਈ ਕਮਰੇ ਦਿੰਦਾ ਹੈ, ਜਦਕਿ ਰਾਜਬਿੰਦਰ ਕੌਰ ਉਰਫ ਜਸਪ੍ਰੀਤ ਪੈਸਿਆਂ ਦਾ ਲਾਲਚ ਦੇ ਕੇ ਕੁੜੀਆਂ ਤੋਂ ਦੇਹ ਵਪਾਰ ਕਰਵਾਉਂਦੀ ਹੈ। ਇਸ ਦੀ ਸੂਚਨਾ ਮਿਲਣ 'ਤੇ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਦੋਵਾਂ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਤੋਂ ਬਾਅਦ ਗ੍ਰਿਫਤਾਰ ਕਰ ਲਿਆ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਮਨੀਸ ਵੱਲੋਂ ਕੀਤੀ ਜਾ ਰਹੀ ਹੈ।

# ਢਿੱਡ ਦਰਦ ਹੋਣ 'ਤੇ ਹਸਪਤਾਲ ਪੁੱਜੀ 13 ਸਾਲਾ ਕੁੜੀ, ਟਾਇਲਟ 'ਚ ਦਿੱਤਾ ਬੱਚੀ ਨੂੰ ਜਨਮ, ਸਭ ਦੇ ਉੱਡੇ ਹੋਸ਼

**ਏਜੰਸੀਆਂ**

ਉੱਤਰ ਪ੍ਰਦੇਸ 29 ਅਗਸਤ। ਉੱਤਰ ਪ੍ਰਦੇਸ ਦੇ ਦੇਵਰੀਆ ਜਿ?ਲ੍ਹੇ ਵਿੱਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਬਾਰੇ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਇਥੇ ਇੱਕ 13 ਸਾਲ ਦੀ ਕੁੜੀ ਦੇ ਢਿੱਡ ਵਿੱਚ ਤੇਜ ਦਰਦ ਦੀ ਸਿ?ਕਾਇਤ ਸੀ, ਜਿਸ ਤੋਂ ਬਾਅਦ ਪਰਿਵਾਰ ਵਾਲੇ ਉਸ ਨੂੰ ਹਸਪਤਾਲ ਲੈ ਗਏ। ਬੱਚੀ ਦੀ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਸ ਨੂੰ ਪੀ.ਆਈ.ਸੀ.ਯੂ ਵਾਰਡ 'ਚ ਸਿ?ਫਟ ਕਰ ਦਿੱਤਾ। ਇਸ ਦੌਰਾਨ ਖੂਨ ਵਹਿਣ ਕਾਰਨ ਬੱਚੀ ਟਾਇਲਟ ਗਈ ਤਾਂ ਉੱਥੇ ਉਸ ਨੇ ਇਕ ਬੱਚੀ ਨੂੰ ਜਨਮ ਦਿੱਤਾ। ਇਸ ਬਾਰੇ ਜਦੋਂ ਨਾਲ ਆਏ ਪਰਿਵਾਰਕ ਮੈਂਬਰਾਂ ਅਤੇ ਹਸਪਤਾਲ ਪ੍ਰਸਾਸਨ ਨੂੰ ਪਤਾ ਲੱਗਾ ਤਾਂ ਉਹ ਹੱਕੇ-ਬੱਕੇ ਰਹਿ ਗਏ। ਉਹਨਾਂ ਨੂੰ ਬਿਲਕੁਲ ਵੀ ਪਤਾ ਨਹੀਂ ਸੀ ਕਿ ਕੁੜੀ ਗਰਭਵਤੀ ਹੈ। ਅਖੀਰ ਪੁਲਸ ਨੂੰ ਇਸ ਮਾਮਲੇ ਦੀ ਸੂਚਨਾ ਦਿੱਤੀ ਗਈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਜਦੋਂ ਬਰਿਆਰਪੁਰ ਪੁਲਸ ਨੂੰ ਇਸ ਦੀ ਸੂਚਨਾ ਮਿਲੀ ਤਾਂ ਉਹ ਹੈਰਾਨ ਰਹਿ ਗਏ। ਪੁਲਸ ਨੇ ਤੁਰੰਤ ਹਸਪਤਾਲ ਪਹੁੰਚ ਕੇ ਕੁੜੀ ਦੇ ਬਿਆਨ ਲਏ। ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਕੁੜੀ ਨੇ ਦੱਸਿਆ ਕਿ ਪਿੰਡ ਦੇ ਇਕ ਮੁੰਡੇ ਜਤਿੰਦਰ ਗੁਪਤਾ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਉਸ ਦੇ ਗਰਭਵਤੀ ਹੋਣ ਬਾਰੇ ਪਰਿਵਾਰ ਵਾਲਿਆਂ ਨੂੰ ਪਤਾ ਨਹੀਂ ਸੀ। ਪੁੱਛਣ 'ਤੇ ਲੜਕੀ ਨੇ ਡਰ ਕਾਰਨ ਕਦੇ ਵੀ ਬਲਾਤਕਾਰ ਬਾਰੇ ਕੁਝ ਨਹੀਂ ਦੱਸਿਆ। ਫਿਲਹਾਲ ਬੱਚੀ ਨੂੰ ਜਨਮ ਦੇਣ ਵਾਲੀ ਨਾਬਾਲਗ ਕੁੜੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ ਪਰ ਕੁੜੀ ਦੇ ਪਰਿਵਾਰ ਵਾਲਿਆਂ ਨੇ ਨਵਜੰਮੇ ਬੱਚੇ ਨੂੰ ਆਪਣੇ ਕੋਲ ਰੱਖਣ ਤੋਂ ਇਨਕਾਰ ਕਰ ਦਿੱਤਾ ਹੈ। ਅਜਿਹੇ 'ਚ ਨਵਜੰਮੀ ਬੱਚੀ ਨੂੰ ਬਾਲ ਸੰਭਾਲ ਦੇ ਹਵਾਲੇ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਕੁੜੀ ਦੇ ਪਰਿਵਾਰ ਵਾਲਿਆਂ ਦੀ ਸਿ?ਕਾਇਤ 'ਤੇ ਦਿਓਰੀਆ ਪੁਲਸ ਨੇ 24 ਅਗਸਤ ਦੀ ਦੇਰ ਸਾਮ ਦੋਸੀ ਨੌਜਵਾਨ ਖਿ?ਲਾਫ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਅਗਲੇ ਦਿਨ 25 ਅਗਸਤ ਨੂੰ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਦੋਸ ਹੈ ਕਿ ਇਸ ਨੌਜਵਾਨ ਨੇ ਲੜਕੀ ਨਾਲ ਬਲਾਤਕਾਰ ਕੀਤਾ, ਜਿਸ ਕਾਰਨ ਉਹ ਗਰਭਵਤੀ ਹੋ ਗਈ। ਦੋਸੀ ਨੌਜਵਾਨ ਲੜਕੀ ਦੇ ਪਿੰਡ ਦਾ ਹੀ ਰਹਿਣ ਵਾਲਾ ਹੈ। ਪੀੜਤ ਪਰਿਵਾਰ ਬਹੁਤ ਗਰੀਬ ਹੈ ਅਤੇ ਮਜਦੂਰੀ ਕਰ ਕੇ ਗੁਜਾਰਾ ਕਰਦਾ ਹੈ। ਇਸ ਮਾਮਲੇ ਸਬੰਧੀ ਥਾਣਾ ਬਰਿਆਪੁਰ ਦੇ ਇੰਚਾਰਜ ਡਾ: ਮਹਿੰਦਰ ਕੁਮਾਰ ਨੇ ਦੱਸਿਆ ਕਿ ਸਿ?ਕਾਇਤ ਮਿਲਦੇ ਹੀ ਬਿਨਾਂ ਕਿਸੇ ਦੇਰੀ ਦੇ ਮੁਲਜਮਾਂ ਖਿ?ਲਾਫ ਧਾਰਾ 376,5 (ਜੇ)(2)/ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਐਕਟ ਮਾਮਲੇ ਸਬੰਧੀ ਅਗਾਊਂ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।



# ਪੰਜਾਬੀ ਨੌਜਵਾਨ ਦੀ ਕੈਨੇਡਾ 'ਚ ਮੌਤ ! ਰੋਜੀ-ਰੋਟੀ ਕਮਾਉਣ ਜਾਂਦੇ ਨਾਲ ਵਾਪਰ ਗਿਆ ਭਾਣਾ

ਸਮਾਣਾ 29 ਅਗਸਤ। ਕੈਨੇਡਾ ਦੇ ਸੂਬੇ ਓਂਟਾਰਿਓ ਦੇ ਸਹਿਰ ਕਿਚਨਰ ਵਿਚ ਵਾਪਰੇ ਇਕ ਸੜਕ ਹਾਦਸੇ ਵਿਚ ਸਮਾਣਾ (ਪਟਿਆਲਾ) ਦੇ ਨੌਜਵਾਨ ਕੰਵਰਪਾਲ ਸਿੰਘ (20) ਦੀ ਮੌਤ ਹੋ ਗਈ ਹੈ। ਨੌਜਵਾਨ ਦੋ ਸਾਲ ਪਹਿਲਾਂ ਪੜ੍ਹਾਈ ਕਰਨ ਲਈ ਕੈਨੇਡਾ ਗਿਆ ਸੀ। ਉਸ ਦੀ ਮੌਤ ਦੀ ਖਬਰ ਸੁਣਦੇ ਹੀ ਕਾਹਨਗੜ੍ਹ ਸੜਕ ਸਮਾਣਾ 'ਤੇ ਸਥਿਤ ਫਾਰਮ ਹਾਊਸ ਵਿਚ ਰਹਿਣ ਵਾਲੇ ਉਸ ਦੇ ਪਿਤਾ ਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸਨ ਦੇ ਡਰਾਈਵਰ ਗੁਰਜੀਤ ਸਿੰਘ ਅਤੇ ਅਧਿਆਪਕ ਮਾਂ ਜਸਬੀਰ ਕੌਰ ਸਣੇ ਪਰਿਵਾਰ ਦੇ ਮੈਂਬਰਾਂ ਨੂੰ ਡੂੰਘਾ ਸਦਮਾ ਪਹੁੰਚਿਆ ਹੈ। ਮ੍ਰਿਤਕ ਨੌਜਵਾਨ ਕੰਵਰਪਾਲ ਸਿੰਘ ਦੇ ਪਿਤਾ ਗੁਰਜੀਤ ਸਿੰਘ ਨੇ ਦੱਸਿਆ ਕਿ ਕੰਵਰਪਾਲ ਸਿੰਘ 25 ਅਗਸਤ 2022 ਨੂੰ ਪੜ੍ਹਾਈ ਕਰਨ ਲਈ ਕੈਨੇਡਾ ਗਿਆ ਸੀ। ਪੂਰੇ ਦੋ ਸਾਲ ਬਾਅਦ 25 ਅਗਸਤ ਦੀ ਰਾਤ ਨੂੰ ਉਸ ਦੀ ਮੌਤ ਦੀ ਮਨਹੂਸ ਖਬਰ ਮਿਲੀ ਹੈ। ਉਸ ਨੇ ਦੱਸਿਆ ਕਿ ਉਸ ਦਾ ਕੋਰਸ ਪੂਰਾ ਹੋ ਚੁੱਕਾ ਸੀ। ਉਸ ਨੂੰ ਕੰਮ ਦਾ ਪਰਮਿਟ ਮਿਲਿਆ ਹੋਇਆ ਸੀ। ਉਹ ਗੱਡੀਆਂ ਦਾ ਸੁਲਝਿਆ ਮਕੈਨਿਕ ਸੀ। ਉਹ ਬੀਤੇ 20 ਅਗਸਤ ਨੂੰ ਰੋਜਾਨਾ ਦੀ ਤਰ੍ਹਾਂ ਆਪਣੀ ਗੱਡੀ 'ਤੇ ਕੰਮ ਲਈ ਘਰੋਂ ਨਿਕਲਿਆ ਸੀ। ਕੁਝ ਦੂਰੀ 'ਤੇ ਤੇਜ ਰਫਤਾਰ ਟਰਾਲੇ ਨੇ ਉਸ ਦੀ ਗੱਡੀ ਵਿਚ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਉਹ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਸਾਰੇ ਆਪ੍ਰੇਸਨ ਕਾਮਯਾਬ ਹੋਣ ਮਗਰੋਂ ਉਸ ਦੀ ਸਿਹਤ ਵਿਚ ਸੁਧਾਰ ਹੋ ਰਿਹਾ ਸੀ ਪਰ ਬੀਤੇ ਦਿਨ ਅਚਾਨਕ ਉਸ ਦੀ ਮੌਤ ਹੋ ਗਈ ਹੈ। ਪਰਿਵਾਰ ਨਾਲ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਜਿਉਂਦੇ ਲੋਕਾਂ ਨੂੰ ਮਰਿਆ ਦਿਖਾ ਕੇ ਬੀਮਾ ਕੰਪਨੀ ਤੋਂ 5.68 ਕਰੋੜ ਦਾ ਕਲੇਮ ਵਸੂਲਿਆ

**ਏਜੰਸੀਆਂ**

ਫ਼ਿਰੋਜਪੁਰ 29 ਅਗਸਤ। ਜਿ?ਦਾ ਲੋਕਾਂ ਨੂੰ ਜਾਅਲੀ ਦਸਤਾਵੇਜਾਂ 'ਤੇ ਮ੍ਰਿਤਕ ਦਿਖਾ ਕੇ ਬੀਮਾ ਕੰਪਨੀ ਤੋਂ 5.68 ਕਰੋੜ ਰੁਪਏ ਕਲੇਮ ਦੇ ਰੂਪ 'ਚ ਹੜੱਪਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਪੰਜਾਬ ਦੇ ਵੱਖ-ਵੱਖ ਜਿ?ਲ੍ਹਿਆਂ ਤੋਂ 10 ਔਰਤਾਂ ਸਮੇਤ 16 ਮੁਲਜਮਾਂ ਨੂੰ ਨਾਮਜਦ ਕੀਤਾ ਹੈ। ਮੁਲਜਮਾਂ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਵਿੱਚ ਆਪਣੇ ਖਾਤੇ ਖੋਲ੍ਹ ਕੇ ਅਤੇ ਮੁੰਬਈ ਲਾਈਫ ਇੰਸੋਰੈਂਸ ਕੰਪਨੀ ਦੇ ਪਾਲਿਸੀ ਧਾਰਕਾਂ ਨੂੰ ਕਾਗਜਾਂ 'ਤੇ ਮਰਿਆ ਹੋਇਆ ਦਿਖਾ ਕੇ ਧੋਖਾਧੜੀ ਕੀਤੀ ਹੈ। ਥਾਣਾ ਮੱਲਾਂਵਾਲਾ ਦੀ ਪੁਲਸ ਨੇ ਫਾਈਨਾਂਸ ਕੰਪਨੀ ਦੀ ਸਿ?ਕਾਇਤ ਦੇ ਆਧਾਰ 'ਤੇ 16 ਮੁਲਜਮਾਂ ਖਿ?ਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਜਾਂਚ ਅਧਿਕਾਰੀ ਏ. ਐੱਸ. ਆਈ. ਦਰਸਨ ਸਿੰਘ ਨੇ ਦੱਸਿਆ ਕਿ ਕੰਪਨੀ ਅਧਿਕਾਰੀ ਯਗੇਸ ਜਾਗਰਵਾਲ ਵਾਸੀ ਮੁੰਬਈ ਦੀ ਸਿ?ਕਾਇਤ ਮਿਲੀ ਹੈ। ਜਾਗਰਵਾਲ ਨੇ ਦੱਸਿਆ ਕਿ ਉਨ੍ਹਾਂ ਦੀ ਭਾਰਤੀ ਐਕਸਾ ਜੀਵਨ ਬੀਮਾ ਕੰਪਨੀ ਲਿਮਿਟੇਡ, ਜੋ ਲੋਕਾਂ ਦੀਆਂ ਜੀਵਨ ਬੀਮਾ ਪਾਲਿਸੀਆਂ ਕਰਕੇ ਉਨ੍ਹਾਂ ਦੀਆਂ ਜੀਵਨ ਬੀਮਾ ਲੈਂਦੀ ਸੀ ਅਤੇ ਉਨ੍ਹਾਂ ਦੇ ਕਿਸ਼ਤਾਂ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਿਟਿਡ ਵਿੱਚ ਜਮ੍ਹਾ ਕਰਦੀ ਸੀ। 1 ਜਨਵਰੀ, 2015 ਤੋਂ 1 ਅਪ੍ਰੈਲ, 2023 ਤੱਕ, ਵੱਖ-ਵੱਖ ਲੋਕਾਂ ਨੇ ਜੀਵਨ ਬੀਮਾ ਫਾਈਨਾਂਸ ਕੰਪਨੀ ਵਿੱਚ ਪੈਸੇ ਜਮ੍ਹਾ ਕਰਵਾਏ ਸਨ। ਕੰਪਨੀ ਅਧਿਕਾਰੀ ਨੇ ਸਿ?ਕਾਇਤ ਵਿੱਚ ਦੱਸਿਆ ਕਿ 8 ਸਾਲ ਦੇ ਅਰਸੇ ਦੌਰਾਨ ਹਰਪ੍ਰੀਤ ਸਿੰਘ ਵਾਸੀ ਕਸਬਾ ਪੱਟੀ ਜਿ?ਲ੍ਹਾ ਤਰਨਤਾਰਨ, ਮਨਜੀਤ ਸਿੰਘ ਵਾਸੀ ਪਿੰਡ ਅਲਾਦੀਨਪੁਰ ਜਿ?ਲ੍ਹਾ ਤਰਨਤਾਰਨ, ਜਸਵੀਰ ਕੌਰ ਵਾਸੀ ਪਿੰਡ ਫਤਿਹਗੜ੍ਹ ਸਭਰਾ ਜਿ?ਲ੍ਹਾ ਫਿ?ਰੋਜਪੁਰ, ਅਦਿੱਤਿਆ ਅਰੋੜਾ ਵਾਸੀ ਪ੍ਰਤਾਪ ਨਗਰ ਬਠਿੰਡਾ, ਮਮਤਾ ਵਾਸੀ ਬੰਦੀ ਨਗਰ ਮੱਖੂ ਜਿ?ਲ੍ਹਾ ਫਿ?ਰੋਜਪੁਰ ਆਦਿ ਨੇ ਕੈਪੀਟਲ ਫਾਈਨਾਂਸ ਸਮਾਲ ਫਾਈਨਾਂਸ ਬੈਂਕ ਵਿੱਚ ਆਪਣੇ ਖਾਤੇ ਖੋਲ੍ਹੇ ਹੋਏ ਹਨ। ਮੁਲਜਮਾਂ ਨੇ ਫਾਈਨਾਂਸ ਕੰਪਨੀ ਦੇ ਵੱਖ-ਵੱਖ ਲਿਵਿੰਗ ਪਾਲਿਸੀ ਧਾਰਕਾਂ ਦੇ ਜਾਅਲੀ ਦਸਤਾਵੇਜ ਤਿਆਰ ਕੀਤੇ ਅਤੇ ਫਿਰ ਉਨ੍ਹਾਂ ਨੂੰ ਮ੍ਰਿਤਕ ਦਿਖਾ ਕੇ ਬੀਮਾ ਕੰਪਨੀ ਨਾਲ 5 ਕਰੋੜ 68 ਲੱਖ ਰੁਪਏ ਦੀ ਠੱਗੀ ਮਾਰੀ। ਇੱਥੇ ਏ.ਐੱਸ.ਆਈ ਦਰਸਨ ਸਿੰਘ ਨੇ ਦੱਸਿਆ ਕਿ ਸਿ?ਕਾਇਤ ਦੀ ਪੜਤਾਲ ਕਰਕੇ ਸਾਰੇ ਮੁਲਜਮਾਂ ਖਿ?ਲਾਫ ਧੋਖਾਧੜੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਜੇਕਰ ਜਾਂਚ ਦੌਰਾਨ ਲਾਈਫ ਇੰਸੋਰੈਂਸ ਕੰਪਨੀ ਜਾਂ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਮਾਮਲੇ ਵਿੱਚ ਸਾਮਲ ਪਾਇਆ ਗਿਆ ਤਾਂ ਉਸ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ।





# ਜਬਰ ਜਿਨਾਹ ਪੀੜਤਾ ਨੂੰ 7 ਸਾਲ ਬਾਅਦ ਮਿਲਿਆ ਇਨਸਾਫ, ਦੋਸ਼ੀ ਨੂੰ ਹੋਈ 20 ਸਾਲ ਦੀ ਸਜਾ

ਬਹਿਰਾਈਚ 29 ਅਗਸਤ। ਉੱਤਰ ਪ੍ਰਦੇਸ਼ ਦੇ ਬਹਿਰਾਈਚ ਜਿ?ਲ੍ਹੇ ਦੀ ਵਿਸ਼ੇਸ਼ ਪੋਕਸੋ ਅਦਾਲਤ ਨੇ ਕਰੀਬ 7 ਸਾਲ ਪਹਿਲੇ 16 ਸਾਲਾ ਨਾਬਾਲਗ ਨਾਲ ਜਬਰ ਜਿ?ਨਾਹ ਕਰਨ ਦੇ ਦੋਸ਼ੀ ਵਿਅਕਤੀ ਨੂੰ 20 ਸਾਲ ਕੈਦ ਦੀ ਸਜਾ ਸੁਣਾਈ ਅਤੇ ਉਸ 'ਤੇ 70 ਹਜਾਰ ਰੁਪਏ ਦਾ ਜੁਰਮਾਨਾ ਲਗਾਇਆ ਹੈ। ਵਿਸ਼ੇਸ਼ ਜਿ?ਲ੍ਹਾ ਸਰਕਾਰੀ ਐਡਵੋਕੇਟ (ਪੋਕਸੋ) ਸੰਤ ਪ੍ਰਤਾਪ ਸਿੰਘ ਨੇ ਬੁੱਧਵਾਰ ਨੂੰ ਦੱਸਿਆ ਕਿ ਸੁਜੌਲੀ ਥਾਣਾ ਖੇਤਰ 'ਚ ਇਕ ਵਿਅਕਤੀ ਨੇ ਸ਼ਾਮ ਸੁੰਦਰ ਖਿ?ਲਾਫ 26 ਨਵੰਬਰ 2017 ਨੂੰ ਆਪਣੀ 16 ਸਾਲਾ ਨਾਬਾਲਗ ਧੀ ਨੂੰ ਅਗਵਾ ਕਰ ਕੇ ਉਸ ਨਾਲ ਜਬਰ ਜਿ?ਨਾਹ ਕਰਨ ਦਾ ਦੋਸ਼ ਲਗਾਇਆ ਸੀ। ਸੁਜੌਲੀ ਥਾਣੇ ਦੀ ਪੁਲਸ ਨੇ 11 ਦਸੰਬਰ 2017 ਨੂੰ ਪੀੜਤਾ ਦੇ ਪਿਤਾ ਦੀ ਸ਼ਿਕਾਇਤ 'ਤੇ ਆਈ.ਪੀ.ਸੀ. ਦੀ ਧਾਰਾ 120 ਬੀ (ਅਪਰਾਧਕ ਸਾਜਿਸ਼), 363 (ਅਗਵਾ), 366 (ਨਾਬਾਲਗ ਨਾਲ ਜਬਰ ਜਿ?ਨਾਹ ਅਤੇ ਵਿਆਹ ਲਈ ਦਬਾਅ ਬਣਾਉਣਾ) ਅਤੇ ਪੋਕਸੋ ਐਕਟ ਦੀਆਂ ਧਾਰਾਵਾਂ ਦੇ ਅਧੀਨ ਦੋਸ਼ੀ ਖਿ?ਲਾਫ ਐੱਫ.ਆਈ.ਆਰ. ਦਰਜ ਕੀਤੀ ਸੀ। ਉਨ੍ਹਾਂ ਦੱਸਿਆ ਕਿ ਮੰਗਲਵਾਰ ਨੂੰ ਵਿਸ਼ੇਸ਼ ਐਡੀਸ਼ਨਲ ਸੈਸ਼ਨ ਜੱਜ (ਪੋਕਸੋ) ਦੀਪਕਾਂਤ ਮਣੀ ਨੇ ਆਰੋਪੀ ਸ਼ਾਮ ਸੁੰਦਰ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਸ ਨੂੰ 20 ਸਾਲ ਕੈਦ ਦੀ ਸਜਾ ਸੁਣਾਈ ਅਤੇ ਉਸ 'ਤੇ 70 ਹਜਾਰ ਰੁਪਏ ਦਾ ਜੁਰਮਾਨਾ ਲਗਾਇਆ। ਅਦਾਲਤ ਨੇ ਜੁਰਮਾਨੇ ਦੀ ਪੂਰੀ ਧਨ ਰਾਸ਼ੀ ਪੀੜਤਾ ਨੂੰ ਦੇਣ ਦਾ ਆਦੇਸ਼ ਦਿੱਤਾ ਹੈ।